Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa

Punjab Mail USA




Vol. 19, Issue- 878, 30 Oct. to 07 Nov. , 2025, Ph: 916-320-9444, E-mail: punjabmailusa@yahoo.com, Web: punjabmailusa.com

## ਹਰਮੀਤ ਢਿੱਲੋਂ ਵੱਲੋਂ ਟਰੱਕ ਹਾਦਸਿਆਂ ਤੋਂ ਬਾਅਦ ਸਿੱਖਾਂ ਵਿਰੁੱਧ ਵਧ ਰਹੇ ਪੱਖਪਾਤ ਦੀ ਨਿੰਦਾ



■ ਕਿਹਾ: ਹਾਦਸਿਆਂ ਨੂੰ ਸਿੱਖ ਅਤੇ ਭਾਰਤੀ-ਅਮਰੀਕੀ ਡਰਾਈਵਰਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਵਰਤਿਆ ਜਾ ਰਿਹੈ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਹਾਲ ਹੀ ਵਿਚ ਹੋਏ ਦੋ ਸੜਕ ਹਾਦਸਿਆਂ 'ਚ ਗੈਰ-ਕਾਨੂੰਨੀ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਦੀ ਸ਼ਮੂਲੀਅਤ ਤੋਂ ਬਾਅਦ, ਸਿੱਖ ਅਤੇ ਭਾਰਤੀ ਮੂਲ ਦੇ ਟਰੱਕ ਡਰਾਈਵਰਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਦੇ ਮਾਮਲੇ ਵਧਣੇ ਸ਼ੁਰੂ ਹੋ ਗਏ ਹਨ। ਅਮਰੀਕੀ ਸਹਾਇਕ ਅਟਾਰਨੀ ਜਨਰਲ ਫਾਰ ਸਿਵਲ ਰਾਈਟਸ ਹਰਮੀਤ ਕੌਰ ਢਿੱਲੋਂ ਨੇ ਇਸਦਾ ਸਖ਼ਤ ਵਿਰੋਧ ਕੀਤਾ ਹੈ।

ਢਿੱਲੋਂ ਨੇ ਕਿਹਾ, "ਕੁਝ ਲੋਕ ਇਨ੍ਹਾਂ ਹਾਦਸਿਆਂ ਨੂੰ ਸਿੱਖ ਅਤੇ ਭਾਰਤੀ-ਅਮਰੀਕੀ ਡਰਾਈਵਰਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਵਰਤ ਰਹੇ ਹਨ, ਜੋ ਅਮਰੀਕਾ ਦੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਅਤੇ ਮਿਹਨਤੀ ਨਾਗਰਿਕ ਹਨ। ਇਹ ਗਲਤ ਹੈ।" ਉਨ੍ਹਾਂ ਕਿਹਾ ਕਿ ਜ਼ਿਆਦਾਤਰ ਭਾਰਤੀ ਅਤੇ ਸਿੱਖ ਟਰੱਕ ਡਰਾਈਵਰ ਮਿਹਨਤੀ, ਇਮਾਨਦਾਰ ਅਤੇ ਦੇਸ਼ ਭਗਤ ਲੋਕ ਹਨ, ਜੋ ਜਾਂ ਤਾਂ ਕਾਨੂੰਨੀ ਤੌਰ 'ਤੇ ਅਮਰੀਕਾ ਆਏ ਸਨ ਜਾਂ ਇੱਥੇ ਪੈਦਾ ਹੋਏ।

ਸਤੰਬਰ ਵਿਚ, ਫਲੋਰੀਡਾ ਵਿਚ ਇੱਕ ਟਰੱਕ ਅਤੇ ਇੱਕ ਮਿਨੀਵੈਨ ਦੀ ਟੱਕਰ ਹੋ ਗਈ ਸੀ, ਜਿਸ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਡਰਾਈਵਰ ਹਰਜਿੰਦਰ ਸਿੰਘ, 2018 ਵਿਚ ਮੈਕਸੀਕੋ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਇਆ ਸੀ। ਇਸ ਮਹੀਨੇ ਦੇ ਸ਼ੁਰੂ ਵਿਚ, 21 ਸਾਲਾ ਜਸ਼ਨਪ੍ਰੀਤ ਸਿੰਘ ਦਾ ਟਰੱਕ ਕੈਲੀਫੋਰਨੀਆ ਦੇ ਓਨਟਾਰੀਓ ਵਿਚ ਇੱਕ ਐੱਸ.ਯੂ.ਵੀ. ਨਾਲ ਟਕਰਾ ਗਿਆ ਸੀ, ਜਿਸ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ ਅਤੇ ਚਾਰ ਜ਼ਖਮੀ ਹੋ ਗਏ ਸਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਉਹ 2022 ਵਿਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਇਆ ਸੀ। ਇਨ੍ਹਾਂ ਘਟਨਾਵਾਂ ਤੋਂ ਬਾਅਦ, ਸੋਸ਼ਲ ਮੀਡੀਆ 'ਤੇ ਬਹੁਤ ਸਾਰੇ ਲੋਕਾਂ ਨੇ ਸਿੱਖ ਟਰੱਕ ਡਰਾਈਵਰਾਂ ਵਿਰੁੱਧ ਟਿੱਪਣੀਆਂ ਕੀਤੀਆਂ, ਜਿਸ 'ਤੇ ਹਰਮੀਤ ਢਿੱਲੋਂ ਨੇ ਕਿਹਾ ਕਿ ਗੁੱਸਾ ਗਲਤ ਦਿਸ਼ਾ ਵਿਚ ਨਹੀਂ ਜਾਣਾ ਚਾਹੀਦਾ।

■ ਬਾਕੀ ਖਬਰ ਸਫਾ 13 'ਤੇ

## ਬਗਦਾਦ 'ਚ ਬਾਬਾ ਨਾਨਕ ਦੇ ਅਸਥਾਨ ਦੀ ਉਸਾਰੀ ਲਈ ਜੱਦੋ-ਜਹਿਦ ਸ਼ੁਰੂ

■ ਸਥਾਨਕ ਆਗੂਆਂ ਨੂੰ ਅਸਥਾਨ ਦੀ ਮਹੱਤਤਾ ਬਾਰੇ ਦਿੱਤੀ ਜਾਣਕਾਰੀ






**ਸੈਕਰਾਮੈਂਟੋ, (ਪੰਜਾਬ ਮੇਲ)**- ਬਾਬਾ ਨਾਨਕ ਨੇ ਆਪਣੇ ਜੀਵਨ ਦੌਰਾਨ ਬਹੁਤ ਸਾਰੀਆਂ ਉਦਾਸੀਆਂ ਕੀਤੀਆਂ ਸਨ। ਇਸ ਦੌਰਾਨ ਉਹ ਇਰਾਕ ਦੇ ਸ਼ਹਿਰ ਬਗਦਾਦ ਵੀ ਪਹੁੰਚੇ ਸਨ। ਪਰ ਹਾਲੇ ਤੱਕ ਉਸ ਥਾਂ ਨੂੰ ਸਥਾਨਕ ਸਰਕਾਰ ਵੱਲੋਂ ਕੋਈ ਜ਼ਿਆਦਾ ਮਾਨਤਾ ਨਹੀਂ ਦਿੱਤੀ ਗਈ ਸੀ। ਇਸ ਨੂੰ ਮੱਦੇਨਜ਼ਰ ਰੱਖਦਿਆਂ ਅਮਰੀਕਾ ਦੀਆਂ ਕੁੱਝ ਸ਼ਖਸੀਅਤਾਂ ਸਰਗਰਮ ਹੋਈਆਂ ਹਨ। ਉਨ੍ਹਾਂ ਨੇ ਉਥੇ ਜਾ ਕੇ ਵੱਖ-ਵੱਖ ਸਥਾਨਕ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਹਨ ਅਤੇ ਉਨ੍ਹਾਂ ਨੂੰ ਇਸ ਅਸਥਾਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਇਨ੍ਹਾਂ ਸ਼ਖਸੀਅਤਾਂ ਵਿਚ ਪ੍ਰਮੁੱਖ ਹਨ ਹਰਜੀਤ ਸਿੰਘ ਸੋਢੀ, ਗੁਰਵਿੰਦਰ ਸਿੰਘ ਭਿੰਦਾ ਅਤੇ ਮਨਜੀਤ ਸਿੰਘ ਸ਼ਾਹੀ। ਇਨ੍ਹਾਂ ਆਗੂਆਂ ਨੇ ਪੰਜਾਬ ਮੇਲ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਅਸਥਾਨ ਦੀ ਉਸਾਰੀ ਲਈ ਜੱਦੋ-ਜਹਿਦ ਸ਼ੁਰੂ ਕੀਤੀ ਗਈ ਹੈ। ਸਥਾਨਕ ਆਗੂਆਂ ਨਾਲ ਕੀਤੀਆਂ ਮੀਟਿੰਗਾਂ ਦੇ ਸਾਰਥਿਕ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਮੇਂ 'ਤੇ ਹੋਈਆਂ ਮੀਟਿੰਗਾਂ ਦੌਰਾਨ ਉਥੇ ਦੇ ਆਗੂਆਂ ਨੂੰ ਉਸ ਅਸਥਾਨ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਆਗੂਆਂ ਨੇ ਸਾਨੂੰ ਭਰੋਸਾ ਦਿੱਤਾ ਹੈ ਕਿ ਇਸ ਬਾਰੇ ਉੱਚ ਪੱਧਰ 'ਤੇ ਵਿਚਾਰਿਆ ਜਾਵੇਗਾ। ਉਨ੍ਹਾਂ ਅਮਰੀਕਾ ਤੋਂ ਗਏ ਇਸ ਡੈਲੀਗੇਟ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ। ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਇਨ੍ਹਾਂ ਆਗੂਆਂ ਨੇ ਤਸੱਲੀ ਪ੍ਰਗਟ ਕੀਤੀ ਹੈ ਕਿ ਆਉਣ ਵਾਲਾ ਸਮਾਂ ਕੋਈ ਸਾਰਥਿਕ ਨਤੀਜੇ ਲੈ ਕੇ ਸਾਹਮਣੇ ਆਵੇਗਾ।

## ਇੰਟਰਫੇਥ ਕਾਊਂਸਲ ਆਫ ਗਰੇਟਰ ਸੈਕਰਾਮੈਂਟੋ ਦੀ ਅਹਿਮ ਮੀਟਿੰਗ ਗੁਰਜਤਿੰਦਰ ਰੰਧਾਵਾ ਦੇ ਗ੍ਰਹਿ ਵਿਖੇ ਹੋਈ

■ ਸਮੂਹ ਧਰਮਾਂ ਦੇ ਆਗੂ ਇਸ ਮੀਟਿੰਗ ਵਿਚ ਹੋਏ ਸ਼ਾਮਲ



**ਸੈਕਰਾਮੈਂਟੋ, (ਪੰਜਾਬ ਮੇਲ)**- ਇੰਟਰਫੇਥ ਕਾਊਂਸਲ ਆਫ ਗਰੇਟਰ ਸੈਕਰਾਮੈਂਟੋ ਦੀ ਇਕ ਅਹਿਮ ਮੀਟਿੰਗ ਹੋਈ। ਇਹ ਮੀਟਿੰਗ ਬੋਰਡ ਦੇ ਡਾਇਰੈਕਟਰ ਗੁਰਜਤਿੰਦਰ ਸਿੰਘ ਰੰਧਾਵਾ ਦੇ ਗ੍ਰਹਿ ਵਿਖੇ ਹੋਈ। ਇਸ ਦੌਰਾਨ ਬਹੁਤ ਸਾਰੇ ਅਹਿਮ ਮੁੱਦੇ ਵਿਚਾਰੇ ਗਏ। ਸਮੂਹ ਧਰਮਾਂ ਦੇ ਆਗੂ ਇਸ ਵਿਚ ਸ਼ਾਮਲ ਹੋਏ। ਇਸ ਦੌਰਾਨ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਿੱਖ ਧਰਮ ਬਾਰੇ ਆਏ ਹੋਏ ਅਹੁਦੇਦਾਰਾਂ ਨੂੰ ਵਿਸਥਾਰ ਨਾਲ ਦੱਸਿਆ। ਜਿੱਥੇ ਉਨ੍ਹਾਂ ਨੇ ਸਿੱਖ ਧਰਮ ਬਾਰੇ ਦੱਸਿਆ, ਉਥੇ ਉਨ੍ਹਾਂ ਨੂੰ ਸਿੱਖਾਂ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੰਸਥਾ ਦੀ ਵੈੱਬਸਾਈਟ ਲਈ ਇਕ ਗਰੁੱਪ ਤਸਵੀਰ ਵੀ ਲਈ ਗਈ। ਆਏ ਹੋਏ ਸਮੂਹ ਧਰਮਾਂ ਦੇ ਮੈਂਬਰਾਂ ਨੇ ਪੰਜਾਬੀ ਖਾਣੇ ਦਾ ਲੁਤਫ਼ ਉਠਾਇਆ ਅਤੇ ਖਾਣੇ ਦੀ ਭਰਪੂਰ ਪ੍ਰਸ਼ੰਸਾ ਕੀਤੀ।

## 2 ਨਵੰਬਰ ਨੂੰ ਅਮਰੀਕੀ ਸਮੇਂ 'ਚ ਹੋਵੇਗੀ ਤਬਦੀਲੀ, 1 ਘੰਟਾ ਪਿੱਛੇ ਹੋਣਗੀਆਂ ਘੜੀਆਂ



**ਸੈਕਰਾਮੈਂਟੋ, (ਪੰਜਾਬ ਮੇਲ)**- ਅਮਰੀਕਾ 'ਚ ਨਵੰਬਰ ਮਹੀਨੇ ਦੀ 2 ਤਰੀਕ ਨੂੰ ਸਮੇਂ 'ਚ ਤਬਦੀਲੀ ਕੀਤੀ ਜਾ ਰਹੀ ਹੈ। ਇਸ ਦੌਰਾਨ ਘੜੀਆਂ ਦਾ ਸਮਾਂ ਇਕ ਘੰਟਾ ਪਿੱਛੇ ਹੋ ਜਾਵੇਗਾ। ਇਹ ਸਮਾਂ 1 ਤੇ 2 ਨਵੰਬਰ ਦੀ ਵਿਚਕਾਰਲੀ ਰਾਤ ਨੂੰ ਸਵੇਰੇ 2 ਵਜੇ ਬਦਲੇਗਾ। ਅਮਰੀਕਾ, ਕੈਨੇਡਾ ਦੀਆਂ ਬਹੁਤੀਆਂ ਸਟੇਟਾਂ ਵਿਚ ਸਾਲ ਵਿਚ ਦੋ ਵਾਰੀ ਘੜੀਆਂ ਦੇ ਸਮੇਂ ਵਿਚ ਤਬਦੀਲੀ ਕੀਤੀ ਜਾਂਦੀ ਹੈ। ਪਹਿਲਾਂ ਮਾਰਚ ਦੇ ਦੂਸਰੇ ਐਤਵਾਰ ਨੂੰ ਘੜੀਆਂ ਦੀਆਂ ਸੂਈਆਂ 1 ਘੰਟੇ ਅੱਗੇ ਕਰਨੀਆਂ ਪੈਂਦੀਆਂ ਹਨ। ਜਦਕਿ ਨਵੰਬਰ ਦੇ ਪਹਿਲੇ ਐਤਵਾਰ ਨੂੰ ਦੂਜੀ ਵਾਰ ਸਮੇਂ ਵਿਚ ਤਬਦੀਲੀ ਹੁੰਦੀ ਹੈ। ਇਸ ਮੌਕੇ ਘੜੀਆਂ ਦੀਆਂ ਸੂਈਆਂ ਇਕ ਘੰਟਾ ਪਿੱਛੇ ਕਰਨੀ ਪੈਂਦੀਆਂ ਹਨ। ਸੋ ਇਸ ਵਾਰ 2 ਨਵੰਬਰ, ਦਿਨ ਐਤਵਾਰ ਨੂੰ ਸਮੇਂ ਵਿਚ ਤਬਦੀਲੀ ਹੋਵੇਗੀ। ਉਸ ਦਿਨ ਸਮੂਹ ਅਮਰੀਕਾ ਨਿਵਾਸੀਆਂ ਨੂੰ ਆਪਣੀਆਂ ਘੜੀਆਂ ਦੀਆਂ ਸੂਈਆਂ ਇੱਕ ਘੰਟਾ ਪਿੱਛੇ ਕਰਨੀਆਂ ਪੈਣਗੀਆਂ। ਇਸ ਦਾ ਮਤਲਬ ਹੈ ਕਿ ਜੇਕਰ ਤੁਹਾਡੀ ਘੜੀ ਵਿਚ ਤੜਕੇ ਸਵੇਰ ਦੇ 5 ਵੱਜੇ ਹੋਏ ਹਨ, ਤਾਂ ਉਸ ਨੂੰ 1 ਘੰਟੇ ਦਾ ਸਮਾਂ ਪਿੱਛੇ ਕਰਕੇ 4 ਵਜੇ ਸੈੱਟ ਕਰਨਾ ਪਵੇਗਾ।

## ਸ਼ਿਕਾਗੋ ਤੋਂ ਉਡਾਣ ਦੌਰਾਨ ਭਾਰਤੀ ਵੱਲੋਂ ਯਾਤਰੀਆਂ 'ਤੇ ਹਮਲਾ

**ਬੋਸਟਨ, (ਪੰਜਾਬ ਮੇਲ)**- ਸ਼ਿਕਾਗੋ ਤੋਂ ਫ੍ਰੈਂਕਫਰਟ ਜਾ ਰਹੀ ਲੁਫਥਾਂਸਾ ਦੀ ਉਡਾਣ 'ਚ ਸਵਾਰ ਦੋ ਕਿਸ਼ੋਰ ਯਾਤਰੀਆਂ 'ਤੇ ਹਵਾਈ ਹਮਲੇ ਦੇ ਸਬੰਧ ਵਿਚ ਇੱਕ ਭਾਰਤੀ ਪ੍ਰਣੀਤ ਕੁਮਾਰ 'ਤੇ ਦੋਸ਼ ਲਗਾਇਆ ਗਿਆ ਹੈ, ਜਿਸ ਕਾਰਨ ਜਹਾਜ਼ ਨੂੰ ਬੋਸਟਨ ਭੇਜਿਆ ਗਿਆ ਸੀ।

ਅਧਿਕਾਰੀਆਂ ਨੇ ਕਿਹਾ ਕਿ ਪ੍ਰਣੀਤ ਕੁਮਾਰ ਉਸਰੀਪੱਲੀ ਪਹਿਲਾਂ ਵਿਦਿਆਰਥੀ ਵੀਜ਼ੇ 'ਤੇ ਸੰਯੁਕਤ ਰਾਜ ਅਮਰੀਕਾ ਵਿਚ ਦਾਖਲ ਹੋਇਆ ਸੀ ਅਤੇ ਹਾਲ ਹੀ ਵਿਚ ਬਾਈਬਲ ਅਧਿਐਨ 'ਚ ਮਾਸਟਰ ਪ੍ਰੋਗਰਾਮ ਵਿਚ ਦਾਖਲ ਹੋਇਆ ਸੀ। ਵਰਤਮਾਨ ਵਿਚ ਉਸਦਾ ਦੇਸ਼ ਵਿਚ ਕੋਈ ਕਾਨੂੰਨੀ ਦਰਜਾ ਨਹੀਂ ਹੈ।

ਮੈਸੇਚਿਉਸੇਟਸ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਅਨੁਸਾਰ, 28 ਸਾਲਾ ਪ੍ਰਣੀਤ ਕੁਮਾਰ ਉਸਰੀਪੱਲੀ ਨੂੰ 25 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ 'ਤੇ ਸਰੀਰਕ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਇੱਕ ਖਤਰਨਾਕ ਹਥਿਆਰ ਨਾਲ ਹਮਲੇ ਦੇ ਇੱਕ ਦੋਸ਼ ਵਿਚ ਸੰਘੀ ਅਦਾਲਤ 'ਚ ਦੋਸ਼ ਲਗਾਇਆ ਗਿਆ ਸੀ।

■ ਬਾਕੀ ਖਬਰ ਸਫਾ 13 'ਤੇ

## 2027 'ਚ ਆਵੇਗੀ ਕਾਂਗਰਸ ਦੀ ਸਰਕਾਰ : ਦਾਖਾ



**ਸੈਕਰਾਮੈਂਟੋ, (ਪੰਜਾਬ ਮੇਲ)**- ਪੰਜਾਬ ਦੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਅੱਜਕੱਲ੍ਹ ਕੈਲੀਫੋਰਨੀਆ ਦੌਰੇ 'ਤੇ ਹਨ। ਇਸ ਦੌਰਾਨ ਉਨ੍ਹਾਂ ਲਈ ਸੈਕਰਾਮੈਂਟੋ ਵਿਖੇ ਇਕ ਸਮਾਗਮ ਰੱਖਿਆ ਗਿਆ, ਜਿੱਥੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਹਾਲਾਤ ਬਹੁਤ ਖਰਾਬ ਹਨ। ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਨੌਜਵਾਨਾਂ ਵਿਚ ਬੇਰੁਜ਼ਗਾਰੀ ਹੈ, ਜਿਸ ਕਰਕੇ ਉਹ ਨਸ਼ਿਆਂ ਵੱਲ ਵੱਧ ਰਹੇ ਹਨ। ਪੰਜਾਬ ਵਿਚ ਹੋ ਰਹੇ ਜੁਰਮ ਵੀ ਸਿਖਰ 'ਤੇ ਹਨ। ਕੁੱਲ ਮਿਲਾ ਕੇ ਪੰਜਾਬ ਵਿਚ ਇਸ ਵੇਲੇ ਜੰਗਲ ਦਾ ਰਾਜ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਕਾਂਗਰਸ ਦੀ ਸਰਕਾਰ ਬਣੇਗੀ ਅਤੇ ਇਨ੍ਹਾਂ ਮੁੱਦਿਆਂ ਵੱਲ ਖਾਸ ਧਿਆਨ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ ਗਿੱਲ, ਗੁਰਜਤਿੰਦਰ ਸਿੰਘ ਰੰਧਾਵਾ, ਦਰਸ਼ਨ ਸਿੰਘ ਮੁੰਡੀ, ਦਵਿੰਦਰ ਸਿੰਘ ਢਿੱਲੋਂ, ਚਰਨ ਸਿੰਘ ਗੁਰਮ, ਜਸਮੇਲ ਸਿੰਘ ਗਰੇਵਾਲ, ਪਰਮਜੀਤ ਸਿੰਘ ਸਰਪੰਚ, ਕੁਲਦੀਪ ਸਿੰਘ ਸਰਪੰਚ, ਮੇਜਰ ਸਿੰਘ ਬੋਪਾਰਾਏ ਅਤੇ ਅਵਤਾਰ ਸਿੰਘ ਵੀ ਹਾਜ਼ਰ ਸਨ।

# ਅਮਰੀਕਾ ਦੀ ਸੰਸਥਾ 'ਮਿਸ਼ਨ ਬਾਬਾ ਨਾਨਕ ਬਗਦਾਦ (ਇਰਾਕ)' ਵੱਲੋਂ ਬਗਦਾਦ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਬਣਾਉਣ ਲਈ ਚੱਲ ਰਹੇ ਨੇ ਉਪਰਾਲੇ




## ਮਿਸ਼ਨ ਬਾਬਾ ਨਾਨਕ ਯੂ.ਐੱਸ.ਏ. ਦੇ ਪ੍ਰਧਾਨ ਹਰਜੀਤ ਸਿੰਘ ਸੋਢੀ ਅਤੇ ਗੁਰਦੁਆਰਾ ਗੀਨੋਂ ਦੇ ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਸ਼ਾਹੀ ਬਗਦਾਦ ਵਿਚ ਗੁਰੂ ਨਾਨਕ ਜੀ ਦੀ ਯਾਦਗਾਰ ਬਣਾਉਣ ਵਾਸਤੇ ਯਤਨਸ਼ੀਲ



















**ਗੁਰੂ ਪਿਆਰੀ ਸਾਧ ਸੰਗਤ ਜੀ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

ਦਾਸ ਹਰਜੀਤ ਸਿੰਘ ਸੋਢੀ ਪ੍ਰਧਾਨ ਅਤੇ ਮਨਜੀਤ ਸਿੰਘ ਸ਼ਾਹੀ (ਸਾਬਕਾ ਪ੍ਰਧਾਨ ਗੁਰਦੁਆਰਾ ਗੀਨੋਂ) ਆਪ ਸੰਗਤਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਕਿ ਬਗਦਾਦ (ਇਰਾਕ) ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਉਦਾਸੀ ਕੀਤੀ ਸੀ। ਉਹ ਅਸਥਾਨ ਹਾਲੇ ਵੀ ਉਥੇ ਮੌਜੂਦ ਹੈ, ਜਿਸ ਨੂੰ ਉਸਾਰਨ ਲਈ ਉਥੋਂ ਦੀਆਂ ਜਥੇਬੰਦੀਆਂ ਅਤੇ ਸਰਕਾਰਾਂ ਨਾਲ ਗੱਲਬਾਤ ਸ਼ੁਰੂ ਹੋ ਚੁੱਕੀ ਹੈ। ਇਹ ਸਾਰਾ ਕਾਰਜ ਆਪ ਸਭ ਸੰਗਤਾਂ ਅਤੇ ਗੁਰੂ ਸਾਹਿਬ ਦੀ ਕਿਰਪਾ ਤੋਂ ਬਗੈਰ ਸੰਪੂਰਨ ਨਹੀਂ ਕੀਤਾ ਜਾ ਸਕਦਾ।

ਇਸ ਦੇ ਲਈ ਪਹਿਲੀ ਮੀਟਿੰਗ 30 ਅਗਸਤ, 2025 ਨੂੰ ਬਗਦਾਦ ਵਿਖੇ ਹੋਈ। ਇਹ ਮੀਟਿੰਗ ਸ਼੍ਰੀ ਹਸਨ ਅਬਾਦ ਜੀ ਨੇ ਸ਼ੀਆ ਬੋਰਡ ਦੇ ਚੀਫ Ayatollah Alfaqih Sayed Ismelal Sadan ਨਾਲ ਕਰਵਾਈ। ਇਸ ਮੀਟਿੰਗ ਵਿਚ ਹਸਨ ਅਬਾਦ ਨੇ ਦੁਭਾਸ਼ੀਏ ਦਾ ਰੋਲ ਵੀ ਅਦਾ ਕੀਤਾ, ਜੋ ਕਿ ਅੰਗਰੇਜ਼ੀ ਤੋਂ ਅਰਬ ਵਿਚ ਤਰਜ਼ਮਾ ਕਰਕੇ ਗੱਲਬਾਤ ਕਰਵਾ ਰਹੇ ਸਨ। ਇਸ ਮੀਟਿੰਗ ਦੀ ਕਵਰੇਜ ਬਗਦਾਦ ਦਾ ਮੀਡੀਆ ਵੀ ਕਰ ਰਿਹਾ ਸੀ। ਸ਼ੀਆ ਬੋਰਡ ਦੇ ਚੀਫ ਨਾਲ ਇਹ ਮੀਟਿੰਗ ਸਾਢੇ 3 ਘੰਟੇ ਚੱਲੀ। ਸ. ਹਰਜੀਤ ਸਿੰਘ ਸੋਢੀ ਨੇ ਬਾਦਲੀਲ ਨਾਲ ਗੱਲ ਕੀਤੀ। ਉਪਰੰਤ ਉਥੋਂ ਦੇ ਪ੍ਰਬੰਧਕਾਂ ਨੇ ਇਸ ਦੀ ਅਪਰੂਵਲ ਦੇਣ ਦਾ ਵਾਅਦਾ ਕੀਤਾ। ਅਸੀਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਇਸ ਜਗ੍ਹਾ ਉੱਤੇ ਮਿਊਜ਼ੀਅਮ ਬਣਾਵਾਂਗੇ। ਇਸ ਤੋਂ ਇਲਾਵਾ ਜੋ





ਜ਼ਮੀਨ ਸਾਢੇ 3 ਪੇਅ ਆਫ ਕੋਸਟ 'ਤੇ ਰੇਲ ਮੰਤਰੀ ਨੇ ਦੇਣੀ ਹੈ, ਉਸ ਵਿਚ ਫ੍ਰੀ ਮੈਡੀਕਲ ਸੇਵਾਵਾਂ ਅਤੇ ਫ੍ਰੀ ਫੂਡ (ਲੰਗਰ) ਦੀਆਂ ਸੇਵਾਵਾ ਦਿੱਤੀਆਂ ਜਾਣਗੀਆਂ। ਅਸੀਂ ਉਥੋਂ ਦੇ ਪ੍ਰਬੰਧਕਾਂ ਨੂੰ ਦੱਸਿਆ ਕਿ ਸਿੱਖ ਧਰਮ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਦਾ ਹੈ। ਉਨ੍ਹਾਂ ਨੇ ਸਾਨੂੰ ਭਰੋਸਾ ਦਿੱਤਾ ਕਿ ਸਿੱਖ ਸਾਡੇ ਭਰਾ ਹਨ ਅਤੇ ਆਉਣ ਵਾਲੇ ਸਮੇਂ ਵੀਜ਼ਾ ਲੈਣਾ ਬਹੁਤ ਸੌਖਾ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਸਾਨੂੰ ਇਕ ਟਰਾਫੀ ਅਤੇ ਕੁਰਾਨ ਸ਼ਰੀਫ ਸਤਿਕਾਰ ਵਜੋਂ ਭੇਟ ਕੀਤੀ ਅਤੇ ਦੁਪਹਿਰ ਦਾ ਖਾਣਾ ਵੀ ਖੁਆਇਆ। ਬਗਦਾਦ ਟੀ.ਵੀ. ਚੈਨਲ ਨੇ ਮੀਟਿੰਗ ਦੀ ਕਵਰੇਜ ਲੱਖਾਂ ਲੋਕਾਂ ਤੱਕ ਪਹੁੰਚਾਈ। ਇਸ ਨਾਲ ਸਥਾਨਕ ਲੋਕਾਂ ਵਿਚ ਸਿੱਖਾਂ ਪ੍ਰਤੀ ਬਹੁਤ ਸਤਿਕਾਰ ਵਧਿਆ। ਜਦੋਂ ਅਸੀਂ ਦੋਵੇਂ ਸਰਦਾਰ ਕੁੱਝ ਸਮੇਂ ਲਈ ਬਗਦਾਦ ਦੀ ਪੁਰਾਣੀ ਮਾਰਕੀਟ ਵਿਚ ਗਏ, ਤਾਂ ਬਹੁਤ ਸਾਰੇ ਲੋਕਾਂ ਨੇ ਸਾਡੇ ਨਾਲ ਫੋਟੋਆਂ ਖਿਚਵਾਉਣ ਦੀ ਪੇਸ਼ਕਸ਼ ਕੀਤੀ। ਇਹ ਸਾਰੀ ਕਲਾ ਗੁਰੂ ਸਾਹਿਬ ਵੱਲੋਂ ਵਰਤਾਈ ਜਾ ਰਹੀ ਸੀ।

ਦੂਸਰੀ ਮੀਟਿੰਗ 1 ਸਤੰਬਰ, 2025 ਨੂੰ ਹੋਈ। ਇਹ ਮੀਟਿੰਗ ਇਰਾਕ ਦੀ ਨਾਮਵਰ ਹਸਤੀ Mazin al Eshaiker ਜੋ ਕਿ ਪ੍ਰਧਾਨ ਮੰਤਰੀ ਦੀ ਚੋਣ ਵਿਚ ਦੋ ਵਾਰੀ ਨਾਮਜ਼ਦ ਕੀਤੇ ਗਏ ਸਨ, ਉਨ੍ਹਾਂ ਨੇ ਸਾਡੀ ਮੀਟਿੰਗ ਸੁੰਨੀ ਬੋਰਡ ਨਾਲ ਕਰਵਾਈ। ਪਹਿਲਾਂ ਵਾਂਗ ਇਸ ਮੀਟਿੰਗ ਵਿਚ ਹਸਨ ਅਬਾਦ ਦੁਭਾਸ਼ੀਏ ਦਾ ਕੰਮ ਕਰ ਰਹੇ ਸਨ। ਮੀਟਿੰਗ ਵਿਚ ਸੁੰਨੀ ਬੋਰਡ ਨੇ ਸਾਡਾ ਬਹੁਤ ਸਤਿਕਾਰ ਕੀਤਾ ਪਰ ਇਲੈਕਸ਼ਨ ਤੱਕ ਉਡੀਕ ਕਰਨ ਲਈ ਕਿਹਾ। ਇਹ ਸਾਰਾ ਕੰਮ ਗੁਰੂ ਸਾਹਿਬ ਦੀ ਰਜ਼ਾ ਵਿਚ ਹੀ ਹੋ ਰਿਹਾ ਸੀ। ਸਾਡੇ ਕੋਲ ਸਬਰ ਕਰਨ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ।

ਇਸ ਤੋਂ ਪਹਿਲਾਂ ਸ. ਹਰਜੀਤ ਸਿੰਘ ਸੋਢੀ ਦੇ ਸੰਪਰਕ ਵਿਚ ਭਾਰਤ ਦੇ ਵਿਦੇਸ਼ ਮੰਤਰੀ ਡਾ. ਜੈ ਸ਼ੰਕਰ ਸਨ। ਉਨ੍ਹਾਂ ਨੇ ਇਰਾਕ ਵਿਚ ਭਾਰਤ ਦੇ ਰਾਜਦੂਤ ਨੂੰ ਈਮੇਲ ਕੀਤੀ ਅਤੇ ਅਗਲੇ ਦਿਨ 2 ਸਤੰਬਰ, 2025 ਨੂੰ ਭਾਰਤੀ ਰਾਜਦੂਤ ਨੇ ਮੀਟਿੰਗ ਲਈ 12 ਵਜੇ ਆਪਣੇ ਦਫਤਰ ਵਿਚ ਬੁਲਾਇਆ। ਉਸ ਵਿਚ ਹਰਜੀਤ ਸਿੰਘ ਸੋਢੀ, ਮਨਜੀਤ ਸਿੰਘ ਸ਼ਾਹੀ, ਹਸਨ ਅਬਾਦ ਅਤੇ ਇਰਾਕ ਦੀ ਨਾਮਵਰ ਹਸਤੀ Mazin al Eshaiker ਸ਼ਾਮਲ ਹੋਏ।

**ਇਸ ਮੀਟਿੰਗ ਦਾ ਸਿੱਟਾ** :- ਜਿੰਨਾ ਚਿਰ ਸੁੰਨੀ ਬੋਰਡ ਮਨਜ਼ੂਰੀ ਨਹੀਂ ਦਿੰਦਾ, ਉਦੋਂ ਤੱਕ ਕਿਸੇ ਜਗ੍ਹਾ




ਇਕ ਇੱਟ ਵੀ ਨਹੀਂ ਲਗਾ ਸਕਦੇ, ਕਿਉਂਕਿ ਇਹ ਜਗ੍ਹਾ ਸੁੰਨੀ ਬੋਰਡ ਦੇ ਆਉਂਦੀ ਹੈ, ਇਹ ਉਨ੍ਹਾਂ ਦਾ ਅਧਿਕਾਰ ਖੇਤਰ ਹੈ।

**ਤੀਜੀ ਮੀਟਿੰਗ**:- ਇਰਾਕ ਦਾ ਇਕ ਨਾਮੀ ਬਿਜ਼ਨਸਮੈਨ, ਜਿਸ ਦਾ ਨਾਮ ਹੈਦਰ ਹੈ, ਉਹ ਸ. ਹਰਜੀਤ ਸਿੰਘ ਸੋਢੀ ਸਾਹਿਬ ਦੇ ਸੰਪਰਕ ਵਿਚ ਸੀ। ਅਸੀਂ 3 ਸਤੰਬਰ, 2025 ਰਾਤ ਨੂੰ ਵਾਪਸ ਆਉਣਾ ਸੀ। ਉਸ ਤੋਂ ਪਹਿਲਾਂ ਅਸੀਂ ਬਾਬਾ ਜੀ ਦੇ ਅਸਥਾਨ 'ਤੇ ਪਹੁੰਚੇ ਅਤੇ ਉਥੇ ਬੈਠ ਕੇ ਪਾਠ ਕਰਨ ਉਪਰੰਤ ਅਰਦਾਸ ਕੀਤੀ ਕਿ ਬਾਬਾ ਜੀ ਜੋ ਤੁਹਾਡੀ ਰਜ਼ਾ ਹੈ, ਮਨਜ਼ੂਰ ਹੈ। ਵਾਪਸੀ 'ਤੇ ਜਦੋਂ ਅਸੀਂ ਆਪਣੇ ਹੋਟਲ ਦੀ ਪਾਰਕਿੰਗ ਵਿਚ ਸ਼ਾਮ ਨੂੰ ਪਹੁੰਚੇ, ਸੋਢੀ ਸਾਹਿਬ ਨੂੰ ਹੈਦਰ ਦਾ ਫੋਨ ਆਇਆ। ਉਸ ਨੇ ਸੁੰਨੀ ਬੋਰਡ ਦੇ ਚੀਫ ਨਾਲ ਉਸੇ ਸ਼ਾਮ ਮੀਟਿੰਗ ਦਾ ਸਮਾਂ ਫਿਕਸ ਕਰਵਾ ਦਿੱਤਾ।

ਸੁੰਨੀ ਬੋਰਡ ਦੇ ਚੀਫ Ayatollan Al Faqin Michian ਨਾਲ ਇਕ ਘੰਟਾ ਮੀਟਿੰਗ ਚੱਲੀ। ਸੁੰਨੀ ਚੀਫ ਨੂੰ ਸਾਰਾ ਕੁੱਝ ਹੈਦਰ ਸਾਹਿਬ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਕਿਉਂਕਿ ਹੈਦਰ ਸਾਹਿਬ ਉਨ੍ਹਾਂ ਦੇ ਬੜੇ ਚੰਗੇ ਮਿੱਤਰ ਸਨ। ਅਸੀਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸਿੱਖ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ। ਸਾਡੇ ਗੁਰੂ ਸਾਹਿਬਾਨ ਦਾ ਸਾਨੂੰ ਆਦੇਸ਼ ਹੈ। ਉਨ੍ਹਾਂ ਨੇ ਸਾਨੂੰ ਬੜਾ ਮਾਣ ਬਖਸ਼ਿਆ ਅਤੇ ਸਾਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਸਿੱਖਾਂ ਲਈ ਵੀਜ਼ਾ ਲੈਣਾ ਬਹੁਤ ਹੀ ਸੌਖਾ ਕਰ ਦਿਆਂਗੇ ਅਤੇ ਉਨ੍ਹਾਂ ਨੇ ਵੀ ਅਪਰੂਵਲ ਕਰ ਦਿੱਤਾ।

ਇਹ ਸਾਰਾ ਕੁੱਝ ਸਮੂਹ ਨਾਨਕ ਨਾਮ ਲੇਵਾ ਸੰਗਤ ਵਾਸਤੇ ਪ੍ਰਾਪਤੀ ਹੈ।

**ਜਾਰੀ ਕਰਤਾ : ਮਨਜੀਤ ਸਿੰਘ ਸ਼ਾਹੀ**

**ਸਾਬਕਾ ਪ੍ਰਧਾਨ, ਗੁਰਦੁਆਰਾ ਸਾਹਿਬ ਗੀਨੋਂ, ਨਵਾਡਾ**

# ਡਾ. ਦੀਵਾਨ ਡਾਲਾ ਅਤੇ ਸ਼ਵੇਤਾ ਡਾਲਾ ਵੱਲੋਂ ਐਲਕ ਗਰੋਵ ਮੇਅਰ ਬੌਬੀ ਸਿੰਘ ਐਲਨ ਲਈ ਕੀਤਾ ਗਿਆ ਫੰਡ ਰੇਜ਼ਿੰਗ













# ਕੈਲੀਫੋਰਨੀਆ ਗਵਰਨਰ ਦੇ ਉਮੀਦਵਾਰ ਐਂਟੋਨੀਓ ਵਿਲਾਰਾਏਗੋਸਾ ਲਈ ਲੋਡਾਈ ਵਿਖੇ ਕੀਤਾ ਗਿਆ ਫੰਡ ਰੇਜ਼ਿੰਗ

## ■ ਅਤੁੱਲ ਕਪੂਰ, ਰੈਕਸ ਫੱਟ, ਗੁਰਜਤਿੰਦਰ ਸਿੰਘ ਰੰਧਾਵਾ, ਬਿਲਿੰਗ, ਗਿੱਲ ਸਮੇਤ ਹੋਰ ਵੀ ਸ਼ਖਸੀਅਤਾਂ ਹੋਈਆਂ ਹਾਜ਼ਰ












Atul Kapoor
C.E.O

Neat Allen Sawyer
Attorney at law

Global Allianz LAW FIRM LLP
555 Capitol Mall SUITE 1245, Sacramento, CA 95814
209-808-2136, 209-952-5578, 1-916-806-7042, Fax: 209-476-7188

# ਬਹੁਪੱਖੀ ਲੇਖਕ ਅਮਨਦੀਪ ਸਿੰਘ ਸੈਕਰਾਮੈਂਟੋ ਵਿਖੇ ਮੁਹੱਬਤਪਾਲ ਸਿੰਘ ਦੇ ਗ੍ਰਹਿ ਵਿਖੇ ਪਹੁੰਚੇ

**ਸੈਕਰਾਮੈਂਟੋ, (ਪੰਜਾਬ ਮੇਲ)**- ਅਮਨਦੀਪ ਸਿੰਘ ਇੱਕ ਬਹੁਪੱਖੀ ਲੇਖਕ ਹਨ, ਜਿਨ੍ਹਾਂ ਨੇ ਤਿੰਨ ਭਾਸ਼ਾਵਾਂ 'ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ' ਵਿਚ ਸੱਤ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਨੇ ਯੂਰਪ ਅਤੇ ਅਮਰੀਕਾ ਦੇ ਸਫ਼ਰਾਂ ਬਾਰੇ ਇੱਕ ਖੋਜੀ ਲੇਖਕ ਵਜੋਂ ਲਿਖਿਆ ਹੈ ਅਤੇ ਦਰਦ ਭਰੀਆਂ ਕਵਿਤਾਵਾਂ, ਅਦ੍ਰਿਸ਼ ਪ੍ਰੇਮ ਕਹਾਣੀਆਂ ਅਤੇ ਦਿਲ ਨੂੰ ਛੂਹਣ ਵਾਲੇ ਲੇਖ ਰਚੇ ਹਨ। ਉਨ੍ਹਾਂ ਦੀ ਆਖਰੀ ਕਿਤਾਬ 'ਕੁਦਰਤ' ਵਿਗਿਆਨ ਦੇ ਐਟਮ ਸਿਧਾਂਤ ਅਤੇ ਅਧਿਆਤਮਕ ਬੁੱਧੀਮਾਨੀ ਦੀ ਖੋਜ 'ਤੇ ਆਧਾਰਿਤ ਹੈ, ਜਿਸ ਵਿਚ ਉਹ ਮਨੁੱਖੀ ਅਸਤੀਤਵ ਅਤੇ ਪ੍ਰਭੂ ਦੀ ਸੱਚਾਈ ਨੂੰ ਖੋਜਦੇ ਹਨ ਅਤੇ ਬਹੁਤ ਸਾਰੇ ਉਦਾਹਰਨਾਂ ਨਾਲ ਅਧਿਆਤਮਿਕ ਤੌਰ 'ਤੇ ਅਤੇ ਸਾਇੰਟੀਫਿਕ ਤੌਰ 'ਤੇ ਇਸ ਨੂੰ ਸਾਬਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਜ਼ਿਕਰਯੋਗ ਹੈ ਕਿ ਅਮਨਦੀਪ ਸਿੰਘ ਸੈਕਰਾਮੈਂਟੋ ਵਿਖੇ ਮੁਹੱਬਤਪਾਲ ਸਿੰਘ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਅਮਨਦੀਪ ਸਿੰਘ ਦਾ ਭਰਪੂਰ ਸਵਾਗਤ ਕੀਤਾ। ਉਹ ਰਾਸ਼ਟਰੀ ਐਵਾਰਡ ਪ੍ਰਾਪਤ ਲੇਖਕ ਹਨ ਅਤੇ ਸਾਲ ਦੇ ਸਰਵੋਤਮ ਲੇਖਕ ਦਾ ਖ਼ਿਤਾਬ ਵੀ ਜਿੱਤ ਚੁੱਕੇ ਹਨ।



ਉਨ੍ਹਾਂ ਨੂੰ ਦੁਬਈ ਵਿਚ ਇੰਟਰਨੈਸ਼ਨਲ ਐਮੀਨੈਂਸ ਐਵਾਰਡ ਨਾਲ ਵੀ ਸਨਮਾਨਿਤ ਕੀਤਾ, ਜਿਸ ਵਿਚ ਉਨ੍ਹਾਂ ਨੂੰ ਸਾਲ 2022 ਦਾ ਬੈਸਟ ਲੇਖਕ ਦਾ ਅਵਾਰਡ ਉਨ੍ਹਾਂ ਦੀ ਕਿਤਾਬ 'ਕੁਦਰਤ' ਦੇ ਆਧਾਰ 'ਤੇ ਦਿੱਤਾ ਗਿਆ ਹੈ।

ਉਨ੍ਹਾਂ ਦੀਆਂ ਦੋ ਕਿਤਾਬਾਂ "ਹਿਜਰ ਦੀ ਪਰਿਕਰਮਾ" ਅਤੇ "ਮਜਾਜੀ ਰੂਹਾਂ" ਹਰਿਆਣਾ ਸਾਹਿਤ ਅਕਾਦਮੀ ਐਵਾਰਡ ਲਈ ਨਾਮਜ਼ਦ ਹੋ ਚੁੱਕੀਆਂ ਹਨ। ਅਮਨਦੀਪ ਸਿੰਘ ਬਾਅਦ ਵਿਚ ਆਪਣੀ ਦਰਦ ਭਰੀ ਜ਼ਿੰਦਗੀ ਦੀ ਸੱਚਾਈ ਲਿਖ ਕੇ ਇੱਕ ਬਹੁਪੱਖੀ ਲੇਖਕ ਵਜੋਂ ਉਭਰੇ...

ਹਰਿਆਣਾ ਦੇ ਕਿਸਾਨ, ਵਿਦੇਸ਼ ਯਾਤਰੀ ਅਤੇ ਜੀਵਨ ਦਰਸ਼ੀ ਅਮਨਦੀਪ ਸਿੰਘ ਦੇ ਜੀਵਨ ਦੀਆਂ ਕਹਾਣੀਆਂ ਹਰ ਕਿਸੇ ਦੇ ਦਿਲ ਨੂੰ ਛੂਹ ਜਾਂਦੀਆਂ ਹਨ।

ਅਮਨਦੀਪ ਸਿੰਘ ਨੂੰ 28 ਅਕਤੂਬਰ 2023 ਨੂੰ ਅਸ਼ੋਕਾ ਹੋਟਲ, ਦਿੱਲੀ ਵਿਚ ਡਾਕਟਰੇਟ ਐਵਾਰਡ ਅਤੇ ਪਦਮ ਵਿਭੂਸ਼ਣ ਸਨਮਾਨ ਨਾਲ ਨਵਾਜਿਆ ਗਿਆ।

ਉਹ ਫ਼ਤੇਹਾਬਾਦ ਬਾਰ ਐਸੋਸੀਏਸ਼ਨ ਦੇ ਐਡਵੋਕੇਟ ਹਨ ਅਤੇ ਪੰਜਾਬ-ਹਰਿਆਣਾ ਹਾਈਕੋਰਟ ਬਾਰ ਚੰਡੀਗੜ੍ਹ ਦੇ ਮੈਂਬਰ ਵੀ ਹਨ।

ਇਸ ਸਮੇਂ ਉਹ ਪ੍ਰਗਤੀਸ਼ੀਲ ਲੇਖਕ ਸੰਘ ਦੇ ਜ਼ਿਲ੍ਹਾ ਫਤਿਹਾਬਾਦ ਦੇ ਪ੍ਰਧਾਨ ਵਜੋਂ ਆਪਣੀ ਸੇਵਾਵਾਂ ਦੇ ਰਹੇ ਹਨ.. ਭਰਤੀਸ਼ੀ ਲੇਖਕ ਸੰਘ ਦੀ ਪਹਿਲੀ ਅਗਵਾਈ ਸ਼੍ਰੀ ਮੁੰਛੀ ਪ੍ਰੇਮ ਚੰਦ ਦੀ ਅਧਿਅਕਸ਼ਤਾ ਵਿਚ 1936 ਨੂੰ ਕਰਾਈ ਗਈ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਕੈਨੇਡਾ 'ਚ ਪੰਜਾਬੀ ਵਿਅਕਤੀ ਦਾ ਗੋਲੀਆਂ ਮਾਰ ਕੇ ਕਤਲ

**ਐਬਟਸਫੋਰਡ, (ਪੰਜਾਬ ਮੇਲ)**- ਕੈਨੇਡਾ ਦੇ ਐਬਟਸਫੋਰਡ 'ਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇੱਕ ਪ੍ਰਮੁੱਖ ਪੰਜਾਬੀ ਕਾਰੋਬਾਰੀ ਦਾ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਦਰਸ਼ਨ ਸਿੰਘ ਸਾਸੀ (68) ਵਜੋਂ ਹੋਈ ਹੈ, ਜੋ ਮੂਲ ਰੂਪ ਵਿਚ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਦੋਰਾਹਾ (ਰਾਜਗੜ੍ਹ ਪਿੰਡ) ਦਾ ਰਹਿਣ ਵਾਲਾ ਸੀ। ਸੂਤਰਾਂ ਮੁਤਾਬਕ ਇਹ ਘਟਨਾ ਐਬਟਸਫੋਰਡ ਦੇ ਟਾਊਨਲਾਈਨ ਖੇਤਰ ਵਿਚ ਬਲੂ ਰਿਜ ਡਰਾਈਵ 'ਤੇ ਵਾਪਰੀ ਹੈ, ਜਿਥੇ ਅਣਪਛਾਤੇ ਵਿਅਕਤੀਆਂ ਨੇ ਘਰ ਦੇ ਬਾਹਰ ਮਿਹਨਤੀ ਪੰਜਾਬੀ ਕਾਰੋਬਾਰੀ ਦਰਸ਼ਨ ਸਿੰਘ ਸਾਸੀ ਨੂੰ ਗੋਲੀਆਂ ਮਾਰ ਦਿੱਤੀਆਂ।



ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਦਰਸ਼ਨ ਸਾਸੀ ਮੈਪਲ ਰਿਜ ਵਿਚ ਇੱਕ ਵੱਡਾ ਕੱਪੜਿਆਂ ਦੀ ਰੀਸਾਈਕਲਿੰਗ ਕਾਰੋਬਾਰ ਚਲਾਉਂਦਾ ਸੀ। ਉਹ 'ਕੇਨਮ ਇੰਟਰਨੈਸ਼ਨਲ' ਦੇ ਚੇਅਰਮੈਨ ਸਨ, ਜਿਸਨੂੰ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਟੈਕਸਟਾਈਲ ਰੀਸਾਈਕਲਿੰਗ ਕੰਪਨੀਆਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਇਸ ਘਟਨਾ ਨਾਲ ਇਲਾਕੇ ਵਿਚ ਸਨਸਨੀ ਫੈਲ ਗਈ।

## ਪੰਜਾਬੀ ਗਾਇਕਾ ਸੁਖਵੰਤ ਕੌਰ ਸੁੱਖੀ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਚੈਨਲ ਦੇ ਸਟੂਡੀਓ ਵਿਖੇ ਪਹੁੰਚੇ

**ਸੈਕਰਾਮੈਂਟੋ, (ਪੰਜਾਬ ਮੇਲ)**- ਪੰਜਾਬੀ ਗਾਇਕਾ ਸੁਖਵੰਤ ਕੌਰ ਸੁੱਖੀ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ. ਚੈਨਲ ਦੇ ਸਟੂਡੀਓ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨਾਲ ਚੈਨਲ ਦੇ ਮੁਖੀ ਗੁਰਜਤਿੰਦਰ ਸਿੰਘ ਰੰਧਾਵਾ ਵੱਲੋਂ ਲੰਮੀ ਇੰਟਰਵਿਊ ਕੀਤੀ ਗਈ। ਇਸ ਇੰਟਰਵਿਊ ਦੌਰਾਨ ਸੁਖਵੰਤ ਸੁੱਖੀ ਨੇ ਆਪਣੇ ਗਾਇਕੀ ਸਫਰ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਸੁਖਵੰਤ ਸੁੱਖੀ ਨੇ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਸਾਂਝੀਆਂ ਕੀਤੀਆਂ, ਜੋ ਉਨ੍ਹਾਂ ਨੇ ਅੱਜ ਤੱਕ ਪਹਿਲਾਂ ਕਿਸੇ ਨੂੰ ਨਹੀਂ ਦੱਸੀਆਂ ਸੀ। ਜ਼ਿਕਰਯੋਗ ਹੈ ਕਿ ਸੁਖਵੰਤ ਕੌਰ ਸੁੱਖੀ ਨੇ ਕਰਤਾਰ ਰਮਲਾ,



ਸੁਰਿੰਦਰ ਛਿੰਦਾ, ਕੁਲਦੀਪ ਮਾਣਕ, ਹਰਚਰਨ ਗਰੇਵਾਲ, ਦੀਦਾਰ ਸੰਧੂ, ਕੁਲਦੀਪ ਪਾਰਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਉੱਚ ਕੋਟੀ ਦੇ ਗਾਇਕਾਂ ਨਾਲ ਹਿੱਟ ਡਿਊਟ ਗੀਤ ਗਾਏ ਹਨ।

## ਅਮਰੀਕੀ ਪੁਲਿਸ ਵੱਲੋਂ ਟਰਾਂਸਪੋਰਟ ਠੱਗੀ ਦੇ ਦੋਸ਼ ਹੇਠ 12 ਗ੍ਰਿਫਤਾਰ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਪੁਲਿਸ ਨੇ ਦੇਸ਼ ਦੇ ਪੱਛਮੀ ਸੂਬਿਆਂ ਵਾਸ਼ਿੰਗਟਨ ਅਤੇ ਕੈਲੀਫੋਰਨੀਆ ਵਿਚ ਸਿੰਘ ਆਰਗੇਨਾਈਜੇਸ਼ਨ ਨਾਂਅ ਹੇਠ ਸੰਗਠਿਤ ਗੈਂਗ ਦੇ 12 ਮੈਂਬਰਾਂ ਨੂੰ ਕਰੋੜਾਂ ਡਾਲਰਾਂ ਦੀ ਟਰਾਂਸਪੋਰਟ ਠੱਗੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਸੈਂਟ ਬਰਨਾਰਡ ਕਾਉਂਟੀ ਸ਼ੈਰਿਫ਼ (ਪੁਲਿਸ ਵਿਭਾਗ) ਵਲੋਂ ਕਥਿਤ ਦੋਸ਼ੀਆਂ ਦੀ ਪਛਾਣ ਪਰਮਵੀਰ ਸਿੰਘ (29), ਹਰਪ੍ਰੀਤ ਸਿੰਘ (26), ਅਰਸ਼ਪ੍ਰੀਤ ਸਿੰਘ (27) ਸਾਰੇ ਵਾਸੀ ਰੈਂਚੋ ਕੂਕਾਮੋਂਗਾ, ਸੰਦੀਪ ਸਿੰਘ (31) ਵਾਸੀ ਸੇਂਟ ਬਰਨਾਰਡ, ਮਨਦੀਪ ਸਿੰਘ (42), ਰਣਜੋਧ ਸਿੰਘ (38) ਦੋਹੇਂ ਵਾਸੀ ਬੇਕਰਜ਼ਫੀਲਡ, ਗੁਰਨੇਕ ਸਿੰਘ ਚੌਹਾਨ (40), ਵਿਕਰਮਜੀਤ ਸਿੰਘ (30), ਨਰਾਇਣ ਸਿੰਘ (27) ਤਿੰਨੇ ਵਾਸੀ ਫੋਨਟਾਨਾ, ਬਿਕਰਮਜੀਤ ਸਿੰਘ (27) ਵਾਸੀ ਸੈਕਰਾਮੈਂਟੋ, ਹਿੰਮਤ ਸਿੰਘ ਖਾਲਸਾ (28) ਵਾਸੀ ਰੈਂਟਨ (ਵਸ਼ਿੰਗਟਨ) ਤੇ ਉਨ੍ਹਾਂ ਦੇ ਸਾਥੀ ਐਲਗਰ ਹਰਨਾਂਦੇਜ (27) ਵਾਸੀ ਫੋਨਟਾਨਾ ਵਜੋਂ ਕੀਤੀ ਗਈ ਹੈ।





EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL
SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਡਾ. ਗੁਰਬੀਰ ਸਿੰਘ ਗਿੱਲ ਅਮਰੀਕਾ ਦੌਰੇ 'ਤੇ

**ਸੈਕਰਾਮੈਂਟੋ, (ਪੰਜਾਬ ਮੇਲ)**– ਜਲੰਧਰ ਦੇ ਮਸ਼ਹੂਰ ਡਾਕਟਰ ਡਾ. ਗੁਰਬੀਰ ਸਿੰਘ ਗਿੱਲ ਅੱਜਕੱਲ੍ਹ ਅਮਰੀਕਾ ਦੌਰੇ 'ਤੇ ਹਨ। ਇਸ ਦੌਰਾਨ ਉਹ ਆਪਣੇ ਨਜ਼ਦੀਕੀ ਰਿਸ਼ਤੇਦਾਰ ਤਰਲੋਚਨ ਸਿੰਘ ਅਟਵਾਲ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਇਲਾਕੇ ਦੀਆਂ ਸ਼ਖਸੀਅਤਾਂ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਇਸ ਮੌਕੇ ਮੇਅਰ ਪਰਗਟ ਸਿੰਘ ਸੰਧੂ, ਮੇਅਰ ਬੌਬੀ ਸਿੰਘ ਐਲਨ, ਧੀਰਾ ਨਿੱਜਰ, ਗੁਰਜਤਿੰਦਰ ਸਿੰਘ ਰੰਧਾਵਾ, ਬਿੱਟੂ ਰੰਧਾਵਾ, ਬੂਟਾ ਸਿੰਘ ਜੌਹਲ, ਗੁਰਮੀਤ ਸਿੰਘ ਵੜੈਚ, ਲਖਬੀਰ ਸਿੰਘ ਔਜਲਾ, ਭਿੰਦਾ ਸਿੰਘ, ਤੂਰ ਸਾਹਿਬ ਵੀ ਹਾਜ਼ਰ ਸਨ।




ਇਸ ਮੌਕੇ ਆਏ ਹੋਏ ਮਹਿਮਾਨਾਂ ਨੇ ਡਾ. ਗੁਰਬੀਰ ਸਿੰਘ ਗਿੱਲ ਨਾਲ ਦਿਲ ਦੀਆਂ ਬਿਮਾਰੀਆਂ ਸੰਬੰਧੀ ਬਹੁਤ ਸਾਰੇ ਸਵਾਲ-ਜਵਾਬ ਕੀਤੇ।

# ਭਾਰਤ ਅਤੇ ਅਮਰੀਕਾ ਵਿਚਕਾਰ ਜਲਦ ਹੋ ਸਕਦੈ ਵਪਾਰ ਸਮਝੌਤਾ

**■ ਨਵੰਬਰ 'ਚ ਐਲਾਨ ਹੋਣ ਦੀ ਉਮੀਦ**

**ਵਾਸ਼ਿੰਗਟਨ, (ਪੰਜਾਬ ਮੇਲ)**– ਭਾਰਤ ਅਤੇ ਅਮਰੀਕਾ ਵਿਚਕਾਰ ਪ੍ਰਸਤਾਵਿਤ ਦੁਵੱਲਾ ਵਪਾਰ ਸਮਝੌਤਾ (ਬੀ.ਟੀ.ਏ.) ਹੁਣ ਆਪਣੇ ਅੰਤਿਮ ਪੜਾਅ 'ਤੇ ਹੈ। ਸੂਤਰਾਂ ਅਨੁਸਾਰ, ਦੋਵਾਂ ਦੇਸ਼ਾਂ ਦੇ ਅਧਿਕਾਰੀ ਸਮਝੌਤੇ ਦੀ ਭਾਸ਼ਾ ਅਤੇ ਰਸਮੀ ਅੰਤਿਮ ਰੂਪ ਲਈ ਕੰਮ ਕਰ ਰਹੇ ਹਨ। ਜ਼ਿਆਦਾਤਰ ਮੁੱਦਿਆਂ 'ਤੇ ਸਮਝੌਤਾ ਹੋ ਗਿਆ ਹੈ, ਬਹੁਤ ਘੱਟ ਮਤਭੇਦ ਬਾਕੀ ਰਹਿ ਗਏ ਹਨ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਵਪਾਰ ਸਮਝੌਤੇ 'ਤੇ ਗੱਲਬਾਤ ਲਗਾਤਾਰ ਅੱਗੇ ਵਧ ਰਹੀ ਹੈ ਅਤੇ ਕੋਈ ਵੀ ਨਵਾਂ ਮੁੱਦਾ ਇਸ ਰਫ਼ਤਾਰ ਨੂੰ ਨਹੀਂ ਰੋਕ ਸਕਿਆ ਹੈ। ਅਧਿਕਾਰੀ ਨੇ ਕਿਹਾ, "ਅਸੀਂ ਜ਼ਿਆਦਾਤਰ ਬਿੰਦੂਆਂ 'ਤੇ ਸਹਿਮਤ ਹਾਂ ਅਤੇ ਹੁਣ ਸਿਰਫ਼ ਅੰਤਿਮ ਰੂਪ ਦੇਣਾ ਬਾਕੀ ਹੈ।"

ਗੱਲਬਾਤ ਦੇ ਪੰਜ ਦੌਰਾਂ ਤੋਂ ਬਾਅਦ, ਗੱਲਬਾਤ ਹੁਣ ਇੱਕ ਮਹੱਤਵਪੂਰਨ ਪੜਾਅ 'ਤੇ ਹੈ। ਵਣਜ ਮੰਤਰੀ ਪਿਊਸ਼ ਗੋਇਲ ਨੇ ਸੰਕੇਤ ਦਿੱਤਾ ਕਿ ਦੋਵੇਂ ਦੇਸ਼ ਨਵੰਬਰ ਤੱਕ ਸਮਝੌਤੇ ਨੂੰ ਅੰਤਿਮ ਰੂਪ ਦੇਣ ਦੀ ਪ੍ਰਕਿਰਿਆ ਵਿਚ ਹਨ। ਮੁੱਖ ਆਰਥਿਕ ਸਲਾਹਕਾਰ ਵੀ. ਅਨੰਤ ਨਾਗੇਸ਼ਵਰਨ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਚੱਲ ਰਹੇ ਟੈਰਿਫ ਵਿਵਾਦ ਨੂੰ ਅਗਲੇ ਦੋ ਮਹੀਨਿਆਂ ਦੇ ਅੰਦਰ ਹੱਲ ਕੀਤਾ ਜਾ ਸਕਦਾ ਹੈ। ਅਮਰੀਕਾ ਦੁਆਰਾ ਲਗਾਏ ਗਏ 25% ਵਾਧੂ ਟੈਰਿਫ ਨੂੰ ਹਟਾਉਣ 'ਤੇ ਇੱਕ ਸਮਝੌਤਾ ਜਲਦੀ ਹੀ ਹੋ ਸਕਦਾ ਹੈ।

ਟੈਰਿਫ ਵਿਵਾਦ ਦੀ ਜੜ੍ਹ ਅਮਰੀਕੀ ਰਾਸ਼ਟਰਪਤੀ ਦੇ ਉਸ ਹੁਕਮ ਵਿਚ ਹੈ, ਜਿਸ ਵਿਚ ਰੂਸ ਤੋਂ ਖਰੀਦੇ ਜਾਂਦੇ ਭਾਰਤੀ ਸਾਮਾਨਾਂ 'ਤੇ ਵਾਧੂ ਡਿਊਟੀਆਂ ਲਗਾਈਆਂ ਗਈਆਂ ਹਨ। ਭਾਰਤ ਆਪਣੇ ਕੱਚੇ ਤੇਲ ਦਾ ਲਗਭਗ 34% ਰੂਸ ਤੋਂ ਅਤੇ 10% ਅਮਰੀਕਾ ਤੋਂ ਆਯਾਤ ਕਰਦਾ ਹੈ। ਸੰਕੇਤ ਦਰਸਾਉਂਦੇ ਹਨ ਕਿ ਸਮਝੌਤੇ ਦਾ ਰਸਮੀ ਤੌਰ 'ਤੇ ਆਸੀਆਨ ਸੰਮੇਲਨ ਵਿਚ ਐਲਾਨ ਕੀਤਾ ਜਾ ਸਕਦਾ ਹੈ, ਜਿਸ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਰਚੁਅਲ ਤੌਰ 'ਤੇ ਹਿੱਸਾ ਲੈਣਗੇ।

# ਟਰੰਪ ਪ੍ਰਸ਼ਾਸਨ ਵੱਲੋਂ ਐੱਚ-1ਬੀ ਵੀਜ਼ਾ ਮੁੱਦੇ 'ਤੇ ਮੁਕੱਦਮਿਆਂ ਦਾ ਸਾਹਮਣਾ ਕਰਨ ਦਾ ਐਲਾਨ

**ਵਾਸ਼ਿੰਗਟਨ, (ਪੰਜਾਬ ਮੇਲ)**– ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ ਨਵੀਆਂ ਐੱਚ-1ਬੀ ਵੀਜ਼ਾ ਅਰਜ਼ੀਆਂ 'ਤੇ ਲਾਈ ਗਈ 100,000 ਡਾਲਰ ਫੀਸ ਨੂੰ ਚੁਣੌਤੀ ਦੇਣ ਵਾਲੇ ਮੁਕੱਦਮਿਆਂ ਦਾ ਸਾਹਮਣਾ ਕਰਨ ਦਾ ਐਲਾਨ ਕੀਤਾ ਹੈ। ਉਸ ਨੇ ਕਿਹਾ ਕਿ ਵੀਜ਼ਾ ਪ੍ਰਣਾਲੀ ਵਿਚ ਲੰਬੇ ਸਮੇਂ ਤੋਂ ਧੋਖਾਦੇਹੀ ਹੋ ਰਹੀ ਹੈ ਅਤੇ ਅਮਰੀਕੀ ਕਾਮਿਆਂ ਨੂੰ ਪਹਿਲ ਦੇਣ ਲਈ ਇਸ ਵਿਚ ਮਹੱਤਵਪੂਰਨ ਬਦਲਾਅ ਕੀਤੇ ਜਾਣੇ ਚਾਹੀਦੇ ਹਨ।

19 ਸਤੰਬਰ ਨੂੰ ਟਰੰਪ ਨੇ ਨਵੇਂ ਐੱਚ-1ਬੀ ਵੀਜ਼ਾ ਲਈ ਫੀਸ ਵਧਾ ਕੇ 100,000 ਡਾਲਰ (ਲਗਭਗ 8.8 ਮਿਲੀਅਨ ਰੁਪਏ) ਕਰਨ ਦਾ ਫੈਸਲਾ ਕੀਤਾ ਸੀ। ਇਹ ਕਦਮ ਸੰਯੁਕਤ ਰਾਜ ਅਮਰੀਕਾ ਵਿਚ ਵੀਜ਼ਾ 'ਤੇ ਰਹਿਣ ਵਾਲੇ ਭਾਰਤੀ ਪੇਸ਼ੇਵਰਾਂ 'ਤੇ ਮਾੜਾ ਪ੍ਰਭਾਵ ਪਾ ਸਕਦਾ ਹੈ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਅਨੁਸਾਰ ਹਾਲ ਹੀ ਦੇ ਸਾਲਾਂ ਵਿਚ ਮਨਜ਼ੂਰ ਐੱਚ-1ਬੀ ਅਰਜ਼ੀਆਂ ਵਿਚ ਲਗਭਗ 71 ਫੀਸਦੀ ਭਾਰਤੀਆਂ ਦੀਆਂ ਹਨ। ਯੂ. ਐੱਸ. ਚੈਂਬਰ ਆਫ਼ ਕਾਮਰਸ ਨੇ ਨਵੀਂ ਫੀਸ ਨੂੰ ਲੈ ਕੇ ਪਿਛਲੇ ਹਫ਼ਤੇ ਟਰੰਪ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ।




ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਕਿਹਾ ਕਿ ਪ੍ਰਸ਼ਾਸਨ ਇਨ੍ਹਾਂ ਮੁਕੱਦਮਿਆਂ ਦਾ ਅਦਾਲਤ ਵਿਚ ਸਾਹਮਣਾ ਕਰੇਗਾ। ਐੱਚ-1ਬੀ ਵੀਜ਼ਾ ਪ੍ਰਣਾਲੀ ਵਿਚ ਧੋਖਾਦੇਹੀ ਲੰਬੇ ਸਮੇਂ ਤੋਂ ਹੋ ਰਹੀ ਹੈ। ਇਸ ਕਾਰਨ ਅਮਰੀਕੀਆਂ ਦੀਆਂ ਤਨਖਾਹਾਂ ਘੱਟ ਹੋ ਗਈਆਂ ਹਨ। ਇਸ ਲਈ ਰਾਸ਼ਟਰਪਤੀ ਇਸ ਪ੍ਰਣਾਲੀ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਨ। ਇਹੀ ਇਕ ਕਾਰਨ ਹੈ ਕਿ ਉਨ੍ਹਾਂ ਨੇ ਨਵੀਂ ਨੀਤੀ ਲਾਗੂ ਕੀਤੀ ਹੈ। ਲੇਵਿਟ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੀ ਮੁੱਖ ਤਰਜੀਹ ਅਮਰੀਕੀ ਕਾਮਿਆਂ ਨੂੰ ਤਰਜੀਹ ਦੇਣਾ ਅਤੇ ਵੀਜ਼ਾ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੈ।

ਟਰੰਪ ਪ੍ਰਸ਼ਾਸਨ ਦੇ ਨਵੇਂ ਐੱਚ-1ਬੀ ਵੀਜ਼ਾ ਫੀਸ ਫੈਸਲੇ ਨੂੰ ਕਈ ਯੂਨੀਅਨਾਂ, ਮਾਲਕਾਂ ਅਤੇ ਧਾਰਮਿਕ ਸੰਗਠਨਾਂ ਨੇ ਕੈਲੀਫੋਰਨੀਆ ਦੀ ਇਕ ਸੰਘੀ ਅਦਾਲਤ ਵਿਚ ਚੁਣੌਤੀ ਦਿੱਤੀ ਹੈ, ਜਦੋਂ ਕਿ ਇਕ ਵਪਾਰਕ ਸੰਗਠਨ ਯੂ.ਐੱਸ. ਚੈਂਬਰ ਆਫ਼ ਕਾਮਰਸ ਨੇ 16 ਅਕਤੂਬਰ ਨੂੰ ਕੋਲੰਬੀਆ ਦੀ ਜ਼ਿਲ੍ਹਾ ਅਦਾਲਤ ਵਿਚ ਅਮਰੀਕੀ ਰਾਸ਼ਟਰਪਤੀ ਦੇ ਆਦੇਸ਼ ਨੂੰ ਚੁਣੌਤੀ ਦਿੰਦੇ ਹੋਏ ਮੁਕੱਦਮਾ ਦਾਇਰ ਕੀਤਾ ਹੈ। ਇਹ ਵੀਜ਼ਾ ਭਾਰਤੀ ਪੇਸ਼ੇਵਰਾਂ ਵਿਚ ਬਹੁਤ ਪ੍ਰਸਿੱਧ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :**
**www.punjabmailusa.com**



# ਅਮਰੀਕਾ 'ਚ ਵਾਪਰੇ ਟਰੱਕ ਹਾਦਸੇ ਨੇ ਕਮਰਸ਼ੀਅਲ ਡਰਾਈਵਰ ਲਾਇਸੈਂਸ ਜਾਰੀ ਕਰਨ 'ਤੇ ਛੇੜੀ ਬਹਿਸ

**■ ਅਣਅਧਿਕਾਰਤ ਪ੍ਰਵਾਸੀਆਂ ਨੂੰ ਕਮਰਸ਼ੀਅਲ ਡਰਾਈਵਰ ਲਾਇਸੈਂਸ ਦੇਣਾ 'ਪਰੇਸ਼ਾਨ ਕਰਨ ਵਾਲਾ': ਵ੍ਹਾਈਟ ਹਾਊਸ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਵਾਪਰੇ ਇੱਕ ਟਰੱਕ ਹਾਦਸੇ ਨੇ ਕਮਰਸ਼ੀਅਲ ਡਰਾਈਵਰ ਲਾਇਸੈਂਸ ਜਾਰੀ ਕਰਨ ਸਬੰਧੀ ਵੱਡੇ ਪੱਧਰ 'ਤੇ ਬਹਿਸ ਛੇੜ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿਚ ਬੀਤੇ ਦਿਨੀਂ ਵਾਪਰੇ ਵੱਡੇ ਸੜਕ ਹਾਦਸੇ ਵਿਚ ਤਿੰਨ ਵਿਅਕਤੀਆਂ ਦੀ ਮੌਤ ਤੋਂ ਇਲਾਵਾ 4 ਹੋਰ ਜ਼ਖਮੀ ਹੋਏ ਅਤੇ ਅੱਠ ਗੱਡੀਆਂ ਨੁਕਸਾਨੀਆਂ ਗਈਆਂ ਸਨ।

ਅਧਿਕਾਰੀਆਂ ਨੇ ਹਾਦਸੇ ਦਾ ਕਾਰਨ ਬਣਨ ਦੇ ਦੋਸ਼ੀ ਡਰਾਈਵਰ ਦੀ ਪਛਾਣ 21 ਸਾਲਾ ਜਸ਼ਨਪ੍ਰੀਤ ਸਿੰਘ ਵਜੋਂ ਕੀਤੀ ਹੈ, ਜਿਸ 'ਤੇ ਕਥਿਤ ਤੌਰ 'ਤੇ ਨਸ਼ੇ ਦੀ ਹਾਲਤ ਵਿਚ ਇੱਕ ਕਮਰਸ਼ੀਅਲ ਟਰੱਕ ਚਲਾਉਣ ਦਾ ਦੋਸ਼ ਹੈ।

ਇਹ ਟੱਕਰ ਆਈ-10 ਫ੍ਰੀਵੇਅ 'ਤੇ ਹੋਈ, ਜਦੋਂ ਜਸ਼ਨਪ੍ਰੀਤ ਸਿੰਘ ਦੇ ਵੱਡੇ ਰਿਗ ਟਰੱਕ ਨੇ ਹੌਲੀ ਹੋ ਰਹੇ ਟਰੈਫਿਕ ਨੂੰ ਟੱਕਰ ਮਾਰ ਦਿੱਤੀ।

ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦੇ ਅਨੁਸਾਰ ਜਸ਼ਨਪ੍ਰੀਤ ਸਿੰਘ ਭਾਰਤ ਤੋਂ ਇੱਕ ਅਣਅਧਿਕਾਰਤ ਪ੍ਰਵਾਸੀ ਹੈ, ਜੋ 2022 ਵਿਚ ਦੱਖਣੀ ਸਰਹੱਦ ਰਾਹੀਂ ਅਮਰੀਕਾ ਵਿਚ ਦਾਖਲ ਹੋਇਆ ਸੀ ਅਤੇ ਬਾਅਦ ਵਿਚ ਦੇਸ਼ ਵਿਚ ਛੱਡ ਦਿੱਤਾ ਗਿਆ ਸੀ। ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਐੱਸ.ਈ.) ਏਜੰਸੀ ਨੇ ਨਸ਼ੇ ਦੀ ਹਾਲਤ ਵਿਚ ਭਿਆਨਕ ਗੱਡੀ ਚਲਾ ਕੇ ਗੈਰ-ਇਰਾਦਤਨ ਕਤਲ ਦੇ ਦੋਸ਼ਾਂ ਤਹਿਤ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਨਜ਼ਰਬੰਦੀ ਦੀ ਬੇਨਤੀ (ਡਿਟੇਨਰ ਰਿਕੁਐਸਟ) ਦਾਖਲ ਕੀਤੀ ਹੈ।

ਵੀਰਵਾਰ ਨੂੰ ਵ੍ਹਾਈਟ ਹਾਊਸ ਦੀ ਇੱਕ ਬ੍ਰੀਫਿੰਗ ਵਿਚ ਪ੍ਰੈੱਸ ਸਕੱਤਰ ਕੈਰੋਲਿਨ ਲੀਵਿਟ ਨੇ ਇਸ ਦੀ ਆਲੋਚਨਾ ਕੀਤੀ। ਉਨ੍ਹਾਂ ਰਾਜਾਂ ਵੱਲੋਂ ਅਣਅਧਿਕਾਰਤ ਪ੍ਰਵਾਸੀਆਂ ਨੂੰ ਕਮਰਸ਼ੀਅਲ ਡਰਾਈਵਰ ਲਾਇਸੈਂਸ (ਸੀ.ਡੀ.ਐੱਲ.ਐੱਸ.) ਜਾਰੀ ਕਰਨ ਨੂੰ 'ਪਰੇਸ਼ਾਨ ਕਰਨ ਵਾਲਾ' ਦੱਸਿਆ। ਉਨ੍ਹਾਂ ਪੁਸ਼ਟੀ ਕੀਤੀ ਕਿ ਕੈਲੀਫ਼ੋਰਨੀਆ ਨੇ ਸਿੰਘ ਨੂੰ ਇੱਕ ਸੀ.ਡੀ.ਐੱਲ. ਦਿੱਤਾ ਸੀ ਅਤੇ ਕਿਹਾ ਕਿ ਡਿਪਾਰਟਮੈਂਟ ਆਫ਼ ਟਰਾਂਸਪੋਰਟੇਸ਼ਨ (ਡੀ.ਓ.ਟੀ.) ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ।

ਲੀਵਿਟ ਨੇ ਕਿਹਾ, "ਕੈਲੀਫ਼ੋਰਨੀਆ ਨੇ ਇਸ ਵਿਅਕਤੀ ਨੂੰ ਲਾਇਸੈਂਸ ਦਿੱਤਾ ਅਤੇ ਡਿਪਾਰਟਮੈਂਟ ਆਫ਼ ਟਰਾਂਸਪੋਰਟੇਸ਼ਨ ਜਾਂਚ ਕਰ ਰਿਹਾ ਹੈ ਕਿ ਇਹ ਕਿਵੇਂ ਹੋਇਆ।"

ਸਕੱਤਰ ਡੱਫੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਯੋਗ ਜਾਂ ਵਪਾਰਕ ਵਾਹਨਾਂ ਨੂੰ ਚਲਾਉਣ ਲਈ ਗੈਰ-ਲਾਇਕ ਵਿਅਕਤੀਆਂ ਨੂੰ ਲਾਇਸੈਂਸ ਜਾਰੀ ਨਹੀਂ ਕੀਤੇ ਜਾਣੇ ਚਾਹੀਦੇ। ਟਰਾਂਸਪੋਰਟੇਸ਼ਨ ਸਕੱਤਰ ਸੀਨ ਡੱਫੀ ਨੇ ਸੀ.ਡੀ.ਐੱਲ. ਬਿਨੈਕਾਰਾਂ ਲਈ ਸੰਘੀ ਅੰਗਰੇਜ਼ੀ-ਭਾਸ਼ਾ ਟੈਸਟਿੰਗ ਲੋੜਾਂ ਨੂੰ ਲਾਗੂ ਕਰਨ ਵਿਚ ਕੈਲੀਫ਼ੋਰਨੀਆ ਦੀ ਅਸਫ਼ਲਤਾ ਦੀ ਨਿੰਦਾ ਕੀਤੀ। ਉਸ ਨੇ ਚੇਤਾਵਨੀ ਦਿੱਤੀ ਕਿ ਜੇ ਰਾਜ ਇਸੇ ਤਰ੍ਹਾਂ ਪਾਲਣਾ ਨਹੀਂ ਕਰਦਾ, ਤਾਂ ਉਹ 40 ਮਿਲੀਅਨ ਡਾਲਰ ਤੋਂ ਵੱਧ ਦੇ ਸੰਘੀ ਹਾਈਵੇ ਸੁਰੱਖਿਆ ਫੰਡਿੰਗ ਨੂੰ ਗੁਆ ਸਕਦਾ ਹੈ।

ਡੱਫੀ ਨੇ ਪਿਛਲੇ ਇੱਕ ਬਿਆਨ ਵਿਚ ਕਿਹਾ, "ਕੈਲੀਫ਼ੋਰਨੀਆ ਦੀ ਇਹ ਲਾਪ੍ਰਵਾਹੀ ਉਨ੍ਹਾਂ ਲੱਖਾਂ ਅਮਰੀਕੀਆਂ ਲਈ ਇੱਕ ਅਪਮਾਨ ਹੈ, ਜੋ ਸਾਡੇ ਤੋਂ ਸੁਰੱਖਿਆ ਦੀ ਉਮੀਦ ਕਰਦੇ ਹਨ। ਜੇ ਰਾਜ ਇਨ੍ਹਾਂ ਮੁੱਦਿਆਂ ਨੂੰ ਠੀਕ ਕਰਨ ਵਿਚ ਅਸਫ਼ਲ ਰਹਿੰਦਾ ਹੈ, ਤਾਂ ਅਸੀਂ ਸੰਘੀ ਫੰਡਿੰਗ ਨੂੰ ਵਾਪਸ ਲੈਣ ਤੋਂ ਝਿਜਕਾਂਗੇ ਨਹੀਂ।" ਇਸ ਘਟਨਾ ਨੇ ਸੇਫ ਡਰਾਈਵਰਜ਼ ਐਕਟ ਨਾਮ ਦੇ ਪ੍ਰਸਤਾਵਿਤ ਉਪਾਅ ਨੂੰ ਲੈ ਕੇ ਸਿਆਸੀ ਅਤੇ ਜਨਤਕ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਸਮਰਥਕਾਂ ਦਾ ਕਹਿਣਾ ਹੈ ਕਿ ਇਹ ਸੜਕ ਸੁਰੱਖਿਆ ਨੂੰ ਵਧਾਏਗਾ, ਜਦੋਂਕਿ ਆਲੋਚਕਾਂ ਦਾ ਤਰਕ ਹੈ ਕਿ ਇਹ ਪ੍ਰਵਾਸੀ ਭਾਈਚਾਰਿਆਂ ਨੂੰ ਬੇਇਨਸਾਫ਼ੀ ਨਾਲ ਨਿਸ਼ਾਨਾ ਬਣਾਉਂਦਾ ਹੈ।

ਪਰਵਾਸੀ ਵਕੀਲਾਂ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਅਜਿਹੀ ਬਿਆਨਬਾਜ਼ੀ ਨਾਲ ਦੇਸ਼ ਭਰ ਵਿਚ ਸਿੱਖਾਂ ਅਤੇ ਦੱਖਣੀ ਏਸ਼ੀਆਈ ਲੋਕਾਂ ਵਿਰੁੱਧ ਵਿਤਕਰਾ ਅਤੇ ਹਿੰਸਾ ਵਧ ਸਕਦੀ ਹੈ। ਇਹ ਮਾਮਲਾ ਅਜੇ ਵੀ ਜਾਂਚ ਅਧੀਨ ਹੈ। ਜਸ਼ਨਪ੍ਰੀਤ ਇਸ ਸਮੇਂ ਹਿਰਾਸਤ ਵਿਚ ਹੈ ਅਤੇ ਉਸ 'ਤੇ ਕਈ ਸੰਗੀਨ ਅਪਰਾਧਿਕ ਦੋਸ਼ ਹਨ।

# ਕਾਰਨੀ ਵੱਲੋਂ ਕੈਨੇਡਾ ਦੀਆਂ ਗੈਰ-ਅਮਰੀਕੀ ਬਰਾਮਦਾਂ ਦੁੱਗਣੀਆਂ ਕਰਨ ਦਾ ਟੀਚਾ

**■ ਅਮਰੀਕੀ ਟੈਰਿਫਾਂ ਕਾਰਨ ਨਿਵੇਸ਼ ਵਿਚ ਠਹਿਰਾਅ ਆਉਣ ਦਾ ਦਾਅਵਾ**

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਗਲੇ ਦਹਾਕੇ 'ਚ ਕੈਨੇਡਾ ਦੀਆਂ ਗੈਰ-ਅਮਰੀਕੀ ਬਰਾਮਦਾਂ ਨੂੰ ਦੁੱਗਣਾ ਕਰਨ ਦਾ ਟੀਚਾ ਮਿੱਥਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਟੈਰਿਫਾਂ ਕਾਰਨ ਨਿਵੇਸ਼ ਵਿਚ ਠਹਿਰਾਅ ਆ ਰਿਹਾ ਹੈ। ਉਹ 4 ਨਵੰਬਰ ਨੂੰ ਆਪਣੀ ਸਰਕਾਰ ਦਾ ਬਜਟ ਜਾਰੀ ਕਰਨਗੇ। ਉਨ੍ਹਾਂ ਕਿਹਾ, "ਕੈਨੇਡਾ ਦੀਆਂ ਪੁਰਾਣੀਆਂ ਬਹੁਤ ਸਾਰੀਆਂ ਸਮਰੱਥਾਵਾਂ ਜੋ ਅਮਰੀਕਾ ਨਾਲ ਨਜ਼ਦੀਕੀ ਸਬੰਧਾਂ 'ਤੇ ਆਧਾਰਿਤ ਸਨ, ਹੁਣ ਕਮਜ਼ੋਰੀਆਂ ਪੈ ਗਈਆਂ ਹਨ। ਸਾਡੇ ਉਦਯੋਗਾਂ ਵਿਚ ਕਾਮਿਆਂ ਦੀਆਂ ਨੌਕਰੀਆਂ 'ਤੇ ਅਮਰੀਕੀ ਟੈਰਿਫਾਂ ਦਾ ਸਭ ਤੋਂ ਵੱਧ ਅਸਰ ਪਿਆ ਹੈ। ਆਟੋ, ਸਟੀਲ, ਲੱਕੜ ਉਦਯੋਗ ਖ਼ਤਰੇ ਵਿਚ ਹਨ। ਸਾਡੇ ਕਾਰੋਬਾਰ ਨਿਵੇਸ਼ ਕਰਨ ਤੋਂ ਗੁਰੇਜ਼ ਕਰ ਰਹੇ ਹਨ, ਕਿਉਂਕਿ ਸਾਡੇ ਸਾਰਿਆਂ 'ਤੇ ਲਟਕ ਰਹੀ ਅਨਿਸ਼ਚਿਤਤਾ ਦੀ ਤਲਵਾਰ ਨੇ ਉਨ੍ਹਾਂ ਨੂੰ ਰੋਕਿਆ ਹੋਇਆ ਹੈ।" ਚੇਤੇ ਰਹੇ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਟੈਰਿਫਾਂ ਨਾਲ ਕੈਨੇਡਾ ਦੇ ਅਰਥਚਾਰੇ ਅਤੇ ਪ੍ਰਭੂਸੱਤਾ ਲਈ ਖ਼ਤਰੇ ਖੜ੍ਹੇ ਕਰ ਰਹੇ ਹਨ, ਜਿਸ ਵਿਚ ਸਭ ਤੋਂ ਵੱਧ ਅਪਮਾਨਜਨਕ ਇਹ ਦਾਅਵਾ ਹੈ ਕਿ ਕੈਨੇਡਾ '51ਵਾਂ ਰਾਜ' ਬਣ ਸਕਦਾ ਹੈ। ਸ਼੍ਰੀ ਕਾਰਨੀ ਨੇ ਕੈਨੇਡਿਆਈ ਲੋਕਾਂ ਨੂੰ ਸੰਬੋਧਨ ਦੌਰਾਨ ਦੁਹਰਾਇਆ ਕਿ ਕੈਨੇਡਿਆਈ ਅਤੇ ਅਮਰੀਕੀ ਅਰਥਚਾਰਿਆਂ ਦਰਮਿਆਨ ਇੱਕ-ਦੂਜੇ ਦੇ ਨੇੜੇ ਆਉਣ ਦੀ ਦਹਾਕਿਆਂ ਲੰਬੀ ਪ੍ਰਕਿਰਿਆ ਹੁਣ ਖ਼ਤਮ ਹੋ ਗਈ ਹੈ। ਉਨ੍ਹਾਂ ਕਿਹਾ, "ਅਮਰੀਕਾ ਨੇ ਵਪਾਰ ਪ੍ਰਤੀ ਆਪਣੀ ਪਹੁੰਚ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ। ਆਪਣੇ ਟੈਰਿਫ ਵਧਾ ਕੇ ਉਨ੍ਹਾਂ ਪੱਧਰਾਂ 'ਤੇ ਲਿਆਂਦਾ ਹੈ, ਜੋ ਮਹਾਂ ਮੰਦੀ ਦੌਰਾਨ ਆਖ਼ਰੀ ਵਾਰ ਦੇਖੇ ਗਏ ਸਨ।

# ਸ਼ਟਡਾਊਨ ਕਾਰਨ ਅਮਰੀਕਾ 'ਚ ਵੱਡੀ ਗਿਣਤੀ 'ਚ ਫਲਾਈਟਾਂ ਹੋ ਰਹੀਆਂ ਪ੍ਰਭਾਵਿਤ

**ਲਾਸ ਏਂਜਲਸ, (ਪੰਜਾਬ ਮੇਲ)-** ਅਮਰੀਕਾ 'ਚ ਫੈਡਰਲ ਸਰਕਾਰ ਦੇ ਸ਼ਟਡਾਊਨ ਦੌਰਾਨ ਏਅਰ ਟ੍ਰੈਫਿਕ ਕੰਟਰੋਲਰਾਂ ਦੀ ਕਮੀ ਕਾਰਨ ਹਵਾਈ ਯਾਤਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਅਮਰੀਕਾ ਦੇ ਦੱਖਣੀ ਕੈਲੀਫੋਰਨੀਆ ਹਵਾਈ ਆਵਾਜਾਈ ਕੰਟਰੋਲ ਕੇਂਦਰ 'ਚ ਸਟਾਫ ਦੀ ਘਾਟ ਕਾਰਨ ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ ਲਈ ਉਡਾਣਾਂ ਕੁਝ ਸਮੇਂ ਲਈ ਰੋਕ ਦਿੱਤੀਆਂ ਗਈਆਂ ਹਨ। ਫੈੱਡਰਲ ਏਵੀਏਸ਼ਨ ਪ੍ਰਸ਼ਾਸਨ (ਐੱਫ.ਏ.ਏ.) ਨੇ ਇਹ ਜਾਣਕਾਰੀ ਦਿੱਤੀ ਹੈ। ਏਜੰਸੀ ਨੇ ਸ਼ਿਕਾਗੋ, ਵਾਸ਼ਿੰਗਟਨ ਅਤੇ ਨੇਵਾਰਕ (ਨਿਊਜਰਸੀ) ਵਿਚ ਸਟਾਫ ਦੀ ਘਾਟ ਕਾਰਨ ਉਡਾਣ ਸੰਚਾਲਨ ਵਿਚ ਦੇਰੀ ਦੀ ਰਿਪੋਰਟ ਵੀ ਕੀਤੀ। ਐੱਫ.ਏ.ਏ. ਨੇ ਦੁਨੀਆਂ ਦੇ ਸਭ ਤੋਂ ਬਿਜ਼ੀ ਹਵਾਈ ਅੱਡੇ 'ਤੇ ਉਡਾਣ ਸੰਚਾਲਨ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਇਸ ਤੋਂ ਤੁਰੰਤ ਬਾਅਦ ਅਮਰੀਕੀ ਆਵਾਜਾਈ ਸਕੱਤਰ ਸੀਨ ਡਫੀ ਨੇ ਖਦਸ਼ਾ ਪ੍ਰਗਟਾਇਆ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਉਡਾਣਾਂ 'ਚ ਦੇਰੀ ਹੋ ਸਕਦੀ ਜਾਂ ਉਨ੍ਹਾਂ ਨੂੰ ਰੱਦ ਕੀਤਾ ਜਾ ਸਕਦਾ ਹੈ ਕਿਉਂਕਿ ਦੇਸ਼ ਦੇ ਹਵਾਈ ਆਵਾਜਾਈ ਕੰਟਰੋਲਰ ਸੰਘੀ ਸਰਕਾਰ ਦੇ 'ਸ਼ਟਡਾਊਨ' ਦੌਰਾਨ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਨ।

# ਅਮਰੀਕਾ 'ਚ ਕਰੋੜਾਂ ਡਾਲਰਾਂ ਦੀ ਟਰਾਂਸਪੋਰਟ ਠੱਗੀ ਦੇ ਦੋਸ਼ ਹੇਠ 12 ਪੰਜਾਬੀ ਗ੍ਰਿਫ਼ਤਾਰ



**ਵੈਨਕੂਵਰ, (ਪੰਜਾਬ ਮੇਲ)-** ਅਮਰੀਕੀ ਪੁਲਿਸ ਨੇ ਦੇਸ਼ ਦੇ ਪੱਛਮੀ ਸੂਬਿਆਂ ਵਸ਼ਿੰਗਟਨ ਅਤੇ ਕੈਲੀਫੋਰਨੀਆ ਵਿਚ ਸਿੰਘ ਆਰਗੇਨਾਈਜੇਸ਼ਨ ਨਾਂਅ ਹੇਠ ਸੰਗਠਿਤ ਗੈਂਗ ਦੇ 12 ਮੈਂਬਰਾਂ ਨੂੰ ਕਰੋੜਾਂ ਡਾਲਰਾਂ ਦੀ ਟਰਾਂਸਪੋਰਟ ਠੱਗੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਸੇਂਟ ਬਰਨਾਰਡ ਕਾਉਂਟੀ ਸ਼ੈਰਿਫ਼ (ਪੁਲਿਸ ਵਿਭਾਗ) ਵਲੋਂ ਕਥਿਤ ਦੋਸ਼ੀਆਂ ਦੀ ਪਛਾਣ ਪਰਮਵੀਰ ਸਿੰਘ (29), ਹਰਪ੍ਰੀਤ ਸਿੰਘ (26), ਅਰਸ਼ਪ੍ਰੀਤ ਸਿੰਘ (27) ਸਾਰੇ ਵਾਸੀ ਰੈਂਚੋ ਕੂਕਾਮੋਂਗਾ, ਸੰਦੀਪ ਸਿੰਘ (31) ਵਾਸੀ ਸੇਂਟ ਬਰਨਾਰਡ, ਮਨਦੀਪ ਸਿੰਘ (42), ਰਣਜੋਧ ਸਿੰਘ (38) ਦੋਹੇਂ ਵਾਸੀ ਬੇਕਰਜ਼ਫੀਲਡ, ਗੁਰਨੇਕ ਸਿੰਘ ਚੌਹਾਨ (40), ਵਿਕਰਮਜੀਤ ਸਿੰਘ (30), ਨਰਾਇਣ ਸਿੰਘ (27) ਤਿੰਨੇ ਵਾਸੀ ਫੋਨਟਾਨਾ, ਬਿਕਰਮਜੀਤ ਸਿੰਘ (27) ਵਾਸੀ ਸੈਕਰਾਮੈਂਟੋ, ਹਿੰਮਤ ਸਿੰਘ ਖਾਲਸਾ (28) ਵਾਸੀ ਰੈਂਟਨ (ਵਸ਼ਿੰਗਟਨ) ਤੇ ਉਨ੍ਹਾਂ ਦੇ ਸਾਥੀ ਐਲਗਰ ਹਰਨਾਂਦੇਜ (27) ਵਾਸੀ ਫੋਨਟਾਨਾ ਵਜੋਂ ਕੀਤੀ ਗਈ ਹੈ।

ਪੁਲਿਸ ਦੀ ਸਾਂਝੀ ਜਾਂਚ ਟੀਮ ਵਲੋਂ ਦੱਸਿਆ ਗਿਆ ਕਿ 2021 ਤੋਂ ਢੋਆ ਢੁਆਈ ਦੇ ਨਾਂਅ ਹੇਠ ਕੀਮਤੀ ਸਮਾਨ ਗਾਇਬ ਹੋਣ ਦੀਆਂ ਸੈਂਕੜੇ ਸ਼ਿਕਾਇਤਾਂ ਮਿਲਣ ਤੋਂ ਬਾਅਦ ਕੈਲੀਫੋਰਨੀਅਹ ਅਤੇ ਵਸ਼ਿੰਗਟਨ ਦੀਆਂ ਕਾਉਂਟੀ ਪੁਲਿਸ ਵਲੋਂ ਟੀਮਾਂ ਗਠਿਤ ਕੀਤੀਆਂ ਗਈਆਂ ਸੀ। ਇਨ੍ਹਾਂ ਟੀਮਾਂ ਨੇ ਲੰਮੀ ਜਾਂਚ ਤੋਂ ਬਾਅਦ ਪਤਾ ਲਾਇਆ ਕਿ ਕੁੱਝ ਵਿਅਕਤੀਆਂ ਨੇ ਸਿੰਘ ਆਰਗੇਨਾਈਜ਼ੇਸ਼ਨ ਨਾਂਅ ਹੇਠ ਗੈਂਗ ਬਣਾਇਆ ਹੋਇਆ ਸੀ, ਜੋ ਨਾਮੀ ਟਰਾਂਸਪੋਰਟ ਕੰਪਨੀਆਂ ਦੇ ਨਾਂਅ ਹੇਠ ਕੀਮਤੀ ਸਮਾਨ ਦੀ ਢੋਆ ਢੁਆਈ ਦੇ ਠੇਕੇ ਲੈ ਕੇ ਸਮਾਨ ਲੋਡ ਕਰ ਲੈਂਦਾ ਤੇ ਠਿਕਾਣੇ ਉੱਤੇ ਪਹੁੰਚਾਣ ਦੀ ਥਾਂ ਵੇਚ ਦਿੰਦੇ। ਪੁਲਿਸ ਨੇ ਦੱਸਿਆ ਕਿ ਸਬੂਤ ਇਕੱਤਰ ਕਰਕੇ ਇੱਕੋ ਵੇਲੇ ਛਾਪੇ ਮਾਰਦਿਆਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਉਨ੍ਹਾਂ ਵੱਲੋਂ ਚਾਰ ਸਾਲਾਂ ਦੌਰਾਨ ਕੀਤੀਆਂ ਠੱਗੀਆਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਪਤਾ ਵੀ ਲਾਇਆ ਜਾ ਰਿਹਾ ਹੈ ਕਿ ਇਹ ਲੋਕ ਚੋਰੀ ਕੀਤਾ ਕੀਮਤੀ ਸਮਾਨ ਆਪ ਵੇਚਦੇ ਸਨ ਜਾਂ ਕਿਸੇ ਵਿਕਰੇਤਾ ਨੂੰ ਸਸਤੇ ਰੇਟ 'ਤੇ ਵੇਚਦੇ ਸਨ। ਇਹ ਕਾਰਵਾਈ ਫੈਡਰਲ ਜਾਂਚ ਬਿਊਰੋ, ਰਿਵਰਸਾਈਡ ਆਈਲੈਂਡ ਟਾਸਕ ਫੋਰਸ, ਲਾਸ ਏਂਜਲਸ ਕਾਉਂਟੀ ਸ਼ੈਰਿਫ ਵਿਭਾਗ, ਫੋਨਟਾਨਾ ਪੁਲਿਸ ਅਤੇ ਕੈਲੀਫੋਰਨੀਆ ਹਾਈਵੇਅ ਪੈਟਰੋਲ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ।

# ਜਲਦ ਹੀ ਪੰਜਾਬੀਆਂ ਨਾਲ ਭਰੇ ਇਕ ਹੋਰ ਜਹਾਜ਼ ਨੂੰ ਅਮਰੀਕਾ ਤੋਂ ਭਾਰਤ ਕੀਤਾ ਜਾਵੇਗਾ ਰਵਾਨਾ !

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰਾਂ ਅਤੇ ਗੈਂਗਸਟਰਾਂ ਦੀ ਫੜੋ-ਫੜੀ ਦੌਰਾਨ ਚਾਰ ਜਣਿਆਂ ਨੂੰ ਇੰਮੀਗ੍ਰੇਸ਼ਨ ਅਫ਼ਸਰਾਂ ਵੱਲੋਂ ਕਾਬੂ ਕੀਤੇ ਜਾਣ ਦੀ ਰਿਪੋਰਟ ਹੈ, ਜਿਨ੍ਹਾਂ ਵਿਚੋਂ ਇਕ ਦੀ ਸ਼ਨਾਖਤ ਲਾਰੈਂਸ ਬਿਸ਼ਨੋਈ ਗਿਰੋਹ ਦੇ ਸਾਬਕਾ ਮੈਂਬਰ ਅਤੇ ਧੂਰਕੋਟ ਨਾਲ ਸਬੰਧਤ ਜਗਦੀਪ ਸਿੰਘ ਜੱਗਾ ਵਜੋਂ ਕੀਤੀ ਗਈ ਹੈ। ਇਸ ਵੇਲੇ ਰੋਹਿਤ ਗੋਦਾਰਾ ਗਿਰੋਹ ਨਾਲ ਕੰਮ ਕਰ ਰਹੇ ਜੱਗੇ ਨੂੰ ਕੈਨੇਡਾ-ਅਮਰੀਕਾ ਦੇ ਬਾਰਡਰ ਨੇੜੇ ਗ੍ਰਿਫ਼ਤਾਰ ਕੀਤਾ ਗਿਆ। ਦੂਜੇ ਪਾਸੇ ਕੈਲੀਫੋਰਨੀਆ ਦੇ ਬੇਕਰਜ਼ਫ਼ੀਲਡ ਇਲਾਕੇ ਵਿਚ ਤਿੰਨ ਪੰਜਾਬੀਆਂ ਨੂੰ ਗ੍ਰਿਫਤਾਰ ਕਰ ਕੇ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਭੇਜ ਦਿੱਤਾ। ਪ੍ਰਾਪਤ ਜਾਣਕਾਰੀ ਮੁਤਾਬਕ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਦੇ ਦਫ਼ਤਰ 'ਚ ਹਾਜ਼ਰੀ ਲਗਵਾਉਣ ਪੁੱਜੇ 2 ਪੰਜਾਬੀਆਂ ਨੂੰ ਬਾਹਰ ਜਾਣ ਦੀ ਇਜਾਜ਼ਤ ਨਾ ਦਿੱਤੀ ਗਈ, ਜਦਕਿ ਇਕ ਨੌਜਵਾਨ ਨੂੰ ਕਾਰ ਵਿਚੋਂ ਹਿਰਾਸਤ ਵਿਚ ਲਏ ਜਾਣ ਦੀ ਰਿਪੋਰਟ ਹੈ।

ਕੁੱਝ ਦਿਨ ਪਹਿਲਾਂ ਹੀ ਹਰਿਆਣਾ ਦੇ ਨੌਜਵਾਨਾਂ ਨਾਲ ਭਰਿਆ ਇਕ ਜਹਾਜ਼ ਦਿੱਲੀ ਹਵਾਈ ਅੱਡੇ 'ਤੇ ਲੈਂਡ ਕੀਤਾ ਹੈ ਅਤੇ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜਲਦ ਹੀ ਪੰਜਾਬੀਆਂ ਨਾਲ ਲੱਦਿਆ ਇਕ ਹੋਰ ਜਹਾਜ਼ ਅਮਰੀਕਾ ਤੋਂ ਰਵਾਨਾ ਕੀਤਾ ਜਾ ਸਕਦਾ ਹੈ। ਇੰਮੀਗ੍ਰੇਸ਼ਨ ਵੱਲੋਂ ਹਿਰਾਸਤ ਵਿਚ ਲਏ ਪੰਜਾਬੀਆਂ ਦੀ ਸ਼ਨਾਖਤ ਜਨਤਕ ਨਹੀਂ ਕੀਤੀ ਗਈ ਪਰ ਭਾਈਚਾਰੇ ਵੱਲੋਂ ਉਨ੍ਹਾਂ ਦੀ ਰਿਹਾਈ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਧਰ ਜਗਦੀਪ ਸਿੰਘ ਜੱਗੇ ਵਿਰੁੱਧ ਰਾਜਸਥਾਨ ਦੀ ਐਂਟੀ ਗੈਂਗਸਟਰ ਟਾਸਕ ਫ਼ੋਰਸ ਵੱਲੋਂ ਪਹਿਲਾਂ ਹੀ ਕਈ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਹੁਣ ਉਸ ਦੀ ਹਵਾਲਗੀ ਹਾਸਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਜੱਗਾ ਕਈ ਵਰ੍ਹਿਆਂ ਤੋਂ ਭਗੌੜਾ ਦੱਸਿਆ ਜਾ ਰਿਹਾ ਹੈ, ਜਿਸ ਵਿਰੁੱਧ ਪੰਜਾਬ ਵਿਚ ਵੀ ਕਈ ਮਾਮਲੇ ਦਰਜ ਹਨ। ਦੱਸ ਦੇਈਏ ਕਿ ਮਾਰਚ 2017 ਵਿਚ ਜੱਗਾ, ਲਾਰੈਂਸ ਬਿਸ਼ਨੋਈ ਅਤੇ ਅਨਿਲ ਬਿਸ਼ਨੋਈ ਨਾਲ ਜੇਲ੍ਹ ਵਿਚ ਬੰਦ ਸੀ। ਉਸ ਵਿਰੁੱਧ ਜੋਧਪੁਰ ਦੇ ਪ੍ਰਤਾਪ ਨਗਰ ਪੁਲਿਸ ਥਾਣੇ ਵਿਚ ਇਕ ਡਾਕਟਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦਾ ਕੇਸ ਦਰਜ ਕੀਤਾ ਗਿਆ ਸੀ। ਸਿਰਫ਼ ਐਨਾ ਹੀ ਨਹੀਂ, ਜੋਧਪੁਰ ਦੇ ਸਰਦਾਰਪੁਰਾ ਪੁਲਿਸ ਥਾਣੇ ਵਿਚ ਵਾਸੂਦੇਵ ਅਸਰਾਨੀ ਕਤਲ ਮਾਮਲੇ ਦੀ ਐੱਫ਼.ਆਈ.ਆਰ. ਵਿਚ ਵੀ ਜੱਗੇ ਦਾ ਨਾਂ ਸ਼ਾਮਲ ਹੈ।

ਸਤੰਬਰ 2017 'ਚ ਜ਼ਮਾਨਤ ਮਿਲਣ ਮਗਰੋਂ ਉਹ ਦੁਬਈ ਫਰਾਰ ਹੋ ਗਿਆ, ਜਿਥੋਂ ਵੱਖ-ਵੱਖ ਮੁਲਕਾਂ ਰਾਹੀਂ ਹੁੰਦਾ ਹੋਇਆ ਤਿੰਨ ਸਾਲ ਪਹਿਲਾਂ ਅਮਰੀਕਾ ਪੁੱਜਾ। ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਹੀ ਆਈਸ ਵੱਲੋਂ ਗੋਲਡੀ ਬਰਾੜ ਦੇ ਸਾਥੀ ਅਮਿਤ ਸ਼ਰਮਾ ਉਰਫ਼ ਜੈਕ ਪੰਡਿਤ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਰਾਜਸਥਾਨ ਦੇ ਸ੍ਰੀ ਗੰਗਾਨਗਰ ਜ਼ਿਲ੍ਹੇ ਨਾਲ ਸਬੰਧਤ ਹੈ ਅਤੇ ਐਕਸਟੌਰਸ਼ਨ ਤੋਂ ਲੈ ਕੇ ਕਤਲ ਦੀ ਸਾਜ਼ਿਸ਼ ਤੱਕ ਕਈ ਮਾਮਲਿਆਂ 'ਚ ਪੁਲਿਸ ਉਸ ਦੀ ਭਾਲ ਕਰ ਰਹੀ ਸੀ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ 'ਚ ਪੰਜਾਬੀ ਗਾਇਕ ਚੰਨੀ ਨਤਨ ਦੇ ਘਰ 'ਤੇ ਗੋਲੀਬਾਰੀ



**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬੀ ਉਦਯੋਗਪਤੀ ਦਰਸ਼ਨ ਸਿੰਘ ਸਾਹਸੀ ਦੇ ਕਤਲ ਤੋਂ ਇੱਕ ਦਿਨ ਬਾਅਦ ਕੈਨੇਡਾ ਵਿਚ ਪੰਜਾਬੀ ਗਾਇਕ ਚੰਨੀ ਨਤਨ ਦੇ ਘਰ ਗੋਲੀਆਂ ਚਲਾਈਆਂ ਗਈਆਂ ਹਨ।

ਇਸ ਦੌਰਾਨ ਲਾਰੈਂਸ ਬਿਸ਼ਨੋਈ ਗੈਂਗ ਨੇ ਦਰਸ਼ਨ ਸਿੰਘ ਸਾਹਸੀ ਦੇ ਕਤਲ ਅਤੇ ਚੰਨੀ ਨਤਨ ਦੀ ਰਿਹਾਇਸ਼ 'ਤੇ ਹੋਈ ਗੋਲੀਬਾਰੀ ਦੋਵਾਂ ਘਟਨਾਵਾਂ ਦੀ ਜ਼ਿੰਮੇਵਾਰੀ ਲਈ ਹੈ। ਗੈਂਗ ਨੇ ਕਿਹਾ ਹੈ ਕਿ ਉਦਯੋਗਪਤੀ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਸ ਨੇ ਫਿਰੌਤੀ ਦੀ ਰਕਮ ਅਦਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਪੁਲਿਸ ਵੱਲੋਂ ਦੋਵਾਂ ਘਟਨਾਵਾਂ ਦੀ ਜਾਂਚ ਜਾਰੀ ਹੈ ਅਤੇ ਭਾਰਤੀ-ਕੈਨੇਡੀਅਨ ਭਾਈਚਾਰੇ ਦੇ ਸੰਭਾਵੀ ਨਿਸ਼ਾਨਿਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

## ■ ਬਿਸ਼ਨੋਈ ਗੈਂਗ ਨੇ ਗਾਇਕ ਦੇ ਘਰ 'ਤੇ ਗੋਲੀਬਾਰੀ ਦੀ ਲਈ ਜ਼ਿੰਮੇਵਾਰੀ

ਬਿਸ਼ਨੋਈ ਗੈਂਗ ਲਾਰੈਂਸ ਬਿਸ਼ਨੋਈ ਦੀ ਅਗਵਾਈ ਵਾਲਾ ਇੱਕ ਵੱਡਾ ਅਪਰਾਧਿਕ ਸਿੰਡੀਕੇਟ ਹੈ। ਲਾਰੈਂਸ 2014 ਤੋਂ ਭਾਰਤੀ ਜੇਲ੍ਹ ਵਿਚ ਬੰਦ ਹੈ ਪਰ ਜੇਲ੍ਹ ਤੋਂ ਹੀ ਅਪਰਾਧਿਕ ਕਾਰਵਾਈਆਂ ਨੂੰ ਕੰਟਰੋਲ ਕਰ ਰਿਹਾ ਹੈ। ਗੈਂਗ ਦਾ ਇੱਕ ਵੱਡਾ ਨੈੱਟਵਰਕ ਹੈ, ਜਿਸ ਵਿਚ ਸੈਂਕੜੇ ਮੈਂਬਰ ਸ਼ਾਮਲ ਹਨ, ਜੋ ਭਾਰਤ ਅਤੇ ਕੌਮਾਂਤਰੀ ਪੱਧਰ 'ਤੇ ਕੈਨੇਡਾ ਸਮੇਤ, ਫਿਰੌਤੀ, ਨਿਸ਼ਾਨਾ ਬਣਾ ਕੇ ਕਤਲ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਥਿਆਰਬੰਦ ਹਿੰਸਾ ਵਿਚ ਸ਼ਾਮਲ ਹਨ।

ਇਸ ਸਿੰਡੀਕੇਟ ਨੇ 2022 ਵਿਚ ਸਿੱਧੂ ਮੂਸੇਵਾਲਾ ਦੇ ਕਤਲ ਵਰਗੇ ਹਾਈ-ਪ੍ਰੋਫਾਈਲ ਅਪਰਾਧਾਂ ਤੋਂ ਬਾਅਦ ਪ੍ਰਮੁੱਖਤਾ ਹਾਸਲ ਕੀਤੀ ਅਤੇ ਇਸਦੀਆਂ ਕੌਮਾਂਤਰੀ ਅਪਰਾਧਿਕ ਗਤੀਵਿਧੀਆਂ ਕਾਰਨ ਕੈਨੇਡੀਅਨ ਅਥਾਰਟੀਜ਼ ਵੱਲੋਂ ਇਸ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ ਗਿਆ ਹੈ। ਇਹ ਗੈਂਗ ਵੱਡੀ ਗਿਣਤੀ ਵਿਚ ਪੰਜਾਬੀ ਪ੍ਰਵਾਸੀਆਂ ਵਾਲੇ ਖੇਤਰਾਂ ਵਿਚ ਮਹੱਤਵਪੂਰਨ ਪ੍ਰਭਾਵ ਰੱਖਦਾ ਹੈ, ਜਿਸ ਨਾਲ ਭਾਰਤ ਅਤੇ ਵਿਦੇਸ਼ਾਂ ਵਿਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਗੰਭੀਰ ਚੁਣੌਤੀਆਂ ਪੈਦਾ ਹੋ ਰਹੀਆਂ ਹਨ।

ਕਤਲ ਅਤੇ ਹਾਲ ਹੀ ਵਿਚ ਹੋਈ ਗੋਲੀਬਾਰੀ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਜਾਣੇ-ਪਛਾਣੇ ਮੈਂਬਰ ਗੋਲਡੀ ਢਿੱਲੋਂ ਦੀ ਇੱਕ ਫੇਸਬੁੱਕ ਪੋਸਟ ਰਾਹੀਂ ਲਈ ਗਈ। ਪੋਸਟ ਵਿਚ ਢਿੱਲੋਂ ਨੇ ਕਿਹਾ ਲਾਇਆ ਕਿ ਦਰਸ਼ਨ ਸਿੰਘ ਸਾਹਸੀ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਮੂਲੀਅਤ ਅਤੇ ਗੈਂਗ ਵੱਲੋਂ ਮੰਗੀ ਗਈ ਫਿਰੌਤੀ ਦੀ ਰਕਮ ਅਦਾ ਕਰਨ ਤੋਂ ਇਨਕਾਰ ਕਰਨ ਕਾਰਨ ਮਾਰਿਆ ਗਿਆ ਸੀ।

# ਬੀ.ਸੀ. ਵਿਧਾਨ ਸਭਾ 'ਚ ਚੜ੍ਹਦੀ ਕਲਾ ਬ੍ਰਦਰਹੁਡਜ਼ ਵੈੱਲਫੇਅਰ ਐਸੋਸੀਏਸ਼ਨ ਦੇ ਭਲਾਈ ਉਪਰਾਲਿਆਂ ਦੀ ਸ਼ਲਾਘਾ



**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿਖੇ ਸਥਿਤ ਵਿਧਾਨ ਸਭਾ ਵਿਚ ਚਲਦੇ ਹਾਊਸ ਦੌਰਾਨ ਚੜ੍ਹਦੀ ਕਲਾ ਬ੍ਰਦਰਹੁਡਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਸਮਾਜਿਕ ਤੇ ਮਨੁੱਖੀ ਭਲਾਈ ਦੇ ਉਪਰਾਲਿਆਂ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ ਗਈ। ਉੱਚ ਸਿੱਖਿਆ ਮੰਤਰੀ ਜੈਸੀ ਸੁੰਨੜ ਨੇ ਹਾਊਸ ਨੂੰ ਸੰਬੋਧਨ ਕਰਦਿਆਂ ਐਸੋਸੀਏਸ਼ਨ ਵੱਲੋਂ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਦੀ ਅਗਵਾਈ ਹੇਠ ਸਮਾਜਿਕ ਸੇਵਾ ਦੇ ਖੇਤਰ ਵਿਚ ਕੀਤੇ ਜਾ ਰਹੇ ਲੜੀਵਾਰ ਯਤਨਾਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਸੰਸਥਾ ਸਥਾਨਕ ਪੱਧਰ 'ਤੇ ਮਨੁੱਖਤਾ ਦੀ ਸੇਵਾ ਦੇ ਨਵੇਂ ਮਾਪਦੰਡ ਸਥਾਪਤ ਕਰ ਰਹੀ ਹੈ। ਇਸ ਮੌਕੇ ਵਿਧਾਇਕ ਬਰਾਇਨ ਟੈਪਰ ਨੇ ਐਸੋਸੀਏਸ਼ਨ ਦੇ ਉਪਰਾਲਿਆਂ ਦੀ ਖੁੱਲ੍ਹ ਕੇ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸੰਸਥਾ ਵੱਲੋਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ 12 ਹਜ਼ਾਰ ਡਾਲਰ ਦੀ ਰਕਮ ਭੇਜਣਾ, ਖ਼ੂਨਦਾਨ ਕੈਂਪ, ਸਫਾਈ ਮੁਹਿੰਮਾਂ ਅਤੇ ਬੀ.ਸੀ. ਚਿਲਡਰਨ ਹਸਪਤਾਲ ਲਈ ਖਿਡੌਣਿਆਂ ਦਾ ਦਾਨ ਕਰਨਾ - ਇਹ ਸਾਰੇ ਕਦਮ ਐਸੋਸੀਏਸ਼ਨ ਦੀ ਸਮਰਪਿਤ ਭਾਵਨਾ ਦੇ ਪ੍ਰਤੀਕ ਹਨ।

# ਅਮਰੀਕਾ 'ਚ 2 ਨੌਕਰੀਆਂ ਕਰਨ ਵਾਲਾ ਭਾਰਤੀ ਨਾਗਰਿਕ ਗ੍ਰਿਫ਼ਤਾਰ!

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਸੰਯੁਕਤ ਰਾਜ ਅਮਰੀਕਾ 'ਚ 2 ਨੌਕਰੀਆਂ ਕਰਨ ਵਾਲੇ ਇਕ ਭਾਰਤੀ ਵਿਅਕਤੀ ਨੂੰ ਉੱਥੋਂ ਦੇ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਹ ਵਿਅਕਤੀ ਜਿਸ ਦਾ ਨਾਂ ਮੇਹੁਲ ਗੋਸਵਾਮੀ (39) ਹੈ, ਨਿਊਯਾਰਕ 'ਚ ਰਹਿੰਦਾ ਹੈ ਅਤੇ ਨਿਊਯਾਰਕ ਸਟੇਟ ਇਨਫਰਮੇਸ਼ਨ ਟੈਕਨਾਲੋਜੀ ਸਰਵਿਸਿਜ਼ ਦਫਤਰ 'ਚ ਇਕ ਸਰਕਾਰੀ ਕਰਮਚਾਰੀ ਵਜੋਂ ਕੰਮ ਕਰਦਾ ਸੀ।



ਇਸ ਦੇ ਨਾਲ ਹੀ, ਉਹ ਮਾਰਚ 2022 ਤੋਂ ਮਾਲਟਾ 'ਚ ਗਲੋਬਲ ਫਾਊਂਡਰੀਜ਼ ਨਾਮੀ ਇਕ ਸੈਮੀਕੰਡਕਟਰ ਕੰਪਨੀ 'ਚ ਠੇਕੇਦਾਰ ਵਜੋਂ ਕੰਮ ਕਰ ਰਿਹਾ ਸੀ, ਇਕ ਈਮੇਲ ਰਾਹੀਂ ਇਸ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ, ਅਧਿਕਾਰੀਆਂ ਨੇ ਜਾਂਚ ਸ਼ੁਰੂ ਕੀਤੀ ਅਤੇ ਪੁਸ਼ਟੀ ਕੀਤੀ ਕਿ ਉਹ 2 ਨੌਕਰੀਆਂ ਕਰ ਰਿਹਾ ਸੀ। ਸਰਕਾਰੀ ਕਰਮਚਾਰੀਆਂ ਨੂੰ ਆਪਣੀ ਡਿਊਟੀ ਈਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ, ਪਰ ਗੋਸਵਾਮੀ ਨੇ ਇਸ ਦੀ ਉਲੰਘਣਾ ਕੀਤੀ, ਗੋਸਵਾਮੀ ਨੂੰ ਇਸ ਮਹੀਨੇ ਦੀ 15 ਤਰੀਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇਕ ਜੱਜ ਦੇ ਸਾਹਮਣੇ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਬਾਅਦ 'ਚ ਉਸ ਨੂੰ ਨਿੱਜੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ। ਜੇਕਰ ਮੁਕੱਦਮੇ ਦੌਰਾਨ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਉਸ ਨੂੰ 15 ਸਾਲ ਤੱਕ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ।

# ਭਿਆਨਕ ਸੜਕ ਹਾਦਸੇ 'ਚ ਭਾਰਤੀ ਮੂਲ ਦੀ ਮਾਂ-ਧੀ ਦੀ ਮੌਤ

**ਸ਼ਿਕਾਗੋ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਦੇ ਰਾਜ ਸ਼ਿਕਾਗੋ ਦੇ ਨੇੜੇ ਹੋਏ ਇਕ ਕਾਰ-ਸੜਕ ਹਾਦਸੇ ਦੌਰਾਨ ਭਾਰਤੀ ਮੂਲ ਦੀ ਮਾਂ ਅਤੇ ਧੀ ਦੀ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜੋ ਆਂਧਰਾ ਪ੍ਰਦੇਸ਼ ਰਾਜ ਦੇ ਮੈਨਚੇਰੀਅਲ ਦੀ ਰੈੱਡੀ ਕਾਲੋਨੀ ਦੇ ਨਾਲ ਸਬੰਧਤ ਸਨ ਅਤੇ ਇੱਕ ਸਮਾਰੋਹ ਵਿਚ ਸ਼ਾਮਲ ਹੋਣ ਜਾ ਰਹੇ ਸਨ। ਮਾਰੀ ਗਈ ਮਾਂ ਆਪਣੀ ਛੋਟੀ ਧੀ ਦੇ ਨਾਲ ਆਪਣੀ ਵੱਡੀ ਧੀ ਵੱਲੋਂ ਲਏ ਗਏ ਨਵੇਂ ਘਰ 'ਚ ਪ੍ਰਵੇਸ਼ ਲਈ ਰੱਖੇ ਗਈ ਸਮਾਗਮ ਵਿਚ ਸ਼ਾਮਲ ਹੋਣ ਲਈ ਜਾ ਰਹੇ ਸੀ ਅਤੇ ਉਨ੍ਹਾਂ ਦੀ ਕਾਰ ਇਕ ਟਰੱਕ ਦੇ ਨਾਲ ਟਕਰਾ ਗਈ। ਪਰਿਵਾਰਕ ਮੈਂਬਰਾਂ ਦੇ ਅਨੁਸਾਰ, ਪਥਾ ਰਾਮਾਦੇਵੀ (52) ਪਤਨੀ ਵਿਗਨੇਸ਼ ਅਤੇ ਉਨ੍ਹਾਂ ਦੀ ਛੋਟੀ ਧੀ ਤੇਜਸਵੀ (32), ਜੋ ਕਿ ਮਨਚੇਰੀਆਲ ਦੀ ਰੈਡੀ ਕਲੋਨੀ ਦੇ ਵਸਨੀਕ ਸਨ, ਟਰੱਕ ਦੀ ਕਾਰ ਨਾਲ ਟੱਕਰ ਹੋਣ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ 'ਚ ਮਾਰੀ ਗਈ ਤੇਜਸਵੀ ਅਤੇ ਉਸਦੀ ਵੱਡੀ ਭੈਣ ਕੁਝ ਸਾਲ ਪਹਿਲਾਂ ਅਮਰੀਕਾ ਚਲੇ ਗਏ ਸਨ ਅਤੇ ਉੱਥੇ ਹੀ ਵਸ ਗਏ ਸਨ, ਜਦੋਂ ਕਿ ਰਮਾਦੇਵੀ ਹਾਲ ਹੀ ਵਿਚ ਅਮਰੀਕਾ ਵਿਚ ਕੁਝ ਦਿਨ ਪਹਿਲੇ ਸ਼ਾਮਲ ਹੋਈ ਸੀ।



**ਮਾਂ ਰਮਾਦੇਵੀ ਧੀ ਤੇਜਸਵੀ ਦੀ ਫ਼ਾਈਲ ਫ ਟ ।**




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੀਵਾਲੀ ਤੇ 370 ਲੋੜਵੰਦਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਦੀਵਾਲੀ ਦੇ ਤਿਉਹਾਰ ਮੌਕੇ 370 ਲੋੜਵੰਦਾਂ ਨੂੰ 277500 ਰੁਪਏ ਦੀ ਵਿੱਤੀ ਸਹਾਇਤਾ ਮਹੰਤ ਕਸ਼ਮੀਰ ਸਿੰਘ ਦੀ ਰਹਿਨੁਮਾਈ ਹੇਠ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਦਿੱਤੀ ਗਈ। ਇਸ ਸਮਾਗਮ ਵਿਚ ਜੈ ਸ਼੍ਰੀ ਰਾਮ ਲੀਲਾ ਦੁਸਹਿਰਾ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਰਮਨ ਗਿਰਧਰ, ਖਜ਼ਾਨਚੀ ਸੰਜੀਵ ਖੇੜਾ ਅਤੇ ਰਾਮ ਭਟੇਜਾ ਮੇਲੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਅਰਵਿੰਦਰ ਪਾਲ ਸਿੰਘ



ਡਾ. ਐੱਸ.ਪੀ. ਸਿੰਘ ਓਬਰਾਏ।

ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਦੀਵਾਲੀ ਮੌਕੇ ਬੇਸਹਾਰਾ ਬੱਚਿਆਂ, ਬੇਸਹਾਰਾ ਵਿਧਵਾਵਾਂ, ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਡਾ. ਓਬਰਾਏ ਵਲੋਂ ਭੇਜੀ ਹੋਈ ਰਾਸ਼ੀ ਦਿੱਤੀ ਗਈ, ਤਾਂ ਜੋ ਇਹ ਲੋੜਵੰਦ ਅਪਣੀ ਦੀਵਾਲੀ ਵਧੀਆ ਢੰਗ ਨਾਲ ਮਨਾ ਸਕਣ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਸਾਡੀ ਰੁਸ਼ਨਾਏਗੀ। ਇਸ ਸਮਾਗਮ ਦੌਰਾਨ ਅੰਤਰਰਾਸ਼ਟਰੀ ਬਾਡੀ ਬਿਲਡਰ ਗੁਰਭੇਜ ਸਿੰਘ ਖੋਸਾ ਨੇ ਵੀ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਲੋਕਾਂ ਨੂੰ ਵਧੀਆ ਖੁਰਾਕ ਖਾਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਜਸਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਬਰਨੇਕ ਸਿੰਘ ਰਿਟਾ. ਲੈਕਚਰਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਬਲਾਕ ਅਫ਼ਸਰ ਆਦਿ ਹਾਜ਼ਰ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਵੱਲੋਂ ਲੋੜਵੰਦ ਵਿਦਿਆਰਥਣ ਨੂੰ ਦਿੱਤੀ ਵਿੱਤੀ ਸਹਾਇਤਾ




**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਆਰਥਿਕ ਤੌਰ 'ਤੇ ਕਮਜ਼ੋਰ, ਪੜ੍ਹਾਈ ਵਿਚ ਹੁਸ਼ਿਆਰ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਬਹੁਤ ਹੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ, ਤਾਂ ਜੋ ਇਹ ਵਿਦਿਆਰਥੀ ਅਪਣਾ ਪੜ੍ਹਨ ਦਾ ਸੁਪਨਾ ਪੂਰਾ ਕਰ ਸਕਣ। ਇਸ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਬਹੁਤ ਹੀ ਲੋੜਵੰਦ ਵਿਦਿਆਰਥਣ ਨੂੰ ਪੜ੍ਹਾਈ ਜਾਰੀ ਰੱਖਣ ਲਈ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੈਡਮ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਦਸ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਗੁਰਿੰਦਰ ਸਿੰਘ ਬਾਵਾ ਕੋਕੀ (ਸਾਬਕਾ ਪ੍ਰਧਾਨ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ) ਦੀ ਹਾਜ਼ਰੀ ਵਿਚ ਦਿੱਤੀ ਗਈ। ਬਾਵਾ ਕੋਕੀ ਵੱਲੋਂ ਡਾ. ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਵਿਦਿਆਰਥਣ ਪੜ੍ਹਾਈ ਵਿਚ ਹੁਸ਼ਿਆਰ ਹੈ, ਪੜ੍ਹਾਈ ਜਾਰੀ ਰੱਖਣਾ ਚਾਹੁੰਦੀ ਹੈ ਪਰ ਘਰ ਦੇ ਹਾਲਾਤ ਇਸ ਦੀ ਇਜਾਜ਼ਤ ਨਹੀਂ ਦੇ ਰਹੇ ਸਨ, ਤਾਂ ਇਸ ਵਿਦਿਆਰਥਣ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਰਾਹੀਂ ਆਰਥਿਕ ਮਦਦ ਦੀ ਬੇਨਤੀ ਕੀਤੀ ਗਈ ਸੀ, ਤਾਂ ਡਾ. ਓਬਰਾਏ ਵਲੋਂ ਤੁਰੰਤ ਰਾਸ਼ੀ ਭੇਜੀ ਗਈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਵਿਦਿਆਰਥਣ ਨੂੰ ਪਿਛਲੇ ਸਾਲ ਵੀ ਟਰੱਸਟ ਵੱਲੋਂ ਪੜ੍ਹਾਈ ਜਾਰੀ ਰੱਖਣ ਲਈ ਆਰਥਿਕ ਮਦਦ ਦਿੱਤੀ ਗਈ ਸੀ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ. ਆਦਿ ਹਾਜ਼ਰ ਸਨ।




FOR SALE & PURCHASE OF
ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

## ਜਲੰਧਰ ਅਦਾਲਤ ਵੱਲੋਂ 16 ਸਾਲ ਪੁਰਾਣੇ ਮਾਮਲੇ 'ਚ ਜਗਤਾਰ ਸਿੰਘ ਤਾਰਾ ਬਰੀ

**ਜਲੰਧਰ, (ਪੰਜਾਬ ਮੇਲ)**– 16 ਸਾਲ ਪੁਰਾਣੇ ਮਾਮਲੇ ਵਿਚ



ਅਦਾਲਤ ਨੇ ਜਗਤਾਰ ਸਿੰਘ ਤਾਰਾ ਨੂੰ ਬਰੀ ਕਰ ਦਿੱਤਾ ਹੈ। ਬੁੜੈਲ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਜਗਤਾਰ ਸਿੰਘ ਤਾਰਾ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਦੇ ਵਕੀਲ ਐੱਸ.ਕੇ.ਐੱਸ. ਹੁੰਦਲ ਨੇ ਇਹ ਜਾਣਾਰੀ ਦਿੱਤੀ। ਮਿਲੀ ਜਾਣਕਾਰੀ ਮੁਤਾਬਕ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ 17,18,20 ਅਤੇ ਅਸਲਾ ਐਕਟ ਦੇ ਤਹਿਤ ਸਾਲ 2009 'ਚ ਥਾਣਾ ਭੋਗਪੁਰ ਵਿਖੇ ਦਰਜ ਕੀਤੇ ਗਏ ਇਕ ਕੇਸ 'ਚ ਜਗਤਾਰ ਸਿੰਘ ਤਾਰਾ ਨੂੰ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜੀਵ ਕੁਮਾਰ ਬੇਰੀ ਦੀ ਅਦਾਲਤ ਨੇ ਦੋਸ਼ ਸਾਬਤ ਨਾ ਹੋਣ 'ਤੇ ਬਰੀ ਕੀਤੇ ਜਾਣ ਦਾ ਹੁਕਮ ਦਿੱਤਾ ਹੈ।

## ਪੰਜਾਬ 'ਚ ਸਮੂਹਿਕ ਵਿਆਹ ਦੇ ਨਾਂ 'ਤੇ 10 ਐੱਨ.ਆਰ.ਆਈਜ਼ ਨਾਲ 10 ਲੱਖ ਦੀ ਠੱਗੀ

**ਜਲੰਧਰ, (ਪੰਜਾਬ ਮੇਲ)**– ਇੱਕ ਸਮੂਹਿਕ ਵਿਆਹ ਸਮਾਰੋਹ ਵਿਚ ਯੋਗਦਾਨ ਪਾਉਣ ਦੇ ਨਾਮ 'ਤੇ ਸ਼ਹਿਰ ਦੇ 10 ਐੱਨ.ਆਰ.ਆਈਜ਼ ਨਾਲ 10 ਲੱਖ ਦੀ ਠੱਗੀ ਮਾਰੀ ਗਈ। ਲੋੜਵੰਦ ਪਰਿਵਾਰਾਂ ਦੀਆਂ ਕੁੜੀਆਂ ਲਈ ਪੈਸੇ ਭੇਜਣ ਵਾਲੇ ਐੱਨ.ਆਰ.ਆਈਜ਼ ਨੂੰ ਪਤਾ ਲੱਗਾ ਕਿ ਅਜਿਹਾ ਕੋਈ ਸਮਾਰੋਹ ਨਹੀਂ ਹੋਇਆ ਸੀ। ਜਦੋਂ ਐੱਨ.ਆਰ.ਆਈਜ਼ ਨੇ ਸਮਾਰੋਹ ਦਾ ਆਯੋਜਨ ਕਰਨ ਵਾਲੇ "ਸਮਾਜ ਸੇਵਕ" ਦੀ ਭਾਲ ਕੀਤੀ, ਤਾਂ ਉਹ ਪਹਿਲਾਂ ਸੋਸ਼ਲ ਮੀਡੀਆ ਤੋਂ ਗਾਇਬ ਹੋ ਗਿਆ ਅਤੇ ਬਾਅਦ ਵਿਚ ਆਪਣਾ ਮੋਬਾਈਲ ਫੋਨ ਬੰਦ ਕਰ ਦਿੱਤਾ। ਧੋਖੇਬਾਜ਼ਾਂ ਨੇ ਗਰੀਬਾਂ ਲਈ ਪੈਲੇਸ ਬੁੱਕ ਕਰਨ ਅਤੇ ਘਰ ਬਣਾਉਣ ਲਈ ਵੀ ਪੈਸੇ ਦੀ ਮੰਗ ਕੀਤੀ।

ਪਿੰਡ ਰੰਧਾਵਾ ਮਸੰਦਾ ਦੇ ਨੰਬਰਦਾਰ ਜੁਗਲ ਕਿਸ਼ੋਰ ਨੇ ਦੱਸਿਆ ਕਿ ਅਜਿਹੀਆਂ ਧੋਖਾਧੜੀਆਂ ਦੇ ਮਾਮਲੇ ਵਧ ਗਏ ਹਨ। ਉਨ੍ਹਾਂ ਨੇ ਉਨ੍ਹਾਂ ਨੂੰ ਬਿਨਾਂ ਤਸਦੀਕ ਕੀਤੇ ਭੁਗਤਾਨ ਨਾ ਕਰਨ ਦੀ ਅਪੀਲ ਕੀਤੀ। ਉਹ ਧੋਖਾਧੜੀ ਕਰਨ ਵਾਲਿਆਂ ਦੇ ਨੰਬਰ ਅਤੇ ਬੈਂਕ ਖਾਤੇ ਦੇ ਵੇਰਵੇ ਲੈ ਕੇ ਸਾਈਬਰ ਪੁਲਿਸ ਸਟੇਸ਼ਨ ਵਿਚ ਸ਼ਿਕਾਇਤ ਦਰਜ ਕਰਵਾਉਣਗੇ। ਕੈਨੇਡਾ ਤੋਂ ਜਲੰਧਰ ਵਾਪਸ ਆਏ ਐੱਨ.ਆਰ.ਆਈਜ਼ ਸਰਬਜੀਤ ਸਿੰਘ, ਸੁਰਜੀਤ ਲਾਲ ਅਤੇ ਅਜੀਤ ਸਿੰਘ ਨੇ ਕਿਹਾ ਕਿ ਲਗਭਗ ਚਾਰ ਮਹੀਨੇ ਪਹਿਲਾਂ, ਉਨ੍ਹਾਂ ਨੂੰ ਧੋਖਾਧੜੀ ਤੋਂ ਇੱਕ ਇੰਟਰਨੈੱਟ ਕਾਲ ਆਈ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਸੰਸਥਾ "ਬੇਸਹਾਰਿਆਂ ਦਾ ਸਹਾਰਾ ਫਾਊਂਡੇਸ਼ਨ, ਨਵਾਂਸ਼ਹਿਰ" ਹੈ। ਹੁਣ ਤੱਕ, ਸੰਸਥਾ 100 ਤੋਂ ਵੱਧ ਕੁੜੀਆਂ ਦੇ ਵਿਆਹ ਕਰ ਚੁੱਕੀ ਹੈ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਸਮਾਗਮਾਂ ਦੀਆਂ ਤਸਵੀਰਾਂ ਵੀ ਭੇਜੀਆਂ। ਧੋਖਾਧੜੀ ਕਰਨ ਵਾਲੇ ਨੇ ਫਿਰ ਕਿਹਾ, "ਪੂਰੀ ਸੰਸਥਾ ਜਾਣਦੀ ਹੈ ਕਿ ਤੁਸੀਂ ਹਮੇਸ਼ਾ ਲੋੜਵੰਦ ਪਰਿਵਾਰਾਂ ਦੀ ਮਦਦ ਕਰਨ ਲਈ ਅੱਗੇ ਆਉਂਦੇ ਹੋ। ਇਸ ਵਾਰ, ਅਸੀਂ 10 ਕੁੜੀਆਂ ਦਾ ਵਿਆਹ ਕਰਨਾ ਹੈ। ਸਾਨੂੰ ਹਰੇਕ ਨੂੰ ਦਾਜ ਦੇਣ ਦੀ ਲੋੜ ਹੈ।" ਐੱਨ.ਆਰ.ਆਈ. ਸਰਬਜੀਤ ਸਿੰਘ ਨੇ ਕਿਹਾ ਕਿ ਉਸਨੇ ਆਪਣੇ ਦੋਸਤਾਂ ਨਾਲ ਸੰਪਰਕ ਕੀਤਾ। ਉਨ੍ਹਾਂ ਨੇ 8 ਲੱਖ ਰੁਪਏ ਇਕੱਠੇ ਕੀਤੇ ਅਤੇ ਇਸਨੂੰ ਘੁਟਾਲੇਬਾਜ਼ ਦੇ ਖਾਤੇ ਵਿਚ ਟਰਾਂਸਫਰ ਕਰ ਦਿੱਤਾ। ਜਦੋਂ ਪੁੱਛਿਆ ਗਿਆ ਕਿ ਵਿਆਹ ਕਿੱਥੇ ਹੋਣੇ ਹਨ, ਤਾਂ ਉਸਨੇ ਜਵਾਬ ਦਿੱਤਾ 'ਨਵਾਂਸ਼ਹਿਰ ਦੇ ਨੇੜੇ।'

## ਡੀ.ਐੱਸ.ਜੀ.ਐੱਮ.ਐੱਸ. ਵੱਲੋਂ ਸਰਨਾ ਭਰਾਵਾਂ ਤੇ ਜੀ.ਕੇ. ਦੀ ਮੈਂਬਰਸ਼ਿਪ ਰੱਦ

**ਨਵੀਂ ਦਿੱਲੀ, (ਪੰਜਾਬ ਮੇਲ)**– ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵੱਲੋਂ 3 ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸ. ਹਰਵਿੰਦਰ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀ.ਕੇ. ਦੀ ਮੈਂਬਰਸ਼ਿਪ ਕੀਤੀ ਰੱਦ ਕਰ ਦਿੱਤੀ ਗਈ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਉਕਤ ਤਿੰਨਾਂ ਆਗੂਆਂ ਦੇ ਖ਼ਿਲਾਫ਼ ਜੋ ਸ਼ਿਕਾਇਤਾਂ ਸਨ, ਉਨ੍ਹਾਂ ਬਾਰੇ ਕਾਰਵਾਈ ਕਰਦੇ ਹੋਏ ਇਹ ਫੈਸਲਾ ਸਰਬ ਸੰਮਤੀ ਨਾਲ ਜਨਰਲ ਹਾਊਸ ਵਿਚ ਲਿਆ ਗਿਆ ਹੈ।

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਡੀ.ਐੱਸ.ਜੀ.ਐੱਮ.ਐੱਸ. ਦੇ ਜਨਰਲ ਇਜਲਾਸ ਨੂੰ ਗੈਰ-ਕਾਨੂੰਨੀ, ਮਨਮਾਨਾ ਤੇ ਇਕਤਰਫਾ ਦੱਸਦੇ ਹੋਏ ਜਨਰਲ ਇਜਲਾਸ 'ਤੇ ਰੋਕ ਲਗਾ ਦਿੱਤੀ ਸੀ। ਇਸ ਤਰ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦਰਮਿਆਨ ਮੁੜ ਟਕਰਾਅ ਵਾਲੇ ਹਾਲਤ ਬਣ ਗਏ ਹਨ।

## ਅੰਮ੍ਰਿਤਸਰ 'ਚ ਲਾਇਸੈਂਸੀ ਇਮੀਗ੍ਰੇਸ਼ਨ ਸੈਂਟਰ ਵੱਲੋਂ ਦਰਜਨਾਂ ਨੌਜਵਾਨਾਂ ਨਾਲ ਧੋਖਾਧੜੀ

**ਅੰਮ੍ਰਿਤਸਰ, (ਪੰਜਾਬ ਮੇਲ)**– ਮਹਾਨਗਰ 'ਚ ਵਿਦੇਸ਼ ਭੇਜਣ ਦੀ ਆੜ 'ਚ ਇਕ ਟ੍ਰੈਵਲ ਏਜੰਟ ਵੱਲੋਂ ਦਰਜਨਾਂ ਨੌਜਵਾਨਾਂ ਨਾਲ ਧੋਖਾਦੇਹੀ ਕਰਨ ਦਾ ਇਕ ਹੋਰ ਨਵਾਂ ਮਾਮਲਾ ਸਾਹਮਣੇ ਆਇਆ ਹੈ। ਖਾਸ ਗੱਲ ਇਹ ਹੈ ਕਿ ਨੌਜਵਾਨਾਂ ਨਾਲ ਧੋਖਾਦੇਹੀ ਕਰਨ ਵਾਲਾ ਟ੍ਰੈਵਲ ਏਜੰਟ ਬਿਨਾਂ ਲਾਇਸੈਂਸ ਵਾਲਾ ਇਮੀਗ੍ਰੇਸ਼ਨ ਸੈਂਟਰ ਨਹੀਂ ਚਲਾ ਰਿਹਾ ਸੀ, ਸਗੋਂ ਅੰਮ੍ਰਿਤਸਰ ਜ਼ਿਲਾ ਪ੍ਰਸ਼ਾਸਨ ਵੱਲੋਂ ਜਾਰੀ ਇਕ ਲਾਇਸੈਂਸੀ ਇਮੀਗ੍ਰੇਸ਼ਨ ਸੈਂਟਰ ਚਲਾ ਰਿਹਾ ਸੀ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਅਤੇ ਕੁਝ ਹੋਰ ਜ਼ਿਲ੍ਹਿਆਂ ਦੇ ਵੱਖ-ਵੱਖ ਪਿੰਡਾਂ ਦੇ ਦਰਜਨਾਂ ਨੌਜਵਾਨਾਂ ਨੇ ਏ.ਡੀ.ਸੀ. ਜਨਰਲ ਰੋਹਿਤ ਗੁਪਤਾ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ, ਜਿਸ 'ਚ ਟ੍ਰੈਵਲ ਏਜੰਟ ਪ੍ਰਭਸ਼ਰਨ ਸਿੰਘ ਰੰਧਾਵਾ 'ਤੇ ਧੋਖਾਦੇਹੀ ਦਾ ਦੋਸ਼ ਲਾਇਆ ਗਿਆ ਹੈ ਅਤੇ ਆਪਣੇ ਪੈਸੇ ਲੈਣ ਦੀ ਮੰਗ ਕੀਤੀ ਹੈ। ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਏ.ਡੀ.ਸੀ. ਨੇ ਐੱਸ.ਪੀ. ਹੈੱਡਕੁਆਰਟਰ ਅਤੇ ਸਬੰਧਤ ਥਾਣੇ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਤੁਰੰਤ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਰਣਜੀਤ ਐਵੇਨਿਊ ਸਥਿਤ ਇਮੀਗ੍ਰੇਸ਼ਨ ਸੈਂਟਰ ਦਾ ਮਾਲਕ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਠੱਗੀ ਮਾਰ ਰਿਹਾ ਸੀ। ਇਸ ਦੌਰਾਨ ਪ੍ਰਭਸ਼ਰਨ ਸਿੰਘ ਰੰਧਾਵਾ ਦਾ ਮੋਬਾਇਲ ਨੰਬਰ ਬੰਦ ਪਾਇਆ ਗਿਆ। ਅੰਮ੍ਰਿਤਸਰ ਦੇ ਪਾਸ਼ ਰਣਜੀਤ ਐਵੇਨਿਊ ਖੇਤਰ 'ਚ ਦਰਜਨਾਂ ਇਮੀਗ੍ਰੇਸ਼ਨ ਸੈਂਟਰ ਕੰਮ ਕਰਦੇ ਹਨ ਪਰ ਕਿਸੇ ਵੀ ਲਾਇਸੈਂਸਸ਼ੁਦਾ ਸੈਂਟਰ ਨੇ ਕਦੇ ਵੀ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਦੇਹੀ ਨਹੀਂ ਕੀਤੀ। ਨਕਲੀ ਟ੍ਰੈਵਲ ਏਜੰਟ ਆਮ ਤੌਰ 'ਤੇ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਆਪਣੇ ਜਾਲ 'ਚ ਫਸਾਉਂਦੇ ਹਨ ਅਤੇ ਉਨ੍ਹਾਂ ਨਾਲ ਲੱਖਾਂ ਰੁਪਏ ਦੀ ਠੱਗੀ ਕਰਦੇ ਹਨ। ਨੌਜਵਾਨਾਂ ਨੂੰ ਪੜ੍ਹਾਈ ਜਾਂ ਕੰਮ ਲਈ ਵਿਦੇਸ਼ ਭੇਜਣ ਵਾਲੇ ਟ੍ਰੈਵਲ ਏਜੰਟਾਂ ਦੇ ਸਬੰਧ 'ਚ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ 500 ਤੋਂ ਵੱਧ ਲਾਇਸੈਂਸੀ ਟ੍ਰੈਵਲ ਏਜੰਟਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਏ.ਡੀ.ਸੀ. ਜਨਰਲ ਦੇ ਦਫ਼ਤਰ ਵੱਲੋਂ ਇਕ ਲੰਬੀ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਲਾਇਸੈਂਸ ਜਾਰੀ ਕੀਤੇ ਜਾਂਦੇ ਹਨ। ਇਨ੍ਹਾਂ ਲਾਇਸੈਂਸੀ ਇਮੀਗ੍ਰੇਸ਼ਨ ਸੈਂਟਰਾਂ ਅਤੇ ਟ੍ਰੈਵਲ ਏਜੰਟਾਂ ਦੇ ਨਾਂ ਜ਼ਿਲ੍ਹਾ ਪ੍ਰਸ਼ਾਸਨ ਦੀ ਟ੍ਰੈਵਲ ਏਜੰਸੀ ਦੀ ਵੈੱਬਸਾਈਟ 'ਤੇ ਵੀ ਦਰਸਾਏ ਗਏ ਹਨ।

## ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਉਣ ਦੀ ਤਿਆਰੀ

**ਬਟਾਲਾ, (ਪੰਜਾਬ ਮੇਲ)**– ਪੰਜਾਬ ਪੁਲਿਸ ਨਾਮਵਰ ਗੈਂਗਸਟਰ ਜਗਦੀਪ ਸਿੰਘ ਉਰਫ਼ ਜੱਗੂ ਭਗਵਾਨਪੁਰੀਆ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆਉਣ ਦੀ ਤਿਆਰੀ ਕਰ ਰਹੀ ਹੈ। ਸੂਤਰਾਂ ਦੇ ਹਵਾਲੇ ਨਾਲ ਮਿਲੀ ਜਾਣਕਾਰੀ ਮੁਤਾਬਕ ਇਸ ਸਬੰਧੀ ਪੂਰੀ ਕਾਰਵਾਈ ਬਟਾਲਾ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਜੱਗੂ ਭਗਵਾਨਪੁਰੀਆ ਵੱਖ-ਵੱਖ ਗੰਭੀਰ ਮਾਮਲਿਆਂ ਵਿਚ ਨਾਮਜ਼ਦ ਹੈ, ਜਿਨ੍ਹਾਂ ਦੀ ਜਾਂਚ ਇਸ ਵੇਲੇ ਜਾਰੀ ਹੈ। ਇਸ ਮਾਮਲੇ 'ਚ ਐੱਸ.ਐੱਸ.ਪੀ. ਬਟਾਲਾ ਸੋਹਲ ਕਾਸਿਮ ਮੀਰ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਪੁਲਿਸ ਵੱਲੋਂ ਜੱਗੂ ਭਗਵਾਨਪੁਰੀਆ ਨੂੰ ਪੰਜਾਬ ਲਿਆਉਣ ਲਈ ਕਾਨੂੰਨੀ ਪ੍ਰਕਿਰਿਆ ਅਨੁਸਾਰ ਕਦਮ ਚੁੱਕੇ ਜਾ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਦਸਤਾਵੇਜ਼ੀ ਫਿਲਮ "ਇਨਕਲਾਬ ਦੀ ਖ਼ੇਤੀ" ਨੂੰ ਮਿਲ਼ਿਆ ਭਰਵਾਂ ਹੁੰਗਾਰਾ






**ਬਰੈਂਪਟਨ, (ਕੁਲਵਿੰਦਰ ਖਹਿਰਾ/ ਪੰਜਾਬ ਮੇਲ)**- 19 ਅਕਤੂਬਰ ਨੂੰ ਬਰੈਂਪਟਨ ਵਿਚ ਵਿਖਾਈ ਗਈ ਦਸਤਾਵੇਜ਼ੀ ਫਿਲਮ ਨੂੰ ਜਿੱਥੇ ਭਰਵਾਂ ਹੁੰਗਾਰਾ ਮਿਲ਼ਿਆ, ਉਥੇ ਦਰਸ਼ਕਾਂ ਵੱਲੋਂ ਇਸਦੀ ਖ਼ੂਬ ਪ੍ਰਸ਼ੰਸਾ ਵੀ ਕੀਤੀ ਗਈ। ਇਹ ਦਸਤਾਵੇਜ਼ੀ ਫਿਲਮ 2020/21 ਦੇ ਭਾਰਤੀ ਕਿਸਾਨ ਅੰਦੋਲਨ ਨਾਲ਼ ਸੰਬੰਧਿਤ ਹੈ, ਜਿਸ ਵਿਚ ਨਾ ਸਿਰਫ ਕਿਸਾਨ ਅੰਦੋਲਨ ਦੀ ਅੰਦਰੂਨੀ ਤਸਵੀਰ, ਸਗੋਂ ਕਿਸਾਨਾਂ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਅਤੇ ਹੱਕਾਂ ਪ੍ਰਤੀ ਠਾਠਾਂ ਮਾਰਦੇ ਜਜ਼ਬਿਆਂ ਨੂੰ ਵੀ ਪੇਸ਼ ਕੀਤਾ ਗਿਆ ਹੈ।

ਇਸ ਸਮੇਂ ਹਾਜ਼ਰ ਇਸ ਫਿਲਮ ਦੀ ਨਿਰਦੇਸ਼ਕ ਨਿਸ਼ਠਾ ਜੈਨ ਨੇ ਦਿੱਸਿਆ ਕਿ ਉਨ੍ਹਾਂ ਨੇ 135 ਦਿਨ ਕਿਸਾਨ ਅੰਦੋਲਨ ਵਿਚ ਹਾਜ਼ਰ ਰਹਿ ਕੇ ਕੋਈ 600 ਘੰਟੇ ਦੀ ਰੀਕਾਰਡਿੰਗ ਕੀਤੀ ਸੀ, ਜਿਸ ਵਿਚੋਂ ਸਿਰਫ 105 ਮਿੰਟ ਦੀ ਡਾਕੂਮੈਂਟਰੀ ਬਣਾਉਣੀ ਪਈ ਹੈ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਬੇਸ਼ੱਕ ਬਹੁਤ ਸਾਰੇ ਥਾਵਾਂ 'ਤੇ ਮੋਰਚੇ ਲੱਗੇ ਹੋਏ ਸਨ ਪਰ ਉਨ੍ਹਾਂ ਨੇ ਆਪਣੀਆਂ ਸੀਮਾਵਾਂ ਕਾਰਨ ਸਿਰਫ ਉਗਰਾਹਾਂ ਜਥੇਬੰਦੀ ਦੇ ਮੋਰਚੇ 'ਤੇ ਹੀ ਕੇਂਦਰਿਤ ਕੀਤਾ ਹੈ। ਇਨ੍ਹਾਂ ਸੀਮਾਵਾਂ ਵਿਚ ਸਟਾਫ਼ ਦੀ ਘਾਟ ਅਤੇ ਅੰਦੋਲਨਕਾਰੀਆਂ ਦੇ ਸ਼ੱਕੀ ਨਜ਼ਰੀਏ ਕਾਰਨ ਸਟਾਫ਼ ਦੀ ਸੁਰੱਖਿਆ ਦਾ ਮਸਲਾ ਵੀ ਸ਼ਾਮਿਲ ਸੀ। ਉਨ੍ਹਾਂ ਦੱਸਿਆ ਕਿ ਇੱਕ ਮੋਰਚੇ 'ਤੇ ਉਨ੍ਹਾਂ ਦੇ ਸਟਾਫ ਨੂੰ 'ਗੋਦੀ ਮੀਡੀਆ' ਦਾ ਹਿੱਸਾ ਸਮਝ ਕੇ ਪ੍ਰੇਸ਼ਾਨ ਵੀ ਕੀਤਾ ਗਿਆ ਸੀ, ਜਿਸ ਕਰਕੇ ਉਨ੍ਹਾਂ ਸਿਰਫ ਉਗਰਾਹਾਂ ਜਥੇਬੰਦੀ ਨਾਲ ਰਹਿਣ ਦਾ ਫੈਸਲਾ ਕੀਤਾ। ਇਸਦੇ ਬਾਵਜੂਦ ਕਿ ਇਹ ਫਿਲਮ ਸਿਰਫ ਇੱਕ ਮੋਰਚੇ 'ਤੇ ਕੇਂਦਰਿਤ ਹੈ, ਇਸ ਵਿਚੋਂ ਕਿਸਾਨ ਅੰਦੋਲਨ ਦੀ ਤੇ ਅੰਦਲੋਨਕਾਰੀਆਂ ਦੀ ਸਪਿਰਟ ਦੀ ਸਮੁੱਚੀ ਤਸਵੀਰ ਸਪੱਸ਼ਟ ਹੁੰਦੀ ਹੈ।

ਨਿਸ਼ਠਾ ਜੈਨ ਨੇ ਦੱਸਿਆ ਕਿ ਸੈਂਸਰ ਬੋਰਡ ਦੀਆਂ ਪਾਬੰਦੀਆਂ ਕਾਰਨ ਇਹ ਫਿਲਮ ਨੈੱਟਫਲਿਕਸ ਜਾਂ ਸਿਨਮੇਆਂ ਵਿਚ ਨਹੀਂ ਵਿਖਾਈ ਜਾ ਰਹੀ ਪਰ ਉਹ ਛੇਤੀ ਹੀ ਕਿਸੇ ਹੋਰ ਤਰੀਕੇ ਨਾਲ਼ ਇਹ ਫਿਲਮ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਨਗੇ।

ਬਰੈਂਪਟਨ ਵਿਚ ਇਸ ਫਿਲਮ ਦੀ ਪ੍ਰਦਰਸ਼ਨੀ ਬਲਦੇਵ ਰਹਿਪਾ, ਕੁਲਵਿੰਦਰ ਖਹਿਰਾ, ਰਛਪਾਲ ਦੋਸਾਂਝ, ਸੁਖਦੇਵ ਸਿੰਘ ਅਤੇ 'ਸਰੋਕਾਰਾਂ ਦੀ ਆਵਾਜ਼' ਦੇ ਯਤਨਾਂ ਨਾਲ਼ ਸੰਭਵ ਹੋ ਸਕੀ।




## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫ਼ੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ। 871

# ਸਾਬਕਾ ਐੱਮ.ਪੀ. ਮਹਿੰਦਰ ਸਿੰਘ ਕੇ.ਪੀ. ਦੇ ਬੇਟੇ ਦੀ ਮੌਤ ਦੇ ਮੁੱਖ ਮੁਲਜ਼ਮ ਵੱਲੋਂ ਆਤਮ-ਸਮਰਪਣ

**ਜਲੰਧਰ, (ਪੰਜਾਬ ਮੇਲ)**- ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇ.ਪੀ. ਦੇ ਪੁੱਤਰ ਰਿਚੀ ਕੇ.ਪੀ. ਦੀ ਮੌਤ ਨਾਲ ਸਬੰਧਤ ਸੜਕ ਹਾਦਸੇ ਦੇ ਮੁੱਖ ਮੁਲਜ਼ਮ ਗੁਰਸ਼ਰਨ ਸਿੰਘ ਉਰਫ਼ ਪ੍ਰਿੰਸ ਨੇ ਮੰਗਲਵਾਰ ਦੇਰ ਸ਼ਾਮ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ ਹੈ। ਥਾਣਾ-6 ਦੀ ਪੁਲਿਸ ਨੇ ਅਦਾਲਤ ਕੰਪਲੈਕਸ ਤੋਂ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦੋ ਦਿਨਾਂ ਦਾ ਰਿਮਾਂਡ ਲੈ ਲਿਆ ਹੈ। ਇਸ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਸੀ। ਅਦਾਲਤ ਨੇ ਮੰਨਿਆ ਕਿ ਮਾਮਲਾ ਬਹੁਤ ਗੰਭੀਰ ਹੈ ਅਤੇ ਦੋਸ਼ੀ ਵਿਰੁੱਧ ਲਾਪ੍ਰਵਾਹੀ ਅਤੇ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਦੇ ਪੁਖਤਾ ਸਬੂਤ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**






# 'ਸਿੱਖ ਅਧਿਐਨ ਦੀ ਰੂਪ-ਰੇਖਾ' ਵਿਚਾਰ ਗੋਸ਼ਟੀ ਨਿਵੇਕਲੇ ਪ੍ਰਭਾਵਾਂ ਸਹਿਤ ਸੰਪੰਨ

**ਸਟਾਕਟਨ, (ਪੰਜਾਬ ਮੇਲ)**- ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਦਿਨੀਂ ਕੈਲੀਫੋਰਨੀਆ ਦੇ ਸ਼ਹਿਰ ਸਟਾਕਟਨ ਵਿਖੇ 'ਸਿੱਖ ਅਧਿਐਨ ਦੀ ਰੂਪ ਰੇਖਾ' ਵਰਗੇ ਮਹੱਤਵਪੂਰਨ ਅਤੇ ਗੰਭੀਰ ਵਿਸ਼ੇ ਨੂੰ ਮੁੱਖ ਰੱਖਦਿਆਂ ਪੰਜਾਬੀ ਸਾਹਿਤਕਾਰਾਂ ਅਤੇ ਵਿਦਵਾਨਾਂ ਦੇ ਸਹਿਯੋਗ ਨਾਲ ਇਕ ਸ਼ਾਨਦਾਰ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਦੇ ਅਹੁਦੇ 'ਤੇ ਆਪਣੀਆ ਸੇਵਾਵਾਂ ਨਿਭਾਅ ਰਹੇ (ਡਾ; ਗੁਰਪਾਲ ਸਿੰਘ ਸੰਧੂ ਅਤੇ ਸੇਵਾਮੁਕਤ ਡਾ. ਮਨਜੀਤ ਕੌਰ) ਸਭਾ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਹਰਜਿੰਦਰ ਪੰਧੇਰ ਨੇ ਸਭਾ ਵਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ। ਡਾ. ਹਰਮਿੰਦਰ ਸਿੰਘ 'ਸਿੱਧੂ' ਨੇ ਆਪਣੀ ਪੁਸਤਕ 'ਮਨ ਤਨ ਭਏ ਅਰੋਗਾ' ਉਨ੍ਹਾਂ ਨੂੰ ਭੇਂਟ ਕੀਤੀ। ਡਾ. ਗੁਰਪਾਲ ਸਿੰਘ ਸੰਧੂ ਨੇ ਸਬੰਧਤ ਵਿਸ਼ੇ ਬਾਰੇ ਆਪਣਾ ਵਿਸਥਾਰਪੂਰਵਕ ਭਾਸ਼ਣ ਸਵਾਲੀਆ ਲਹਿਜ਼ੇ ਨਾਲ ਸ਼ੁਰੂ ਕੀਤਾ ਕਿ ਸਿੱਖ ਅਧਿਐਨ ਕੀ ਹੈ? ਇਹ ਕਿਵੇਂ ਕੰਮ ਕਰਦਾ ਹੈ? ਇਸ ਨੂੰ ਕਿਵੇਂ ਉਸਾਰਿਆ ਜਾ ਸਕਦਾ ਹੈ? ਇਸ ਨੂੰ ਕੀ-ਕੀ ਚੈਲੰਜ ਹਨ? ਉਨ੍ਹਾਂ ਦੱਸਿਆ ਕਿ ਸਿੱਖ ਗਿਆਨ ਦਾ ਮੂਲ ਆਧਾਰ ਗ੍ਰੰਥ ਸਾਹਿਬ ਹੋਣਾ ਚਾਹੀਦਾ ਹੈ, ਨਾ ਕਿ ਸਥਿਤੀਆਂ। ਜਿਸ ਦੀ ਰਚਨਾ ਸਿੱਖ ਗੁਰੂਆਂ ਦੀ ਕਰਮ ਭੂਮੀ ਪੰਜਾਬ ਦੀ ਧਰਤੀ 'ਤੇ ਹੋਈ। ਇਸ ਗਿਆਨ ਗ੍ਰੰਥ ਵਿਚ ਸ਼ਾਮਲ ਗੁਰੂ ਗੰਭੀਰ




ਚਿੰਤਨ, ਮੰਥਨ ਵਾਲੀਆਂ ਸ਼ਖਸੀਅਤਾਂ ਸਨ। ਜਿਨ੍ਹਾਂ ਹਮੇਸ਼ਾ ਸਿਰਜਣ ਅਤੇ ਵਿਸਰਜਨ ਨੂੰ ਮਹੱਤਤਾ ਦਿੱਤੀ, ਅਤੇ ਅਜਿਹੀ ਬਾਣੀ ਨੂੰ ਹੀ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ, ਜੋ ਉਨ੍ਹਾਂ ਦੇ ਮਾਪਦੰਡਾਂ 'ਤੇ ਸਹੀ ਉੱਤਰਦੀ ਸੀ। ਗੁਰਬਾਣੀ ਵਿਚ 'ਸ਼ਬਦ' ਗੁਰੂ ਹੈ। ਉਹ ਸ਼ਬਦ ਜਿਸ ਵਿਚ ਸੁਰਤ ਅਤੇ ਧੁੰਨ ਸ਼ਾਮਲ ਹਨ। ਜਦੋਂਕਿ ਬੋਧੀਆਂ ਵਿਚ 'ਸ਼ਬਦ' ਬ੍ਰਹਮ ਹੈ ਅਤੇ ਵੇਦਾਂ ਵਿਚ ਨਾਦ। ਪ੍ਰੋਫੈਸਰ ਗੁਰਪਾਲ ਸਿੰਘ ਸੰਧੂ ਨੇ ਅੱਗੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਰਿੱਗ ਵੇਦ ਵਿਚੋਂ ਨਹੀਂ ਆਇਆ। ਇਹ ਉਸਦੇ ਬਰਾਬਰ ਇੱਕ ਵੱਖਰਾ ਗ੍ਰੰਥ ਹੈ। ਗੁਰਬਾਣੀ ਦੀ ਵਿਲੱਖਣਤਾ ਬਾਰੇ ਗੱਲ ਅੱਗੇ ਤੋਰਦਿਆਂ ਉਨ੍ਹਾਂ ਕਿਹਾ ਕਿ ਗੁਰਬਾਣੀ ਸਮਾਜ ਦੁਆਰਾ ਸਿਰਜੇ ਮਨੁੱਖ ਦੀ ਥਾਂ ਕੁਦਰਤ ਦੁਆਰਾ ਸਿਰਜੇ ਮਨੁੱਖ ਦੀ ਗੱਲ ਕਰਦੀ ਹੈ। ਇਸ ਵਿਚਲਾ ਮਨੁੱਖ ਸਰੀਰਕ ਬੰਧਨਾਂ ਤੋਂ ਮੁਕਤ ਪਾਰਬ੍ਰਹਮ ਵਿਚ ਟੇਕ ਰੱਖਣ ਵਾਲਾ ਆਪਣੇ ਇਸ਼ਟ ਨਾਲ ਸਿੱਧਾ ਸੰਵਾਦ ਰਚਾਉਣ ਵਾਲਾ ਹੈ। ਗੁਰਬਾਣੀ ਅਨੁਸਾਰ ਗੁਰੂ ਵਗੈਰ ਸੱਚ ਤੀਕ ਨਹੀਂ ਪਹੁੰਚ ਸਕਦੇ। ਇਸੇ ਲਈ ਪ੍ਰਕਾਸ਼ ਕੀਤਾ ਜਾਂਦਾ ਹੈ, ਹੁਕਮ ਲਿਆ ਜਾਂਦਾ ਹੈ ਪਰ ਇਹ ਹੁਕਮ ਪ੍ਰਾਧੀਨਤਾ ਦਾ ਰੂਪ ਨਹੀਂ ਹੈ। ਡਾ. ਗੋਬਿੰਦਰ ਸਿੰਘ ਸਮਰਾਓ ਨੇ ਆਪਣਾ ਤਰਕ ਪੇਸ਼ ਕਰਦਿਆਂ ਦੱਸਿਆ ਕਿ ਜਪੁਜੀ ਸਾਹਿਬ ਦਾ ਤੋੜ ਸਾਰੀ ਦੁਨੀਆਂ ਵਿਚ ਨਹੀਂ ਹੈ। ਗੁਰੂ ਸਾਹਿਬ ਦਾ ਮਨੋਰਥ ਵਾਦ-ਵਿਵਾਦ ਤੋਂ ਪਾਸੇ ਹੱਟ ਕੇ ਸੱਚ ਨੂੰ ਢੂੰਡਣਾ ਅਤੇ ਹੁਕਮ ਦੇ ਅਨੁਸਾਰ ਚੱਲਣਾ ਹੈ। ਇਸ ਲਈ ਉਨ੍ਹਾਂ ਨੇ ਵਿਗਿਆਨਕ ਰਾਹ ਅਪਣਾਉਂਦਿਆਂ ਸਮਾਜ ਵਿਚ ਚੱਲ ਰਹੀਆਂ ਖੋਖਲੀਆਂ ਰਵਾਇਤਾਂ ਦਾ ਖੰਡਨ ਕੀਤਾ। ਪ੍ਰਭਸ਼ਰਨਦੀਪ ਸਿੰਘ (ਦੇਸ ਨਿਕਾਲਾ ਕਾਵਿ-ਸੰਗ੍ਰਹਿ ) ਦੇ ਰਚੇਤਾ ਨੇ ਪ੍ਰੋਫੈਸਰ ਗੁਰਪਾਲ ਸਿੰਘ ਸੰਧੂ ਦੇ ਵਿਚਾਰਾਂ ਦੀ ਪ੍ਰੋੜਤਾ ਕਰਦਿਆਂ ਕਿਹਾ ਕਿ ਗੁਰਬਾਣੀ ਦੇ ਅਧਿਐਨ ਬਾਰੇ ਕਿਸੇ ਵਿਦਵਾਨ ਦੀ ਵੱਖਰੀ ਸੋਚ ਸਹੀ ਵੀ ਹੋ ਸਕਦੀ ਹੈ। ਧਰਮ ਬਦਲੀ ਬਾਰੇ (ਜੀ.ਬੀ. ਸਿੰਘ) ਦੇ ਸਵਾਲ ਦਾ ਜਵਾਬ ਦਿੰਦਿਆਂ ਡਾਕਟਰ ਗੁਰਪਾਲ ਸਿੰਘ ਸੰਧੂ ਨੇ ਦੱਸਿਆ ਕਿ ਸਿੱਖ ਧਰਮ ਕਿਸੇ ਨੂੰ ਧਰਮ ਬਦਲੀ ਲਈ ਜ਼ੋਰ ਨਹੀਂ ਪਾਉਂਦਾ। ਡਾਕਟਰ ਗੁਰਿੰਦਰ ਸਿੰਘ ਗਰੇਵਾਲ ਅਤੇ ਮਨਰੀਤ ਕੌਰ ਗਰੇਵਾਲ ਵਲੋਂ ਵੀ ਸਿੱਖ ਸਿਧਾਂਤਾਂ ਦੀ ਸਪੱਸ਼ਟਤਾ ਬਾਰੇ ਕੁੱਝ ਸਾਰਥਕ ਸਵਾਲ ਉਠਾਏ ਗਏ। ਪੰਜਾਬੀ ਟ੍ਰਿਬਿਊਨ ਵਿਚ ਪੱਤਰਕਾਰ ਦੇ ਤੌਰ 'ਤੇ ਕੰਮ ਕਰ ਚੁੱਕੇ ਮਨਜੀਤ ਸਿੰਘ ਟਿਵਾਣਾ ਨੇ ਇਸ ਸਮਾਗਮ ਵਿਚ ਵਿਸ਼ੇਸ ਤੌਰ 'ਤੇ ਭਾਗ ਲਿਆ ਅਤੇ ਇਸ ਦੀ ਸ਼ਲਾਘਾ ਕੀਤੀ।

ਸਮਾਗਮ ਦੇ ਦੂਸਰੇ ਭਾਗ ਦਾ ਮੰਚ ਸੰਚਾਲਨ ਲਖਵਿੰਦਰ ਕੌਰ 'ਲੱਕੀ' ਨੇ ਆਪਣੇ ਸ਼ਾਇਰਾਨਾ ਅੰਦਾਜ਼ ਨਾਲ ਕਰਦਿਆਂ ਸਭ ਤੋਂ ਪਹਿਲਾਂ ਅਭਿਨਾਸ਼ ਸਿੰਘ ਨੂੰ ਮੰਚ 'ਤੇ ਸੱਦਾ ਦਿੱਤਾ। ਉਨ੍ਹਾਂ 'ਮੱਨ ਦੀ ਜੇਲ ਉਸਾਰੀ' ਅਤੇ 'ਦੋ ਪੁੱਤਾਂ ਸੱਚ ਤੇ ਝੂਠ', ਨਾਂ ਦੀਆਂ ਕਵਿਤਾਵਾਂ ਸੁਣਾਈਆਂ। ਜਗਤਾਰ ਸਿੰਘ ਪ੍ਰੀਤ ਨੇ 'ਪਾਰਸ, ਪੁੱਤ, ਪ੍ਰੀਤ ਨਾ ਵਿਕਦੇ ਵਿਚ ਬਜ਼ਾਰਾਂ ਦੇ'। ਲਖਵਿੰਦਰ ਕੌਰ 'ਲੱਕੀ' ਨੇ, 'ਉੱਭੜ ਖਾਬੜ ਰਾਹਾਂ ਨੂੰ ਮੈਂ ਅਕਸਰ ਸਮਤਲ ਕਰ ਲੈਂਦੀ ਹਾਂ, ਮੰਜ਼ਲ 'ਤੇ ਪਹੁੰਚਣ ਦਾ ਜਜ਼ਬਾ ਜਦ ਮੈਂ ਦਿਲ ਵਿਚ ਭਰ ਲੈਂਦੀ ਹਾਂ। ਮਨਰੀਤ ਗਰੇਵਾਲ ਨੇ 'ਕਈ ਵਾਰ ਦੋ ਧਿਰਾਂ ਵਿਚੋਂ ਲੰਘਣਾ ਪੈ ਜਾਂਦੈ,' ਮਨੋ ਭਾਵਨਾਵਾਂ ਨੂੰ ਝੰਜੋੜਦੀ ਕਵਿਤਾ ਸੁਣਾਈ। ਮਨਜੀਤ ਕੌਰ ਸੇਖੋਂ ਨੇ ਆਪਣੀਆਂ ਕਾਵਿ-ਕਲਾ ਦੀ ਚਾਸ਼ਨੀ ਵਿਚ ਡੁੱਬੀਆਂ ਕਵਿਤਾਵਾਂ ਪੇਸ਼ ਕੀਤੀਆਂ।

# ਉੱਘੇ ਕਵੀ ਮਾਸਟਰ ਗੁਰਬਚਨ ਸਿੰਘ ਚਿੰਤਕ ਦਾ 90ਵਾਂ ਜਨਮ ਦਿਨ ਮਨਾਇਆ ਗਿਆ



**ਬਰੈਂਪਟਨ, (ਪੰਜਾਬ ਮੇਲ)**- ਉੱਘੇ ਕਵੀ ਮਾਸਟਰ ਗੁਰਬਚਨ ਸਿੰਘ ਚਿੰਤਕ ਦਾ 90ਵਾਂ ਜਨਮ ਦਿਨ ਉਨ੍ਹਾਂ ਦੇ ਦਾਮਾਦ ਅਮਰਜੀਤ ਸਿੰਘ ਦੇ ਗ੍ਰਹਿ ਵਿਖੇ ਪਰਿਵਾਰ ਅਤੇ ਸਨੇਹੀਆਂ ਵੱਲੋਂ ਉਤਸ਼ਾਹ ਅਤੇ ਪਿਆਰ ਨਾਲ ਮਨਾਇਆ ਗਿਆ। ਸਤਿੰਦਰ ਪਾਲ ਸਿੰਘ ਸਿੱਧਵਾਂ ਨੇ ਬੋਲਦਿਆਂ ਚਿੰਤਕ ਜੀ ਦੀ ਸੰਘਰਸ਼ਮਈ ਜ਼ਿੰਦਗੀ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਜ਼ਿਕਰ ਕੀਤਾ। ਸਵਰਗੀ ਮਾਸਟਰ ਹਰਚਰਨ ਸਿੰਘ ਰਾਮੂੰਵਾਲੀਆ ਨਾਲ ਚਿੰਤਕ ਜੀ ਨੇ ਅੰਤਲੇ ਦਿਨ ਤੱਕ ਸਾਥ ਨਿਭਾਇਆ। ਸ. ਸਿੱਧਵਾਂ ਨੇ ਡਾ. ਗੁਰਭਜਨ ਗਿੱਲ, ਹਰਭਜਨ ਮਾਨ ਵੱਲੋਂ ਵੀ ਵਧਾਈ ਸੰਦੇਸ਼ ਦਿੱਤਾ। ਰਾਹੁਲ ਗਰੇਵਾਲ, ਪਰਮਜੀਤ ਸਿੰਘ ਤੇ ਹੋਰ ਸੁਨੇਹੀ ਹਾਜ਼ਰ ਸਨ। ਅਮਰਜੀਤ ਸਿੰਘ, ਬੇਟੀ ਅਮਨ ਪਿੰਕੀ ਜੀ ਨੇ ਆਏ ਮਹਿਮਾਨਾਂ ਦਾ ਸਵਾਗਤ ਤੇ ਧੰਨਵਾਦ ਕੀਤਾ। ਗੁਰਬਚਨ ਸਿੰਘ ਚਿੰਤਕ ਦੇ ਬੇਟੇ ਤੇਜਿੰਦਰ ਸਿੰਘ ਨੇ ਆਪਣੇ ਪਿਤਾ ਦੀ ਦਿਨ-ਰਾਤ ਸੇਵਾ ਭਾਵਨਾ ਨਾਲ ਮਾਣ-ਸਤਿਕਾਰ ਹੋਰ ਵਧਾਇਆ। ਸ. ਸਤਿੰਦਰ ਪਾਲ ਸਿੰਘ ਸਿੱਧਵਾਂ ਨੇ ਪੰਜਾਬੀ ਲਹਿਰਾਂ ਵੱਲੋਂ ਚਿੰਤਕ ਜੀ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ।

# ਭਾਰਤ 'ਚ ਹੋਣ ਵਾਲੇ ਜੂਨੀਅਰ ਹਾਕੀ ਵਿਸ਼ਵ ਕੱਪ 'ਚ ਪਾਕਿਸਤਾਨ ਵੱਲੋਂ ਖੇਡਣ ਤੋਂ ਇਨਕਾਰ!

**ਨਵੀਂ ਦਿੱਲੀ, (ਪੰਜਾਬ ਮੇਲ)**- ਪਾਕਿਸਤਾਨ ਨੇ 28 ਨਵੰਬਰ ਤੋਂ 10 ਦਸੰਬਰ 2025 ਤੱਕ ਚੇਨਈ ਅਤੇ ਮਦੁਰਾਈ ਵਿਚ ਹੋਣ ਵਾਲੇ ਐੱਫ.ਆਈ.ਐੱਚ. ਜੂਨੀਅਰ ਹਾਕੀ ਵਿਸ਼ਵ ਕੱਪ ਤੋਂ ਹਟਣ ਦਾ ਫੈਸਲਾ ਕੀਤਾ ਹੈ। ਕੌਮਾਂਤਰੀ ਹਾਕੀ ਮਹਾਸੰਘ (ਐੱਫ.ਆਈ.ਐੱਚ.) ਨੇ ਪੁਸ਼ਟੀ ਕੀਤੀ ਕਿ ਪਾਕਿਸਤਾਨ ਹਾਕੀ ਫੈਡਰੇਸ਼ਨ ਨੇ ਭਾਰਤ ਵਿਚ ਖੇਡਣ ਤੋਂ ਇਨਕਾਰ ਕਰ ਦਿੱਤਾ ਹੈ।

ਐੱਫ.ਆਈ.ਐੱਚ. ਨੇ ਬਿਆਨ ਵਿਚ ਕਿਹਾ, "ਪਾਕਿਸਤਾਨ ਹਾਕੀ ਫੈਡਰੇਸ਼ਨ ਨੇ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ (ਐੱਫ.ਆਈ.ਐੱਚ.) ਨੂੰ ਸੂਚਿਤ ਕੀਤਾ ਹੈ ਕਿ ਉਨ੍ਹਾਂ ਦੀ ਟੀਮ ਭਾਰਤ ਦੇ ਤਾਮਿਲਨਾਡੂ ਵਿੱਚ ਹੋਣ ਵਾਲੇ ਐੱਫ.ਆਈ.ਐੱਚ. ਹਾਕੀ ਪੁਰਸ਼ ਜੂਨੀਅਰ ਵਿਸ਼ਵ ਕੱਪ ਵਿਚ ਹਿੱਸਾ ਨਹੀਂ ਲਵੇਗੀ, ਜਿਸ ਲਈ ਪਾਕਿਸਤਾਨ ਨੇ ਕੁਆਲੀਫਾਈ ਕੀਤਾ ਸੀ।"

ਬਿਆਨ ਵਿਚ ਕਿਹਾ ਗਿਆ ਹੈ, "ਟੂਰਨਾਮੈਂਟ ਲਈ ਪਾਕਿਸਤਾਨ ਦੀ ਜਗ੍ਹਾ ਲੈਣ ਵਾਲੀ ਟੀਮ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ।"

ਜ਼ਿਕਰਯੋਗ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਅਤੇ ਉਸ ਤੋਂ ਬਾਅਦ ਆਪਰੇਸ਼ਨ ਸਿੰਧੂਰ ਵਜੋਂ ਜਾਣੇ ਜਾਂਦੇ ਭਾਰਤੀ ਜਵਾਬੀ ਕਾਰਵਾਈ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਖੇਡ ਸਬੰਧ ਪ੍ਰਭਾਵਿਤ ਹੋਏ ਹਨ। ਭਾਰਤ ਸਰਕਾਰ ਨੇ ਹਾਲ ਹੀ ਵਿਚ ਇੱਕ ਨਵੀਂ ਨੀਤੀ ਦਾ ਐਲਾਨ ਕੀਤਾ ਹੈ, ਜਿਸ ਦੇ ਤਹਿਤ ਉਹ ਪਾਕਿਸਤਾਨ ਨਾਲ ਦੁਵੱਲੇ ਖੇਡ ਮੁਕਾਬਲਿਆਂ ਵਿਚ ਹਿੱਸਾ ਨਹੀਂ ਲਵੇਗਾ, ਪਰ ਬਹੁ-ਰਾਸ਼ਟਰੀ ਟੂਰਨਾਮੈਂਟਾਂ ਵਿਚ ਉਸ ਨਾਲ ਮੁਕਾਬਲੇ ਜਾਰੀ ਰੱਖੇਗਾ।

ਸਫਾ 1 ਦਾ ਬਾਕੀ

## ਹਰਮੀਤ ਢਿੱਲੋਂ ਵੱਲੋਂ ਟਰੱਕ ਹਾਦਸਿਆਂ...

ਹਰਮੀਤ ਢਿੱਲੋਂ ਨੇ ਕੈਲੀਫੋਰਨੀਆ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ, ਜੋ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਪਾਰਕ ਡਰਾਈਵਿੰਗ ਲਾਇਸੈਂਸ ਦਿੰਦੀਆਂ ਹਨ। ਉਸਨੇ ਇਸਨੂੰ ਜਨਤਕ ਸੁਰੱਖਿਆ ਲਈ ਖ਼ਤਰਾ ਕਿਹਾ ਅਤੇ ਕਿਹਾ ਕਿ ਉਸਨੇ ਇਨ੍ਹਾਂ ਨੀਤੀਆਂ ਨੂੰ ਬਦਲਣ ਲਈ ਟਰਾਂਸਪੋਰਟ ਸਕੱਤਰ ਨਾਲ ਇਸ ਮਾਮਲੇ 'ਤੇ ਚਰਚਾ ਕੀਤੀ ਹੈ।

ਹਰਮੀਤ ਢਿੱਲੋਂ ਨੇ ਕਿਹਾ, "ਕਾਨੂੰਨ ਦੀ ਪਾਲਣਾ ਕਰਨ ਵਾਲੇ ਲੋਕਾਂ ਨੂੰ ਇਨ੍ਹਾਂ ਦੋਵਾਂ ਘਟਨਾਵਾਂ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਨੂੰ ਡਰ ਜਾਂ ਵਿਤਕਰੇ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ।"

ਉਨ੍ਹਾਂ ਇਹ ਵੀ ਯਾਦ ਦਿਵਾਇਆ ਕਿ ਸੰਘੀ ਕਾਨੂੰਨ ਦੇ ਤਹਿਤ, ਕਿਸੇ ਵਿਅਕਤੀ ਦੇ ਧਰਮ, ਰੰਗ, ਨਸਲ ਜਾਂ ਮੂਲ ਦੇ ਆਧਾਰ 'ਤੇ ਵਿਤਕਰਾ ਕਰਨਾ ਜਾਂ ਹਿੰਸਾ ਕਰਨਾ ਅਪਰਾਧ ਹੈ ਅਤੇ ਨਾਗਰਿਕ ਅਧਿਕਾਰ ਵਿਭਾਗ ਅਜਿਹੇ ਮਾਮਲਿਆਂ ਵਿਚ ਸਖ਼ਤ ਕਾਰਵਾਈ ਕਰੇਗਾ। ਉਸਨੇ ਅੰਤ ਵਿਚ ਕਿਹਾ, "ਇਨ੍ਹਾਂ ਹਾਦਸਿਆਂ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਪਰ ਮਾਸੂਮ ਅਤੇ ਮਿਹਨਤੀ ਨਾਗਰਿਕਾਂ ਦੀ ਸੁਰੱਖਿਆ ਸਾਡੀ ਜ਼ਿੰਮੇਵਾਰੀ ਹੈ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਨੂੰ ਪੂਰਾ ਨਿਆਂ ਮਿਲੇ।"

ਸਫਾ 1 ਦਾ ਬਾਕੀ

## ਸ਼ਿਕਾਗੋ ਤੋਂ ਉਡਾਣ ਦੌਰਾਨ ਭਾਰਤੀ...

ਅਦਾਲਤ ਦੇ ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ ਕਿ ਉਡਾਣ ਦੌਰਾਨ ਭੋਜਨ ਸੇਵਾ ਤੋਂ ਬਾਅਦ, ਪ੍ਰਨੀਤ ਕੁਮਾਰ ਨੇ ਕਥਿਤ ਤੌਰ 'ਤੇ ਆਪਣੇ ਨੇੜੇ ਬੈਠੇ ਦੋ 17 ਸਾਲਾ ਪੁਰਸ਼ ਯਾਤਰੀਆਂ 'ਤੇ ਹਮਲਾ ਕੀਤਾ। ਇੱਕ ਪੀੜਤ, ਜਿਸਦੀ ਪਛਾਣ ਮਾਈਨਰ ਏ ਵਜੋਂ ਹੋਈ ਹੈ, 'ਤੇ ਸੁੱਤੇ ਹੋਏ ਹਮਲਾ ਕੀਤਾ ਗਿਆ ਸੀ। ਉਸਰੀਪੱਲੀ ਨੇ ਫਿਰ ਕਥਿਤ ਤੌਰ 'ਤੇ ਮਾਈਨਰ ਏ ਦੇ ਕੋਲ ਬੈਠੇ ਮਾਈਨਰ ਬੀ 'ਤੇ ਹਮਲਾ ਕੀਤਾ, ਜਿਸ ਨਾਲ ਉਸ ਦੇ ਸਿਰ ਵਿਚ ਸੱਟ ਲੱਗ ਗਈ।

ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਜਦੋਂ ਚਾਲਕ ਦਲ ਦੇ ਮੈਂਬਰਾਂ ਨੇ ਦਖਲ ਦਿੱਤਾ, ਤਾਂ ਪ੍ਰਨੀਤ ਕੁਮਾਰ ਨੇ ਕਥਿਤ ਤੌਰ 'ਤੇ ਆਪਣੇ ਹੱਥ ਨਾਲ ਬੰਦੂਕ ਦਾ ਇਸ਼ਾਰਾ ਕੀਤਾ ਅਤੇ ਇੱਕ ਮਹਿਲਾ ਯਾਤਰੀ ਨੂੰ ਥੱਪੜ ਮਾਰਨ ਅਤੇ ਇੱਕ ਚਾਲਕ ਦਲ ਦੇ ਮੈਂਬਰ ਨੂੰ ਮਾਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਟ੍ਰਿਗਰ ਨੂੰ ਖਿੱਚਣ ਦੀ ਨਕਲ ਕੀਤੀ।

ਹਿੰਸਕ ਗੜਬੜ ਦੇ ਕਾਰਨ, ਲੁਫਥਾਂਸਾ ਫਲਾਈਟ 431 ਨੂੰ ਬੋਸਟਨ ਲੋਗਨ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ, ਜਿੱਥੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੁਆਰਾ ਪ੍ਰਨੀਤ ਕੁਮਾਰ ਨੂੰ ਤੁਰੰਤ ਹਿਰਾਸਤ ਵਿਚ ਲੈ ਲਿਆ ਗਿਆ।

ਇਸ ਦੋਸ਼ ਵਿਚ 10 ਸਾਲ ਤੱਕ ਦੀ ਕੈਦ, ਤਿੰਨ ਸਾਲ ਨਿਗਰਾਨੀ ਅਧੀਨ ਰਿਹਾਈ ਅਤੇ $250,000 ਤੱਕ ਦਾ ਜੁਰਮਾਨਾ ਹੋ ਸਕਦਾ ਹੈ, ਜਿਵੇਂ ਕਿ ਸੰਘੀ ਸਜ਼ਾ ਕਾਨੂੰਨਾਂ ਦੁਆਰਾ ਦਰਸਾਇਆ ਗਿਆ ਹੈ।







# PUNJAB MAIL USA

TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**




# ਵੰਸ਼ਵਾਦ ਅਰਥਾਤ ਪਰਿਵਾਰਵਾਦ ਦੀ ਵਧਦੀ ਵੇਲ





ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA


ਕ ਦੇ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਧਿਰ ਕਾਂਗਰਸ ਉੱਤੇ ਇਹ ਦੋਸ਼ ਲੱਗਦਾ ਸੀ ਕਿ ਇਹ ਪਰਿਵਾਰਵਾਦ ਵਿਚ ਪੂਰੀ ਤਰ੍ਹਾਂ ਜਕੜੀ ਹੋਈ ਹੈ। ਸਾਲ 2014 ਵਿਚ ਨਰਿੰਦਰ ਮੋਦੀ ਦੀ ਜਿੱਤ ਤੋਂ ਬਾਅਦ ਮੀਡੀਆ ਦੇ ਇੱਕ ਹਿੱਸੇ ਨੇ ਇਹ ਘੋਸ਼ਣਾ ਹੀ ਕਰ ਦਿੱਤੀ ਸੀ ਕਿ ਦੇਸ਼ ਵਿਚ ਪਰਿਵਾਰਵਾਦ ਦੀ ਸਿਆਸਤ ਖ਼ਤਮ ਹੋ ਗਈ ਹੈ, ਉਦੋਂ ਜਦੋਂ ਕਾਂਗਰਸ ਦੇਸ਼ ਵਿਚ ਲੋਕ ਸਭਾ ਚੋਣਾਂ ਹਾਰ ਗਈ ਸੀ ਅਤੇ ਭਾਜਪਾ ਨੇ ਜਿੱਤ ਪ੍ਰਾਪਤ ਕਰ ਲਈ ਸੀ।

ਪਰ ਹੁਣੇ ਜਿਹੇ ਕੀਤਾ ਸਰਵੇ ਅੱਖਾਂ ਖੋਲਣ ਵਾਲਾ ਹੈ। ਸਾਲ 2009 ਵਿਚ ਪਰਿਵਾਰਵਾਦੀ ਸੰਸਦ ਮੈਂਬਰਾਂ ਦੀ ਕਾਂਗਰਸ ਵਿਚ ਗਿਣਤੀ 12 ਫ਼ੀਸਦੀ ਸੀ, ਜਦਕਿ ਭਾਜਪਾ ਵਿਚ 11 ਫ਼ੀਸਦੀ ਸੀ। ਸਾਲ 1999 ਵਿਚ ਕਾਂਗਰਸ 'ਚ ਇਹ ਗਿਣਤੀ 8 ਫ਼ੀਸਦੀ ਅਤੇ ਭਾਜਪਾ ਵਿਚ 6 ਫ਼ੀਸਦੀ ਸੀ।

ਅੱਜ ਦੇਸ਼ 'ਚ ਪਰਿਵਾਰਵਾਦ ਨੇ ਵਿਕਰਾਲ ਰੂਪ ਧਾਰ ਲਿਆ ਹੈ। ਕਾਂਗਰਸ 'ਚ ਇਹ ਗਿਣਤੀ ਵਿਧਾਇਕਾਂ, ਸੰਸਦਾਂ, ਵਿਧਾਨ ਪ੍ਰੀਸ਼ਦਾਂ ਵਿਚ 33.25 ਫ਼ੀਸਦੀ ਹੈ। ਜਦਕਿ ਭਾਜਪਾ ਦੀ ਹਿੱਸੇਦਾਰੀ 18.62 ਫ਼ੀਸਦੀ ਹੈ। ਖੇਤਰੀ ਦਲਾਂ ਵਿਚ ਤਾਂ ਕੁਝ ਪਰਿਵਾਰਾਂ ਦਾ ਦਬਦਬਾ ਬਹੁਤ ਹੀ ਵੱਡਾ ਹੈ।

ਅੱਜ ਪਰਿਵਾਰਾਂ ਦੀ ਰਾਜਨੀਤੀ ਇਸ ਕਰਕੇ ਬਹੁਤ ਚਰਚਾ ਵਿਚ ਹੈ ਕਿ ਬਿਹਾਰ ਵਿਚ ਚੋਣਾਂ ਹਨ। ਲਾਲੂ ਪ੍ਰਸਾਦ ਯਾਦਵ ਦਾ ਪੁੱਤਰ ਮੁੱਖ ਮੰਤਰੀ ਦਾ ਦਾਵੇਦਾਰ ਹੈ, ਤਾਂ ਕਾਬਜ਼ ਧਿਰ ਦੇ ਨੇਤਾ ਸਵ: ਰਾਮ ਵਿਲਾਸ ਪਾਸਵਾਨ ਦਾ ਬੇਟਾ ਵੀ ਇਸ ਪੌੜੀ 'ਤੇ ਚੜ੍ਹਨ ਦਾ ਚਾਹਵਾਨ ਹੈ। ਪਰਿਵਾਰਵਾਦ ਅਰਥਾਤ ਵੰਸ਼ਵਾਦ ਦੀ ਸਿਆਸਤ ਵਿਚ ਬਿਹਾਰ ਇੱਕ ਨੰਬਰ 'ਤੇ ਹੈ। ਪਿਛਲੇ 243 ਮੈਂਬਰੀ ਬਿਹਾਰ ਵਿਧਾਨ ਸਭਾ ਵਿਚ ਇਨ੍ਹਾਂ ਵੰਸ਼ਵਾਦੀਆਂ ਦੀ ਗਿਣਤੀ 70 ਹੈ।

ਕੁਨਬਿਆਂ 'ਤੇ ਆਧਾਰਿਤ ਦਲਾਂ ਦੇ ਆਗੂਆਂ ਨੇ ਆਪਣੀ ਪਤਨੀ, ਭਾਬੀ, ਨੂੰਹ ਤੱਕ ਨੂੰ ਟਿਕਟ ਵੰਡੇ ਹਨ। ਵਿਧਾਇਕਾਂ, ਸੰਸਦਾਂ, ਮੰਤਰੀਆਂ ਪਾਰਟੀ ਦੇ ਮੁੱਖੀਆਂ ਦੇ ਬੇਟੇ, ਬੇਟੀਆਂ ਤੱਕ ਇਸ ਦੌੜ 'ਚ ਸ਼ਾਮਲ ਹਨ। ਹਰ ਰਾਜ, ਹਰ ਪਾਰਟੀ ਵਿਚ ਇਹ ਪ੍ਰਵਿਰਤੀ ਲਗਾਤਾਰ ਜ਼ੋਰ ਫੜ ਰਹੀ ਹੈ।

2019 ਵਿਚ ਆਮ ਲੋਕ ਸਭਾ ਚੋਣਾਂ ਹੋਣ ਦੇ ਪਹਿਲਾਂ ਪ੍ਰਿਅੰਕਾ ਗਾਂਧੀ ਨੇ ਰਾਜਨੀਤੀ ਵਿਚ ਦਾਖ਼ਲਾ ਲਿਆ ਅਤੇ ਇਸ ਨਾਲ ਕਾਂਗਰਸ ਉੱਤੇ ਵੰਸ਼ਵਾਦ ਦੇ ਵਾਧੇ ਦੇ ਵੱਡੇ ਦੋਸ਼ ਲੱਗੇ। ਭਾਵੇਂ ਕਿ ਦੇਸ਼ ਵਿਚ ਕਾਂਗਰਸ ਦਾ ਸਿਆਸੀ ਪ੍ਰਭਾਵ ਘੱਟ ਹੋ ਗਿਆ ਹੋਵੇ ਪਰ ਹਾਲੇ ਵੀ ਕਾਂਗਰਸ ਉੱਤੇ ਇਹ ਦੋਸ਼ ਲਗਾਤਾਰ ਲੱਗ ਰਹੇ ਹਨ। ਪਰ ਇਸ ਦੌੜ 'ਚ ਭਾਜਪਾ ਵੀ ਪਿੱਛੇ ਨਹੀਂ ਹੈ।

> 2019 ਵਿਚ ਆਮ ਲੋਕ ਸਭਾ ਚੋਣਾਂ ਹੋਣ ਦੇ ਪਹਿਲਾਂ ਪ੍ਰਿਅੰਕਾ ਗਾਂਧੀ ਨੇ ਰਾਜਨੀਤੀ ਵਿਚ ਦਾਖ਼ਲਾ ਲਿਆ ਅਤੇ ਇਸ ਨਾਲ ਕਾਂਗਰਸ ਉੱਤੇ ਵੰਸ਼ਵਾਦ ਦੇ ਵਾਧੇ ਦੇ ਵੱਡੇ ਦੋਸ਼ ਲੱਗੇ। ਭਾਵੇਂ ਕਿ ਦੇਸ਼ ਵਿਚ ਕਾਂਗਰਸ ਦਾ ਸਿਆਸੀ ਪ੍ਰਭਾਵ ਘੱਟ ਹੋ ਗਿਆ ਹੋਵੇ ਪਰ ਹਾਲੇ ਵੀ ਕਾਂਗਰਸ ਉੱਤੇ ਇਹ ਦੋਸ਼ ਲਗਾਤਾਰ ਲੱਗ ਰਹੇ ਹਨ। ਪਰ ਇਸ ਦੌੜ 'ਚ ਭਾਜਪਾ ਵੀ ਪਿੱਛੇ ਨਹੀਂ ਹੈ। ਭਾਜਪਾ ਦੇ ਦੇਸ਼ 'ਚ ਕੁੱਲ ਮਿਲਾ ਕੇ 2078 ਵਿਧਾਇਕ ਹਨ, ਉਨ੍ਹਾਂ ਵਿਚੋਂ 18.2 ਫ਼ੀਸਦੀ ਵੰਸ਼ਵਾਦੀ ਹਨ। ਕਾਂਗਰਸ ਦੇ ਲੋਕ ਸਭਾ 'ਚ 99 ਸੰਸਦ ਹਨ, ਜਿਨ੍ਹਾਂ ਵਿਚ ਤਿੰਨ ਗਾਂਧੀ ਪਰਿਵਾਰ ਦੇ ਹਨ

ਭਾਜਪਾ ਦੇ ਦੇਸ਼ 'ਚ ਕੁੱਲ ਮਿਲਾ ਕੇ 2078 ਵਿਧਾਇਕ ਹਨ, ਉਨ੍ਹਾਂ ਵਿਚੋਂ 18.2 ਫ਼ੀਸਦੀ ਵੰਸ਼ਵਾਦੀ ਹਨ। ਕਾਂਗਰਸ ਦੇ ਲੋਕ ਸਭਾ 'ਚ 99 ਸੰਸਦ ਹਨ, ਜਿਨ੍ਹਾਂ ਵਿਚ ਤਿੰਨ ਗਾਂਧੀ ਪਰਿਵਾਰ ਦੇ ਹਨ: ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ। ਇਹ ਵੀ ਹੁਣ ਸਪੱਸ਼ਟ ਹੈ ਕਿ ਭਾਜਪਾ ਭਾਈ-ਭਤੀਜਾਵਾਦ, ਪਰਿਵਾਰਵਾਦ ਤੋਂ ਦੁੱਧ ਧੋਤੀ ਨਹੀਂ, ਭਾਵੇਂ ਕਿ ਭਾਜਪਾ ਨੇਤਾ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਵੰਸ਼ਵਾਦੀ ਨਹੀਂ ਹੈ।

ਪੁੱਤਰ-ਪੁੱਤਰੀਆਂ, ਮਾਤਾ-ਪਿਤਾ, ਭਰਾ-ਭੈਣਾਂ, ਸਹੁਰੇ ਘਰ ਵਾਲੇ, ਚਾਚੇ ਦੇ ਪੁੱਤ, ਭੈਣ-ਭਰਾ, ਚਾਚੇ-ਭਤੀਜੇ ਪਰਿਵਾਰਵਾਦ ਵਿਚ ਗਿਣੇ ਜਾਂਦੇ ਹਨ। ਤਮਿਲਨਾਡੂ ਤੋਂ ਲੈ ਕੇ ਕਸ਼ਮੀਰ, ਮਹਾਰਾਸ਼ਟਰ, ਉੜੀਸਾ, ਪੱਛਮੀ ਬੰਗਾਲ ਅਤੇ ਉੱਤਰ ਪੂਰਬ ਤੱਕ ਦੇ ਮੁੱਖ ਸਿਆਸੀ ਦਲਾਂ ਦੇ 149 ਪਰਿਵਾਰਾਂ ਦੇ ਇੱਕ ਤੋਂ ਵੱਧ ਮੈਂਬਰ ਰਾਜ ਵਿਧਾਨ ਸਭਾਵਾਂ ਜਾਂ ਸੰਸਦ ਦੋਨਾਂ ਵਿਚ ਮੈਂਬਰ ਹਨ। ਇਨ੍ਹਾਂ ਦੀ ਗਿਣਤੀ 337 ਵਿਧਾਇਕ ਜਾਂ ਸੰਸਦ ਮੈਂਬਰ ਹੋ ਗਈ ਹੈ। ਕੁੱਲ ਮਿਲਾ ਕੇ ਇਹ ਸੰਖਿਆ 5 ਰਾਜਾਂ- ਅਰੁਣਾਚਲ ਪ੍ਰਦੇਸ਼, ਦਿੱਲੀ, ਹਿਮਾਚਲ ਪ੍ਰਦੇਸ਼, ਮਣੀਪੁਰ ਅਤੇ ਉੱਤਰਾਖੰਡ ਦੀਆਂ ਵਿਧਾਨ ਸਭਾਵਾਂ ਦੀ ਕੁੱਲ ਸੰਖਿਆ ਦੇ ਬਰਾਬਰ ਹੈ।

ਇੱਕ ਸਰਵੇ ਮੁਤਾਬਿਕ 6 ਕੇਂਦਰੀ ਮੰਤਰੀ, 5 ਕੇਂਦਰੀ ਰਾਜ ਮੰਤਰੀ, 9 ਮੁੱਖ ਮੰਤਰੀ, 7 ਉਪ ਮੁੱਖ ਮੰਤਰੀ, 35 ਰਾਜ ਮੰਤਰੀ ਅਤੇ ਦੋ ਵਿਧਾਨ ਸਭਾ ਸਪੀਕਰ ਵੰਸ਼ਵਾਦੀ ਪਰਿਵਾਰਾਂ 'ਚ ਸ਼ਾਮਲ ਹਨ। ਇਨ੍ਹਾਂ 149 ਪਰਿਵਾਰਾਂ ਵਿਚੋਂ 23 ਪਰਿਵਾਰਾਂ ਦੇ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਦੋ-ਦੋ ਮੈਂਬਰ ਹਨ।

ਇਨ੍ਹਾਂ 149 ਪਰਿਵਾਰਾਂ ਵਿਚੋਂ 27 ਇਹੋ ਜਿਹੇ ਹਨ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਭਾਜਪਾ ਨਾਲ ਜੁੜੇ ਹੋਏ ਹਨ, ਜਦਕਿ 23 ਇਹੋ ਜਿਹੇ ਹਨ, ਜਿਹੜੇ ਵਿਧਾਇਕ ਭਾਜਪਾ ਜਾਂ ਹੋਰ ਸਿਆਸੀ ਦਲਾਂ ਦੇ ਹਨ ਜਾਂ ਆਜ਼ਾਦ ਮੈਂਬਰ ਹਨ ਅਤੇ 32 ਪਰਿਵਾਰ ਪੂਰੀ ਤਰ੍ਹਾਂ ਕਾਂਗਰਸ ਨਾਲ ਜੁੜੇ ਹਨ, ਜਿਨ੍ਹਾਂ 'ਚੋਂ 5 ਹੋਰ ਦਲਾਂ ਦੇ ਨਾਲ ਵਿਧਾਇਕਾਂ ਨੂੰ ਸਾਂਝਾ ਕਰ ਰਹੇ ਹਨ।

ਹੈਰਾਨੀ ਦੀ ਗੱਲ ਨਹੀਂ ਸਮਝੀ ਜਾਣੀ ਚਾਹੀਦੀ ਕਿ ਹਾਕਮ ਧਿਰ ਅਤੇ ਵਿਰੋਧੀ ਧਿਰ ਦੇ ਧੁਰੰਤਰ ਨੇਤਾ ਇਸ ਲਿਸਟ ਵਿਚ ਮੋਹਰੀ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ (ਭਾਜਪਾ) ਉਨ੍ਹਾਂ ਦਾ ਬੇਟਾ ਵਿਧਾਇਕ ਪੰਕਜ ਸਿੰਘ ਸੰਸਦ ਮੈਂਬਰ ਅਤੇ ਕਾਂਗਰਸ ਮੁਖੀ ਮਲਿਕਾਅਰਜੁਨ ਖੜਗੇ ਅਤੇ ਉਨ੍ਹਾਂ ਦਾ ਵਿਧਾਇਕ ਬੇਟਾ ਪ੍ਰਿਯਕ ਖੜਗੇ, ਕਰਨਾਟਕ ਦੇ ਉਪ ਮੁੱਖ ਮੰਤਰੀ ਏਕ ਨਾਥ ਸ਼ਿੰਦੇ ਅਤੇ ਉਸਦਾ ਵਿਧਾਇਕ ਬੇਟਾ ਸ਼੍ਰੀਕਾਂਤ ਸ਼ਿੰਦੇ, ਕਰਨਾਟਕ ਦਾ ਮੁੱਖ ਮੰਤਰੀ ਸਿੱਧਾਰਮੱਈਆ ਅਤੇ ਉਨ੍ਹਾਂ ਦਾ ਬੇਟਾ ਯਤਿੰਦ੍ਰਾ ਸਿੱਧਾਰਮੱਈਆ ਮੈਂਬਰ ਵਿਧਾਨ ਪ੍ਰੀਸ਼ਦ ਹੈ।

ਇਹ ਸੂਚੀ ਇੰਨੀ ਲੰਮੀ ਹੈ ਕਿ ਪ੍ਰਸਿੱਧ ਸਿਆਸੀ ਪਰਿਵਾਰ ਇਸ ਦਾ ਸ਼ਿੰਗਾਰ ਹਨ। ਗਾਂਧੀ (ਕਾਂਗਰਸ), ਸਿੰਧੀਆ (ਭਾਜਪਾ), ਨਾਇਡੂ (ਤੇਦੇਪਾ), ਮੁਲਾਇਮ ਸਿੰਘ ਯਾਦਵ ਅਤੇ ਪੁੱਤਰ (ਸਪਾ), ਲਾਲੂ ਪ੍ਰਸਾਦ ਯਾਦਵ (ਰਾਜਦ), ਸ਼ਰਦ ਪਵਾਰ (ਰਾਕਾਂਪਾ ਗੁੱਟ), ਦੇਵ ਗੌੜਾ (ਜਦ), ਪ੍ਰਕਾਸ਼ ਸਿੰਘ ਬਾਦਲ (ਸ਼੍ਰੋਮਣੀ ਅਕਾਲੀ ਦਲ), ਜੇਦੀਯੁਰੱਪਾ (ਭਾਜਪਾ), ਐੱਮ.ਕੇ. ਸਟਾਲਿਨ (ਡੀ.ਐੱਮ.ਕੇ.) ਆਦਿ ਇਸ ਸੂਚੀ ਵਿਚ ਵਿਸ਼ੇਸ਼ ਤੌਰ 'ਤੇ ਗਿਣੇ ਜਾਂਦੇ ਹਨ।

ਦਿੱਲੀ ਵਿਚ ਤਿੰਨ ਭਾਜਪਾ ਸਾਬਕਾ ਮੁੱਖ ਮੰਤਰੀਆਂ ਮਦਨ ਲਾਲ ਖੁਰਾਨਾ, ਸਾਹਿਬ ਸਿੰਘ ਵਰਮਾ ਅਤੇ ਸੁਸ਼ਮਾ ਸਵਰਾਜ ਦੀ ਵਿਰਾਸਤ ਉਨ੍ਹਾਂ ਦੇ ਬੱਚੇ ਸੰਭਾਲ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਰਾਜੇਸ਼ ਪਾਇਲਟ ਦੇ ਪੁੱਤਰ ਸਚਿਨ ਪਾਇਲਟ ਰਾਜਸਥਾਨ, ਸਾਬਕਾ ਮੁੱਖ ਮੰਤਰੀ ਭੁਪਿੰਦਰ ਹੁੱਡਾ ਦੇ ਪੁੱਤਰ ਦੇਪੇਂਦਰ ਹੁੱਡਾ ਹਰਿਆਣਾ, ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਪੁੱਤਰ ਵਿਕਰਮਦਿੱਤਿਆ ਹਿਮਾਚਲ ਪ੍ਰਦੇਸ਼, ਵੰਸ਼ਵਾਦੀ ਸਿਆਸਤ ਨੂੰ ਅੱਗੇ ਤੋਰ ਰਹੇ ਹਨ।

ਜਿਹੜੀਆਂ ਖੇਤਰੀ ਪਾਰਟੀਆਂ ਦੇ ਪ੍ਰਮੁੱਖ ਇਸ ਵੇਲੇ ਕਾਬਜ਼ ਹਨ, ਉਨ੍ਹਾਂ ਵਿਚ ਅਬਦੁਲਾ ਪਰਿਵਾਰ ਜੰਮੂ-ਕਸ਼ਮੀਰ ਅਤੇ ਮਮਤਾ ਬੈਨਰਜੀ ਪੱਛਮੀ ਬੰਗਾਲ ਹਨ, ਜਿਨ੍ਹਾਂ ਦੇ ਪੁੱਤਰ-ਭਤੀਜੇ ਵੰਸ਼ਵਾਦੀ ਸਿਆਸਤੀ ਹਨ। ਇਸ ਲਿਸਟ ਵਿਚ ਔਰਤਾਂ ਦਾ ਦਬਦਬਾ ਵੀ ਘੱਟ ਨਹੀਂ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੇ ਅਨੁਸਾਰ ਇਹ ਦਿੱਸਦਾ ਹੈ ਕਿ 47 ਫ਼ੀਸਦੀ ਔਰਤਾਂ ਇਨ੍ਹਾਂ ਤੱਕੜੇ ਵੰਸ਼ਵਾਦੀ ਪਰਿਵਾਰਾਂ ਦਾ ਚਿਰਾਗ ਬਾਲ ਰਹੀਆਂ ਹਨ। ਵੰਸ਼ਵਾਦ ਨੇ ਹੀ ਅਸਲ ਵਿਚ ਔਰਤਾਂ ਦੇ ਸਿਆਸਤ ਵਿਚ ਦਰਵਾਜ਼ੇ ਖੋਲ੍ਹੇ ਹਨ।

ਇਹ ਤੱਥ ਵੀ ਸਾਹਮਣੇ ਆਏ ਹਨ ਕਿ ਕੁੱਲ ਮਿਲਾ ਕੇ 1074 ਸਾਬਕਾ ਅਤੇ ਵਰਤਮਾਨ ਵਿਧਾਇਕਾਂ ਦੇ ਰਿਸ਼ਤੇਦਾਰਾਂ ਵਿਚ ਘੱਟੋ-ਘੱਟ 21 ਕੇਂਦਰੀ ਮੰਤਰੀ, 13 ਮੁੱਖ ਮੰਤਰੀ, 8 ਉਪ ਮੁੱਖ ਮੰਤਰੀ, 129 ਰਾਜ ਮੰਤਰੀ, 4 ਵਿਧਾਨ ਸਭਾ ਸਪੀਕਰ ਅਤੇ ਵੱਖੋ-ਵੱਖਰੇ ਸਦਨਾਂ ਵਿਚ ਆਪਣੀਆਂ ਸਿਆਸੀ ਧਿਰਾਂ ਦੇ 18 ਨੇਤਾ ਹਨ।

ਉੱਤਰ ਤੋਂ ਲੈ ਕੇ ਦੱਖਣ ਤੱਕ ਰਾਜਨੀਤੀ ਵਿਚ ਪਰਿਵਾਰਿਕ ਮੈਂਬਰਾਂ ਦੀ ਸਿਆਸਤ ਨੂੰ ਪੂਰੀ ਤਰ੍ਹਾਂ ਪ੍ਰਵਾਨ ਕੀਤਾ ਜਾ ਚੁੱਕਾ ਹੈ। ਇਸ ਸੰਬੰਧੀ ਜਿੱਥੇ ਕਾਂਗਰਸ ਮੋਹਰੀ ਰੋਲ ਅਦਾ ਕਰ ਰਹੀ ਹੈ, ਉੱਥੇ ਭਾਜਪਾ ਵਿਚ ਵੰਸ਼ਵਾਦ ਦੀ ਵੇਲ ਵੱਧ ਫੁੱਲ ਰਹੀ ਹੈ। ਅਸਲ ਵਿਚ ਤਾਂ ਮੌਜੂਦਾ ਦੌਰ 'ਚ ਇਹ ਨੇਤਾ ਸਿਆਸੀ ਪਾਰਟੀਆਂ ਨੂੰ ਆਪਣੀ ਜਗੀਰ ਸਮਝਦੇ ਹਨ। ਇਹ ਬਿਮਾਰੀ ਕਾਂਗਰਸ ਤੋਂ ਸ਼ੁਰੂ ਹੋਈ ਸੀ ਪਰ ਹੁਣ ਇਹ ਖੇਤਰੀ ਦਲਾਂ ਅਤੇ ਭਾਜਪਾ ਵਿਚ ਵੀ ਪੂਰੀ ਤਰ੍ਹਾਂ ਫੈਲ ਚੁੱਕੀ ਹੈ।

ਸਿਆਸੀ ਨੇਤਾ ਲੋਕ-ਸੇਵਾ ਦਾ ਸੰਕਲਪ ਛੱਡ ਕੇ ਹੁਣ ਨਿਰਾਪੁਰਾ ਸਿਆਸਤ ਕਰਨ ਲੱਗ ਪਏ ਹਨ ਅਤੇ ਸਾਮ, ਦਾਮ, ਦੰਡ ਦੀ ਵਰਤੋਂ ਕਰਦਿਆਂ ਆਪਣੀ ਗੱਦੀ ਨੂੰ ਕਿਸੇ ਵੀ ਕੀਮਤ 'ਤੇ ਹੱਥੋਂ ਨਹੀਂ ਜਾਣ ਦੇ ਰਹੇ।

ਸਿਆਸੀ ਧਿਰਾਂ ਆਪਣੇ ਮੰਤਵ, ਆਪਣੇ ਅਸੂਲ, ਆਪਣੀ ਪਾਰਟੀ ਦੇ ਸੰਵਿਧਾਨ ਨੂੰ ਛਿੱਕੇ ਟੰਗ ਕੇ ਸੀਮਾਂਤ ਵਾਦੀ ਸੋਚ ਨੂੰ ਅਪਨਾ ਚੁੱਕੀਆਂ ਹਨ। ਪਾਰਟੀਆਂ 'ਚ ਆਮ ਪਾਰਟੀ ਵਰਕਰ ਦੀ ਪੁੱਛ-ਗਿੱਛ ਨਹੀਂ ਰਹੀ। ਲੋਕ ਸਾਰੋਕਾਰ ਪਾਰਟੀਆਂ ਦੀ ਪਹਿਲ ਨਹੀਂ ਰਹੇ। ਸਿਰਫ਼ ਤੇ ਸਿਰਫ਼ ਧਨ ਦੌਲਤ ਅਤੇ ਕੁਰਸੀ ਦਾ ਹੀ ਬੋਲ ਬਾਲਾ ਹੋ ਗਿਆ ਹੈ।

ਦੇਸ਼ 'ਚ ਪਰਿਵਾਰਵਾਦ ਦੀ ਵਧਦੀ ਵੇਲ ਲੋਕ ਕਲਿਆਣ ਤੋਂ ਮੁੱਖ ਮੋੜ ਕੇ ਰਿਸ਼ਵਤ ਦੇ ਦੌਰ 'ਚ ਪੁੱਜ ਚੁੱਕੀ ਹੈ। ਦੇਸ਼ ਭਗਤੀ ਇਮਾਨਦਾਰੀ ਦੇਸ਼ ਦੇ ਨਕਸ਼ੇ ਤੋਂ ਜਿਵੇਂ ਗੁਆਚੀ ਜਾ ਰਹੀ ਹੈ। ਚੋਣਾਂ 'ਚ ਰਿਸ਼ਵਤ ਦਿਓ, ਲੋਕਾਂ ਨੂੰ ਸਾੜੀਆਂ, ਸ਼ਰਾਬ ਵੰਡੋ, ਨਕਦੀ ਖ਼ਾਤਿਆਂ 'ਚ ਪੈਸੇ ਜਮ੍ਹਾਂ ਕਰਵਾਓ, ਵੋਟਾਂ ਲਓ ਅਤੇ ਰਾਜਨੇਤਾ ਬਣ ਜਾਓ।

ਕੁਝ ਹੱਥਾਂ 'ਚ ਦੇਸ਼ ਦੀ ਸਿਆਸਤ ਦਾ ਆਉਣਾ ਹੋਰ ਵੀ ਘਾਤਕ ਹੋ ਰਿਹਾ ਹੈ। ਜਿਹੜਾ ਵੀ ਵਿਅਕਤੀ ਰਾਜ-ਭਾਗ ਸੰਭਾਲਦਾ ਹੈ, ਉਸਦੇ ਦੁਆਲੇ ਚੰਡਾਲ-ਚੌਂਕੜੀ ਇਕੱਠੀ ਹੁੰਦੀ ਹੈ, ਜੋ ਉਸ ਨੇਤਾ ਨੂੰ 'ਮਹਾਨ ਗਰਦਾਨਦੀ' ਹੈ ਅਤੇ ਆਪਣੀ ਸਵਾਰਥ ਸਿੱਧੀ ਕਰਦੀ ਹੈ।

ਪਰਿਵਾਰਵਾਦ ਦੇਸ਼ ਵਿਚ ਲੋਕਤੰਤਰ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਨਾਲ ਇਹੋ ਜਿਹੀਆਂ ਅਲਾਮਤਾਂ ਦੇਸ਼ 'ਚ ਫੈਲ ਗਈਆਂ ਹਨ ਕਿ ਦੇਸ਼ 'ਚ ਲਗਾਤਾਰ ਨੈਤਿਕ ਨਿਘਾਰ ਤਾਂ ਆ ਹੀ ਰਿਹਾ ਹੈ, ਆਰਥਿਕ ਮੰਦੀ, ਗੁਰਬਤ, ਬੇਰੁਜ਼ਗਾਰੀ, ਰਿਸ਼ਵਤਖੋਰੀ ਸਿਖ਼ਰਾਂ 'ਤੇ ਪੁੱਜ ਰਹੀ ਹੈ।

ਭਾਈ-ਭਤੀਜਾਵਾਦ ਸਿਆਸੀ ਦਲਾਂ ਵਿਚ ਸੱਤਾ ਦੇ ਕੇਂਦਰੀਕਰਨ ਦਾ ਫੈਲਾਅ ਪੈਦਾ ਕਰ ਰਿਹਾ ਹੈ, ਜਿਸ ਨਾਲ ਆਮ ਲੋਕ ਸਿਆਸਤ ਤੋਂ ਦੂਰ ਹੋ ਰਹੇ ਹਨ। ਇਸ ਸਥਿਤੀ ਉੱਤੇ ਜੇਕਰ ਕਾਬੂ ਨਹੀਂ ਪਾਇਆ ਜਾਂਦਾ, ਤਾਂ ਦੇਸ਼ ਦਾ ਵੋਟਰ ਸਿਰਫ ਖਾਮੋਸ਼ ਦਰਸ਼ਕ ਤੱਕ ਸੀਮਤ ਹੋ ਜਾਏਗਾ, ਜੋ ਦੇਸ਼ 'ਚ ਵੱਡੀ ਅਰਾਜਕਤਾ ਦਾ ਕਾਰਨ ਬਣੇਗਾ।

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA



# ਭਾਰਤ ਵਿਚ ਵਧਦਾ ਜਾ ਰਿਹਾ ਹੈ ਜ਼ਾਤ-ਪਾਤ ਆਧਾਰਿਤ ਨਫਰਤ ਦਾ ਜ਼ਹਿਰ




ਕੁਝ ਦਿਨ ਪਹਿਲਾਂ ਤਾਰੀਖ ਨੂੰ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ਼੍ਰੀ ਭੂਸ਼ਣ ਰਾਮਕ੍ਰਿਸ਼ਣ ਗਵਈ 'ਤੇ ਇੱਕ ਕਥਿਤ ਉੱਚੀ ਜ਼ਾਤ ਦੇ ਵਕੀਲ ਵੱਲੋਂ ਜੁੱਤੀ ਸੁੱਟੀ ਗਈ ਸੀ। ਇਹ ਵਾਕਿਆ ਨੀਚਤਾ ਦੀ ਹੱਦ ਸੀ ਪਰ ਮੀਡੀਆ ਦੇ ਇੱਕ ਹਿੱਸੇ ਵਜੋਂ ਵਕੀਲ ਨੂੰ ਇੱਕ ਹੀਰੋ ਵਜੋਂ ਪੇਸ਼ ਕੀਤਾ ਗਿਆ। ਸੋਸ਼ਲ ਮੀਡੀਆ ਵਿਚ ਚੀਫ ਜਸਟਿਸ ਦੀ ਜ਼ਾਤੀ 'ਤੇ ਫਬਤੀਆਂ ਕੱਸੀਆਂ ਗਈਆਂ ਤੇ ਘਟੀਆ ਮੀਮ ਬਣਾਏ ਗਏ। ਵਰਨਣਯੋਗ ਹੈ ਕਿ ਸ਼੍ਰੀ ਗਵਈ ਸ਼੍ਰੀ ਕੇ.ਜੀ. ਬਾਲਾਕ੍ਰਿਸ਼ਨਨ ਤੋਂ ਬਾਅਦ ਦੂਸਰੇ ਦਲਿਤ ਚੀਫ ਜਸਟਿਸ ਹਨ। ਇਸ ਤੋਂ ਇਲਾਵਾ ਰੋਜ਼ਾਨਾ ਅਜਿਹੀਆਂ ਖਬਰਾ ਸੁਣਨ ਨੂੰ ਮਿਲ ਜਾਂਦੀਆਂ ਹਨ, ਜਿੱਥੇ ਕਦੇ ਕਿਸੇ ਦਲਿਤ 'ਤੇ ਪਿਸ਼ਾਬ ਕਰ ਦਿੱਤਾ ਜਾਂਦਾ ਹੈ ਜਾਂ ਕਿਸੇ ਤੋਂ ਕਥਿਤ ਉੱਚੀ ਜ਼ਾਤ ਵਾਲੇ ਦਬੰਗ ਦੇ ਪੈਰ ਧੁਲਵਾਏ ਜਾਂਦੇ ਹਨ।

ਜ਼ਾਤ ਪਾਤ ਦੀ ਇਸ ਬੁਰਾਈ ਕਾਰਨ ਭਾਰਤ ਸੈਂਕੜੇ ਸਾਲਾਂ ਤੱਕ ਵਿਦੇਸ਼ੀ ਹਮਲਾਵਰਾਂ ਦੁਆਰਾ ਰੌਂਦਿਆ ਜਾਂਦਾ ਰਿਹਾ ਹੈ। ਪਾਣੀਪੱਤ ਦੀ ਪਹਿਲੀ ਜੰਗ (21 ਅਪ੍ਰੈਲ 1526 ਈਸਵੀ) ਵੇਲੇ ਬਾਬਰ ਦੀ ਫੌਜ ਸਿਰਫ 30000 ਅਤੇ ਇਬਰਾਹੀਮ ਲੋਧੀ ਦੀ ਇੱਕ ਲੱਖ ਦੇ ਕਰੀਬ ਸੀ। ਇੱਕ ਰਾਤ ਬਾਬਰ ਭੇਸ ਬਦਲ ਕੇ ਇਬਰਾਹੀਮ ਲੋਧੀ ਦੇ ਕੈਂਪ ਵਿਚ ਘੁੰਮ ਰਿਹਾ ਸੀ, ਤਾਂ ਉਸ ਨੇ ਵੇਖਿਆ ਕਿ ਲੋਧੀ ਦੀ ਫੌਜ ਦੇ ਹਰ ਟੈਂਟ ਅੱਗੇ ਚੁੱਲ੍ਹਾ ਬਲ ਰਿਹਾ ਹੈ। ਉਸ ਨੇ ਆਪਣੇ ਜਾਸੂਸਾਂ ਨੂੰ ਇਸ ਬਾਰੇ ਪੁੱਛਿਆ ਤਾਂ ਜਵਾਬ ਮਿਲਿਆ ਕਿ ਇਹ ਲੋਕ ਵੱਖ-ਵੱਖ ਜ਼ਾਤਾਂ, ਧਰਮਾਂ ਅਤੇ ਫਿਰਕਿਆਂ ਨਾਲ ਸਬੰਧ ਰੱਖਦੇ ਹਨ ਤੇ ਛੂਤ-ਛਾਤ ਮੰਨਣ ਕਾਰਨ ਇੱਕ ਦੂਸਰੇ ਨਾਲ ਬੈਠ ਕੇ ਖਾਣਾ ਨਹੀਂ ਖਾਂਦੇ। ਇਹ ਸੁਣ ਕੇ ਬਾਬਰ ਬੋਲਿਆ ਕਿ ਜੇ ਇਹ ਫੌਜੀ ਇਕੱਠੇ ਬੈਠ ਕੇ ਖਾਣਾ ਨਹੀਂ ਖਾ ਸਕਦੇ, ਤਾਂ ਇੱਕਮੁੱਠ ਹੋ ਕੇ ਲੜ ਵੀ ਨਹੀਂ ਸਕਣਗੇ। ਉਹ ਹੀ ਗੱਲ ਹੋਈ, ਅਗਲੇ ਦਿਨ ਚੰਦ ਘੰਟਿਆਂ ਵਿਚ ਲੋਧੀ ਦੀ ਸਾਰੀ ਫੌਜ ਨਸ਼ਟ ਕਰ ਦਿੱਤੀ ਗਈ ਤੇ ਉਹ ਜੰਗ ਵਿਚ ਮਾਰਿਆ ਗਿਆ। ਮੌਜੂਦਾ ਸਮੇਂ ਵੀ ਇਹੋ ਕੁਝ ਹੋ ਰਿਹਾ ਹੈ। ਦੇਸ਼ ਦੀ ਤਰੱਕੀ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਜ਼ਾਤੀ ਪ੍ਰਥਾ ਹੀ ਹੈ। ਲੋਕ ਵੋਟ ਪਾਉਣ ਲੱਗਿਆਂ ਉਮੀਦਵਾਰ ਦੀ ਕਾਬਲੀਅਤ ਦੀ ਬਜਾਏ ਜ਼ਾਤ ਵੇਖਦੇ ਹਨ। ਉਹ ਗੱਲ ਅਲੱਗ ਹੈ, ਅੱਜ ਤੱਕ ਕਿਸੇ ਨੇਤਾ ਨੇ ਸੱਤਾ ਮਿਲਣ ਤੋਂ ਬਾਅਦ ਆਪਣੀ ਜ਼ਾਤ ਦਾ ਭਲਾ ਨਹੀਂ ਕੀਤਾ।

ਸੰਸਾਰ ਵਿਚ ਸ਼ਾਇਦ ਭਾਰਤ ਹੀ ਇੱਕੋ ਇੱਕ ਅਜਿਹਾ ਦੇਸ਼ ਹੈ, ਜਿੱਥੇ ਅੱਜ ਵੀ ਜ਼ਾਤੀ ਪ੍ਰਥਾ ਵਰਗੇ ਕਲੰਕ ਦੀ ਪੂਰੀ ਕਰੜਾਈ ਨਾਲ ਪਾਲਣਾ ਕੀਤੀ ਜਾ ਰਹੀ ਹੈ। ਭਾਰਤ ਵਿਚ ਜ਼ਾਤੀਵਾਦੀ ਸਿਸਟਮ ਦਾ ਘੋਰ ਅਣਮਨੁੱਖੀ ਰੂਪ ਯੂ.ਪੀ., ਬਿਹਾਰ, ਰਾਜਸਥਾਨ ਅਤੇ ਦੱਖਣੀ ਭਾਰਤ ਵਿਚ ਵੇਖਣ ਨੂੰ ਮਿਲਦਾ ਹੈ। ਇਨ੍ਹਾਂ ਸੂਬਿਆਂ ਦੇ ਪਿੰਡਾਂ ਵਿਚ ਕਥਿਤ ਛੋਟੀਆਂ ਜਾਤਾਂ ਲਈ ਪਾਣੀ ਦੇ ਖੂਹ-ਨਲਕੇ ਵੱਖਰੇ ਹਨ ਤੇ ਉਹ ਪਿੰਡ ਦੇ ਚੌਧਰੀ ਦੇ ਬਰਾਬਰ ਕੁਰਸੀ ਜਾਂ ਮੰਜੇ 'ਤੇ ਨਹੀਂ ਬੈਠ ਸਕਦੇ। ਬਿਹਾਰ ਦੀ ਤਾਂ ਸਾਰੀ ਸਿਆਸਤ ਅਤੇ ਸਮਾਜਿਕ ਤਾਣਾ-ਬਾਣਾ ਜ਼ਾਤੀਵਾਦ ਦੇ ਇਰਦ-ਗਿਰਦ ਹੀ ਘੁੰਮਦਾ ਹੈ। ਰਾਜਨੀਤਿਕ ਪਾਰਟੀਆਂ ਤਾਂ ਇੱਕ ਪਾਸੇ, ਗੁੰਡਿਆਂ ਅਤੇ ਡਾਕੂਆਂ ਦੇ ਗਿਰੋਹ ਵੀ ਜ਼ਾਤ ਆਧਾਰਿਤ ਹਨ। 1992-93 ਵਿਚ ਮੈਂ ਇੱਕ ਭਗੌੜੇ ਮੁਲਜ਼ਮ ਨੂੰ ਪਕੜਨ ਲਈ ਯੂ.ਪੀ. ਦੇ ਕਿਸੇ ਸ਼ਹਿਰ ਗਿਆ ਸੀ। ਸਾਨੂੰ ਪੁਲਿਸ ਮਦਦ ਲੈਣ ਲਈ ਸਥਾਨਿਕ ਥਾਣੇ ਜਾਣਾ ਪਿਆ, ਤਾਂ ਵੇਖਿਆ ਕਿ ਥਾਣੇ ਵਿਚ ਦੋ ਮੈੱਸਾਂ ਸਨ। ਉਨ੍ਹਾਂ ਦੇ ਦਰਵਾਜ਼ਿਆਂ 'ਤੇ ਸ਼ਰੇਆਮ ਲਿਖਿਆ ਹੋਇਆ ਸੀ, ਉੱਚ ਜ਼ਾਤੀ ਕੀ ਮੈੱਸ ਅਤੇ ਨਿਮਨ ਜ਼ਾਤੀ ਕੀ ਮੈੱਸ। ਜਦੋਂ ਮੈਂ ਹੈਰਾਨ ਹੋ ਕਿ ਐੱਸ.ਐੱਚ.ਉ. ਨੂੰ ਇਸ ਸਬੰਧੀ ਪੁੱਛਿਆ ਤਾਂ ਉਹ ਬਹੁਤ ਆਰਾਮ ਨਾਲ ਬੋਲਿਆ ਕਿ ਇਸ ਵਿਚ ਕੀ ਖਾਸ ਗੱਲ ਹੈ? ਇਹ ਤਾਂ ਹੁੰਦਾ ਹੀ ਹੈ।

ਰਾਜਸਥਾਨ ਵਿਚ ਕੁਝ ਸਾਲ ਪਹਿਲਾਂ ਤੱਕ ਕੋਈ ਗੈਰ ਰਾਜਪੂਤ, ਇੱਥੋਂ ਤੱਕ ਕਿ ਜਾਟ (ਜੱਟ) ਵੀ ਆਪਣੇ ਨਾਮ ਨਾਲ ਸਿੰਘ ਨਹੀਂ ਸੀ ਲਿਖ ਸਕਦਾ, ਘੋੜੀ 'ਤੇ ਨਹੀਂ ਸੀ ਚੜ੍ਹ ਸਕਦਾ ਤੇ ਚੰਗਾ ਊਠ ਨਹੀਂ ਸੀ ਰੱਖ ਸਕਦਾ। ਅੱਜ ਵੀ ਰਾਜਸਥਾਨ 'ਚ ਰਾਜਪੂਤਾਂ ਨੂੰ ਛੱਡ ਕੇ ਬਹੁਤੇ ਲੋਕਾਂ ਦੇ ਨਾਮ ਸ਼ਾਮ ਲਾਲ, ਨਿਉਲਾ ਰਾਮ, ਦੂੜੇ ਰਾਮ, ਰਤਨ ਲਾਲ ਜਾਂ ਗੋਦਾ ਰਾਮ ਆਦਿ ਹਨ। ਧਰਮਿੰਦਰ ਦੀ ਫਿਲਮ ਗੁਲਾਮੀ (1985) ਵਿਚ ਇਹ ਭੇਦਭਾਵ ਬਹੁਤ ਸਟੀਕਤਾ ਨਾਲ ਵਿਖਾਇਆ ਗਿਆ ਸੀ। ਦੱਖਣ ਵਿਚ ਤਾਂ ਹਾਲਾਤ ਹੋਰ ਵੀ ਬੁਰੇ ਹਨ। ਉਥੇ ਇੱਕ ਯੇਲੱਮਾ ਦੇਵੀ ਦਾ ਮੰਦਰ ਹੈ, ਜਿੱਥੇ ਸਿਰਫ ਕਥਿਤ ਛੋਟੀਆਂ ਜ਼ਾਤਾਂ ਦੀਆਂ ਬੱਚੀਆਂ ਨੂੰ ਹੀ ਦੇਵ ਦਾਸੀਆਂ ਬਣਾਇਆ ਜਾਂਦਾ ਹੈ ਤੇ ਬਾਅਦ ਵਿਚ ਵੇਸਵਾ ਬਾਜ਼ਾਰ ਵਿਚ ਵੇਚ ਦਿੱਤਾ ਜਾਂਦਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿਚ ਵੀ ਇੱਕ ਚੋਟੀ ਦੇ ਸਿਆਸੀ ਪਰਿਵਾਰ ਦਾ ਮਨਪਸੰਦ ਇੱਕ ਅਜਿਹਾ ਡੇਰਾ ਹੈ, ਜਿੱਥੇ ਅੱਜ ਵੀ ਲੰਗਰ ਵਿਚ ਵੱਖ-ਵੱਖ ਜ਼ਾਤਾਂ ਦੇ ਭਾਂਡੇ ਅਲੱਗ-ਅਲੱਗ ਰੱਖ ਕੇ ਸਿੱਖ ਧਰਮ ਦੇ ਸਭ ਤੋਂ ਬੁਨਿਆਦੀ ਅਸੂਲ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

ਪੰਜਾਬ ਵਿਚ ਗੁਰੂਆਂ ਅਤੇ ਭਗਤਾਂ ਨੇ ਜ਼ਾਤ-ਪਾਤ ਮਿਟਾਉਣ ਲਈ ਬਹੁਤ ਉਪਰਾਲੇ ਕੀਤੇ ਸਨ ਪਰ ਇਹ ਬਿਮਾਰੀ ਲਗਾਤਾਰ ਵਧਦੀ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕਰਨ ਵੇਲੇ ਇਸ ਬੁਰਾਈ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾਂ ਵੱਖ-ਵੱਖ ਜ਼ਾਤਾਂ ਦੇ ਪੰਜ ਸੂਰਮਿਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਫਿਰ ਆਪ ਉਨ੍ਹਾਂ ਹੱਥੋਂ ਅੰਮ੍ਰਿਤ ਛਕਿਆ। ਪਰ ਹੁਣ ਹਾਲਾਤ ਇਹ ਬਣ ਗਏ ਹਨ ਕਿ ਅਸੀਂ ਗੁਰੂ ਸਾਹਿਬਾਨ ਨੂੰ ਤਾਂ ਮੰਨਦੇ ਹਾਂ, ਪਰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਲਈ ਤਿਆਰ ਨਹੀਂ। ਪੰਜਾਬ ਦੇ ਹਰ ਪਿੰਡ-ਸ਼ਹਿਰ ਵਿਚ ਵੱਖ-ਵੱਖ ਜ਼ਾਤਾਂ ਦੇ ਗੁਰਦਵਾਰੇ, ਮੰਦਰ ਅਤੇ ਸ਼ਮਸ਼ਾਨ ਘਾਟ ਬਣੇ ਹੋਏ ਹਨ। ਪੱਛਮੀ ਦੇਸ਼ਾਂ ਵਿਚ ਵੀ ਭਾਰਤੀ ਆਪਣੀ ਇਹ ਨੀਚ ਪ੍ਰਥਾ ਨਾਲ ਹੀ ਲੈ ਗਏ ਹਨ। ਉਥੇ ਵੀ ਅਲੱਗ-ਅਲੱਗ ਜ਼ਾਤਾਂ ਦੇ ਧਰਮ ਅਸਥਾਨ ਉਸਾਰ ਲਏ ਗਏ ਹਨ।

ਜ਼ਾਤ ਪਾਤ ਪ੍ਰਥਾ ਵੈਦਿਕ ਕਾਲ ਵਿਚ ਕੰਮ ਦੇ ਆਧਾਰ 'ਤੇ ਸ਼ੁਰੂ ਹੋਈ ਸੀ, ਪਰ ਸਮਾਂ ਪਾ ਕੇ ਰਾਜਿਆਂ ਅਤੇ ਪੁਜਾਰੀਆਂ ਦੀਆਂ ਸਾਜ਼ਿਸ਼ਾਂ ਕਾਰਨ ਇਹ ਪੱਕੀ ਹੋ ਗਈ। ਫਿਲਹਾਲ ਇਸ ਦੇ ਖਤਮ ਹੋਣ ਦੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ ਕਿਉਂਕਿ ਇਸ ਨੂੰ ਦੇਸ਼ ਦੇ ਰਾਜਨੀਤਿਕ ਅਤੇ ਧਾਰਮਿਕ ਰਹਿਨੁਮਾਵਾਂ ਵੱਲੋਂ ਭਰਪੂਰ ਬੜਾਵਾ ਦਿੱਤਾ ਜਾ ਰਿਹਾ ਹੈ। ਇਲੈਕਸ਼ਨਾਂ, ਸਰਕਾਰੀ ਨੌਕਰੀਆਂ, ਇਥੋਂ ਤੱਕ ਕੇ ਪੰਚਾਇਤਾਂ ਵੀ ਜ਼ਾਤ ਆਧਾਰਿਤ ਬਣਦੀਆਂ ਹਨ। ਅਫਸਰਾਂ ਦੇ ਸ਼ਰੇਆਮ ਜ਼ਾਤ ਆਧਾਰਿਤ ਗਰੁੱਪ ਬਣੇ ਹੋਏ ਹਨ, ਜਿਨ੍ਹਾਂ ਵਿਚ ਦੂਸਰੀ ਜ਼ਾਤ ਵਾਲਿਆਂ ਦੀ ਰੱਜ ਕੇ ਬਦਖੋਈ ਕੀਤੀ ਜਾਂਦੀ ਹੈ। ਵੈਸੇ ਜ਼ਾਤ-ਪਾਤ ਵੀ ਵਿਅਕਤੀ ਦੀ ਆਰਥਿਕ ਸਥਿਤੀ ਅਨੁਸਾਰ ਬਦਲ ਜਾਂਦੀ ਹੈ। ਜੇ ਵਿਅਕਤੀ ਗਰੀਬ ਹੋਵੇ, ਤਾਂ ਉਸ ਨਾਲ ਜ਼ਾਤ ਦੇ ਆਧਾਰ 'ਤੇ ਰੱਜ ਕੇ ਵਿਤਕਰਾ ਕੀਤਾ ਜਾਂਦਾ ਹੈ। ਪਰ ਜੇ ਉਹ ਹੀ ਵਿਅਕਤੀ ਪੜ੍ਹ-ਲਿਖ ਕੇ ਅਫਸਰ ਜਾਂ ਮੰਤਰੀ ਬਣ ਜਾਵੇ, ਤਾਂ ਇਲਾਕੇ ਦੇ ਵੱਡੇ ਤੋਂ ਵੱਡੇ ਚੌਧਰੀ ਵੀ ਉਸ ਨੂੰ ਸਲਾਮ ਮਾਰਨ ਪਹੁੰਚ ਜਾਂਦੇ ਹਨ। ਕਹਿੰਦੇ ਹਨ ਕਿ ਪਹਿਲੀ ਪੀੜ੍ਹੀ ਦਾ ਪਾਖੰਡ ਦੂਸਰੀ ਪੀੜ੍ਹੀ ਦੀ ਪ੍ਰੰਪਰਾ ਅਤੇ ਤੀਸਰੀ ਪੀੜ੍ਹੀ ਦਾ ਧਰਮ ਬਣ ਜਾਂਦਾ ਹੈ। ਜ਼ਾਤ-ਪਾਤ ਵੀ ਸਾਡਾ ਧਰਮ ਬਣ ਗਿਆ ਹੈ। ਇਸ ਭੇਦਭਾਵ ਤੋਂ ਅੱਕ ਕੇ ਭਾਰਤ ਵਿਚ ਕਰੋੜਾਂ ਲੋਕਾਂ ਨੇ ਧਰਮ ਪਰਿਵਰਤਨ ਕੀਤਾ ਸੀ ਤੇ ਅੱਜ ਵੀ ਕਰ ਰਹੇ ਹਨ।

ਪੰਜਾਬ ਦੇ ਪਿੰਡਾਂ ਵਿਚ ਜ਼ਾਤ ਆਧਾਰਿਤ ਕਲੋਨੀਆਂ ਅਤੇ ਮਹੱਲੇ ਬਣੇ ਹੋਏ ਹਨ। ਸਾਡੇ ਨੇਤਾ ਭਾਵੇਂ ਜ਼ਾਤ-ਪਾਤ ਖਤਮ ਕਰਨ ਦੀਆਂ ਗੱਲਾਂ ਕਰਦੇ ਹਨ, ਪਰ ਵੱਖ-ਵੱਖ ਜ਼ਾਤਾਂ ਦੇ ਧਰਮ ਸਥਾਨਾਂ ਅਤੇ ਧਰਮਸ਼ਾਲਾਵਾਂ ਲਈ ਖੁੱਲ੍ਹ ਕੇ ਗਰਾਂਟਾਂ ਦਿੰਦੇ ਹਨ। ਵੋਟਾਂ ਖੁੱਸਣ ਦੇ ਡਰੋਂ ਇਸ ਗੱਲ 'ਤੇ ਕਦੇ ਵੀ ਜ਼ੋਰ ਨਹੀਂ ਦਿੰਦੇ ਕਿ ਸਾਰੀਆਂ ਜ਼ਾਤਾਂ ਲਈ ਇੱਕ ਹੀ ਸਾਂਝਾ ਧਰਮ ਸਥਾਨ ਹੋਣਾ ਚਾਹੀਦਾ ਹੈ। ਪੰਜਾਬ ਵਿਚ ਲਵ ਮੈਰਿਜ ਭਾਵੇਂ ਅੰਤਰਜ਼ਾਤੀ ਹੋ ਜਾਵੇ, ਪਰ ਅਰੇਂਜ਼ਡ ਮੈਰਿਜ 100% ਇੱਕ ਹੀ ਜ਼ਾਤ ਵਿਚ ਹੁੰਦੀ ਹੈ। ਲੋਕ ਅੰਤਰਜ਼ਾਤੀ ਵਿਆਹਾਂ ਨੂੰ ਬਰਦਾਸ਼ਤ ਨਹੀਂ ਕਰਦੇ, ਲੜਕੇ ਲੜਕੀ ਨੂੰ ਕਤਲ ਤੱਕ ਕਰ ਦਿੱਤਾ ਜਾਂਦਾ ਹੈ। ਪਰ ਜ਼ਾਤ-ਪਾਤ ਵਰਗੇ ਕਲੰਕ ਨੂੰ ਮਿਟਾਉਣ ਦਾ ਜਿਹੜਾ ਕੰਮ ਸਾਡੇ ਧਾਰਮਿਕ ਰਹਿਨੁਮਾ ਨਹੀਂ ਕਰ ਸਕੇ, ਉਹ ਆਈਲੈਟਸ ਨੇ ਕਰ ਵਿਖਾਇਆ ਹੈ। ਹੁਣ ਵਿਆਹ ਵੇਲੇ ਸਿਰਫ ਲੜਕੀ ਦੇ ਬੈਂਡ ਵੇਖੇ ਜਾਂਦੇ ਹਨ, ਜ਼ਾਤ-ਪਾਤ ਕੋਈ ਨਹੀਂ ਪੁੱਛਦਾ। ਪਰ ਜਿੰਨਾਂ ਚਿਰ ਭਾਰਤੀਆਂ ਵਿਚ ਜਾਗ੍ਰਿਤੀ ਨਹੀਂ ਆਉਂਦੀ, ਜਨਤਾ ਜ਼ਾਤ ਦੀ ਬਜਾਏ ਕਾਬਲੀਅਤ ਨਹੀਂ ਵੇਖਦੀ, ਰਾਜਨੀਤਿਕ ਲੋਕ ਆਪਣੀਆਂ ਰੋਟੀਆਂ ਸੇਕਣੀਆਂ ਬੰਦ ਨਹੀਂ ਕਰਦੇ, ਅੰਤਰ ਜ਼ਾਤੀ ਵਿਆਹ ਨਹੀਂ ਹੁੰਦੇ ਤੇ ਧਾਰਮਿਕ ਛੂਤ-ਛਾਤ ਖਤਮ ਨਹੀਂ ਹੁੰਦੀ, ਸਾਡੇ ਸਮਾਜ ਦਾ ਇਹ ਮਹਾਂ ਕਲੰਕ ਕਦੇ ਵੀ ਖਤਮ ਨਹੀਂ ਹੋ ਸਕਦਾ।

# ਸਿੰਧੂ ਘਾਟੀ ਤੋਂ ਆਧੁਨਿਕ ਸਮੇਂ ਤੱਕ ਪੰਜਾਬ ਦਾ ਸਫ਼ਰ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਪੰਜਾਬ ਦੀ ਐਪੀਰੋਨ ਵਿਰਾਸਤ ਆਪਣੀਆਂ ਜੜ੍ਹਾਂ ਸਿੰਧੂ ਘਾਟੀ ਸੱਭਿਅਤਾ ਤੱਕ ਲੈ ਜਾਂਦੀ ਹੈ। ਕਈ ਯੁੱਗਾਂ ਵਿਚੋਂ ਲੰਘਣ ਤੋਂ ਬਾਅਦ, ਇਹ ਅੰਤ ਵਿਚ ਆਪਣੇ ਮੌਜੂਦਾ ਰੂਪ - ਪੰਜਾਬ - ਵਿਚ ਵਿਕਸਤ ਹੋ ਗਈ ਹੈ। ਅਣਗਿਣਤ ਯੁੱਗਾਂ ਅਤੇ ਪੀੜ੍ਹੀਆਂ ਦੇ ਇਸ ਅਮੀਰ ਇਤਿਹਾਸਕ ਵਿਕਾਸ ਵਿਚੋਂ ਲੰਘਣਾ ਦਿਲਚਸਪ ਹੈ। ਮੂਲ ਰੂਪ ਵਿਚ ਰਿਗਵੈਦਿਕ ਕਾਲ (1500-1000 ਈਸਾ ਪੂਰਵ) ਦੌਰਾਨ "ਸਪਤ ਸਿੰਧੂ" ਵਜੋਂ ਜਾਣਿਆ ਜਾਂਦਾ ਸੀ, ਇਸ ਸ਼ਬਦ ਦਾ ਅਰਥ ਹੈ "ਸੱਤ ਦਰਿਆਵਾਂ ਦੀ ਧਰਤੀ"। ਇਹ ਨਦੀਆਂ ਸਿੰਧੂ, ਵਿਤਸਤਾ (ਜੇਲਮ), ਅਸਿਕਨੀ (ਚਨਾਬ), ਪਰੂਸਾਨੀ (ਰਾਵੀ), ਵਿਪਾਸਾ (ਬਿਆਸ), ਸ਼ਤਰੁਦਰੀ (ਸਤਲੁਜ) ਅਤੇ ਸਰਸਵਤੀ ਸਨ। ਇਹ ਮੰਨਿਆ ਜਾਂਦਾ ਹੈ ਕਿ ਬਾਅਦ ਦੇ ਵੈਦਿਕ ਕਾਲ (1000-500 ਈਸਾ ਪੂਰਵ) ਦੌਰਾਨ, ਸਰਸਵਤੀ ਨਦੀ - ਯਮੁਨਾ ਅਤੇ ਸਤਲੁਜ ਦੇ ਵਿਚਕਾਰ ਵਗਦੀ - ਸੁੱਕਣੀ ਸ਼ੁਰੂ ਹੋ ਗਈ ਅਤੇ ਅੰਤ ਵਿਚ ਅਲੋਪ ਹੋ ਗਈ। ਇਸਦੇ ਨਾਲ ਹੀ, ਸਿੰਧੂ ਨਦੀ ਭੂਗੋਲਿਕ ਤੌਰ 'ਤੇ ਵੱਖ ਹੋ ਗਈ। ਸਿੱਟੇ ਵਜੋਂ, ਸਪਤ ਸਿੰਧੂ, ਜਿਸ ਕੋਲ ਹੁਣ ਪੰਜ ਦਰਿਆ ਬਚੇ ਹਨ, ਨੂੰ ਪੁਰਾਤਨ ਕਾਲ (500-300 ਈਸਾ ਪੂਰਵ) ਦੌਰਾਨ "ਪੰਚਨਾਦ" (ਪੰਜ ਦਰਿਆਵਾਂ ਦੀ ਧਰਤੀ) ਵਜੋਂ ਜਾਣਿਆ ਜਾਣ ਲੱਗਾ।

ਬੋਲੀ ਜਾਣ ਵਾਲੀ ਭਾਸ਼ਾ ਦੇ ਸਭ ਤੋਂ ਪੁਰਾਣੇ ਸਬੂਤ ਮੱਧ ਹਿੰਦ-ਆਰੀਅਨ ਕਾਲ (600 ਈਸਾ ਪੂਰਵ-1000 ਈਸਵੀ) ਦੌਰਾਨ ਉਭਰੇ, ਜਿਸਨੂੰ ਪ੍ਰਾਕ੍ਰਿਤ ਕਿਹਾ ਜਾਂਦਾ ਹੈ। ਸਮੇਂ ਦੇ ਨਾਲ, ਲਗਾਤਾਰ ਸੁਧਾਰਾਂ ਦੁਆਰਾ, ਇੱਕ ਵਿਕਸਤ ਰੂਪ ਜਿਸਨੂੰ ਅਪਭ੍ਰੰਸ਼ ("ਮਿਸ਼ਰਤ") ਕਿਹਾ ਜਾਂਦਾ ਹੈ, ਵਿਕਸਤ ਹੋਇਆ। ਇਤਿਹਾਸਕ ਰਿਕਾਰਡ ਸੁਝਾਅ ਦਿੰਦੇ ਹਨ ਕਿ 10ਵੀਂ ਸਦੀ ਈਸਵੀ ਦੇ ਅੰਤ ਤੱਕ, ਅਪਭ੍ਰੰਸ਼ ਨੇ ਹਿੰਦੀ, ਪੰਚਨਾਦ (ਪੰਜਾਬੀ) ਅਤੇ ਵੱਖ-ਵੱਖ ਦੱਖਣੀ ਏਸ਼ੀਆਈ ਉਪਭਾਸ਼ਾਵਾਂ ਨੂੰ ਜਨਮ ਦਿੱਤਾ। 8ਵੀਂ-9ਵੀਂ ਸਦੀ ਈਸਵੀ ਦੇ ਆਸਪਾਸ, ਸ਼ਾਰਦਾ ਲਿਪੀ - ਕਈ ਬਾਅਦ ਦੀਆਂ ਲਿਪੀਆਂ ਦੀ ਮਾਂ - ਵਿਕਸਿਤ ਕੀਤੀ ਗਈ ਸੀ। ਇਸਦਾ ਨਾਮ ਸ਼ਾਰਦਾ ਸ਼ਕਤੀ ਪੀਠ (ਪੀ.ਓ.ਕੇ. ਵਿਚ ਕੰਟਰੋਲ ਰੇਖਾ ਦੇ ਨੇੜੇ ਕਸ਼ਮੀਰ ਦੇ ਕੇਰਨ ਸੈਕਟਰ ਵਿਚ ਸਥਿਤ) ਵਿਖੇ ਪ੍ਰਾਚੀਨ ਯੂਨੀਵਰਸਿਟੀ ਅਤੇ ਸਿੱਖਿਆ ਕੇਂਦਰ ਤੋਂ ਲਿਆ ਗਿਆ ਹੈ, ਜਿਸਨੇ ਇਸਦੀ ਸਿਰਜਣਾ ਅਤੇ ਪ੍ਰਸਿੱਧੀ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ।

ਇਸ ਆਧਾਰ ਤੋਂ ਕਈ ਤਰ੍ਹਾਂ ਦੀਆਂ ਵਿਉਤਪੰਨ ਲਿਪੀਆਂ ਦਾ ਵਿਕਾਸ ਹੋਇਆ, ਜਿਨ੍ਹਾਂ ਵਿਚੋਂ ਇੱਕ ਲਾਂਡਾ ਸੀ, ਜਿਸਨੂੰ ਮੁੱਖ ਤੌਰ 'ਤੇ ਵਪਾਰੀਆਂ ਦੀ ਲਿਪੀ ਵਜੋਂ ਜਾਣਿਆ ਜਾਂਦਾ ਸੀ। ਇਹ ਸਾਹਿਤਕ ਅਤੇ ਪ੍ਰਸ਼ਾਸਕੀ ਉਦੇਸ਼ਾਂ ਲਈ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਸੀ ਅਤੇ ਜਲਦੀ ਹੀ ਪੰਚਨਾਦ ਭਾਸ਼ਾ ਦੁਆਰਾ ਅਪਣਾਇਆ ਗਿਆ। ਉਸੇ ਸਮੇਂ ਦੇ ਆਸਪਾਸ, ਸੰਤ ਮਤਸਯੇਂਦਰਨਾਥ (ਮਛਿੰਦਰਨਾਥ) ਨੇ ਨਾਥ ਯੋਗੀ ਸੰਪਰਦਾ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਚੇਲੇ, ਯੋਗੀ ਗੋਰਖਨਾਥ ਨੇ ਪੰਚਨਾਦ ਭਾਸ਼ਾ ਵਿਚ ਆਪਣੀਆਂ ਸਿੱਖਿਆਵਾਂ ਅਤੇ ਅਧਿਆਤਮਿਕ ਅਨੁਸ਼ਾਸਨਾਂ ਦਾ ਪ੍ਰਚਾਰ ਕੀਤਾ, ਇਸਦੀਆਂ ਸੱਭਿਆਚਾਰਕ ਜੜ੍ਹਾਂ ਨੂੰ ਹੋਰ ਮਜ਼ਬੂਤ ਕੀਤਾ।

14ਵੀਂ ਸਦੀ ਵਿਚ, ਦੋ ਮਹੱਤਵਪੂਰਨ ਵਿਕਾਸ ਹੋਏ। ਪਹਿਲਾ, ਸੂਫ਼ੀ ਕਵੀ ਅਮੀਰ ਖੁਸਰੋ ਨੇ ਸੰਸਕ੍ਰਿਤ-ਪ੍ਰਭਾਵਿਤ ਹਿੰਦੀ ਅਤੇ ਫਾਰਸੀ ਵਿਚਕਾਰ ਭਾਸ਼ਾਈ ਪਾੜੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹੋਏ, "ਜ਼ੁਬਾਨ-ਏ-ਉਰਦੂ" (ਉਰਦੂ) ਵਜੋਂ ਜਾਣਿਆ ਜਾਂਦਾ ਇੱਕ ਨਵਾਂ ਹਾਈਬ੍ਰਿਡ ਸ਼ਬਦਕੋਸ਼ ਬਣਾਇਆ, ਜੋ ਕਿ ਫਾਰਸੀ-ਅਰਬੀ ਲਿਪੀ ਵਿਚ ਲਿਖਿਆ ਗਿਆ ਸੀ। ਇਸਨੂੰ ਜਲਦੀ ਹੀ ਵਿਆਪਕ ਪ੍ਰਵਾਨਗੀ ਮਿਲ ਗਈ ਅਤੇ ਉੱਤਰੀ ਅਤੇ ਉੱਤਰ-ਪੱਛਮੀ ਖੇਤਰਾਂ ਵਿਚ ਇਸਨੂੰ ਸ਼ਾਹਮੁਖੀ ਲਿਪੀ ਕਿਹਾ ਜਾਣ ਲੱਗਾ, ਅੰਤ ਵਿਚ ਇਹ ਪੰਚਨਾਦ ਭਾਸ਼ਾ ਦੀ ਮੁੱਖ ਲਿਪੀ ਬਣ ਗਈ।

ਦੂਜਾ ਮੀਲ ਪੱਥਰ ਇਬਨ ਬਤੂਤਾ ਦੁਆਰਾ ਬਣਾਇਆ ਗਿਆ ਸੀ, ਜੋ ਕਿ ਮੋਰੋਕੋ ਦੇ ਮਗਰੇਬੀ ਖੋਜੀ ਅਤੇ ਬਹੁ-ਵਿਗਿਆਨੀ ਸੀ। 1325 ਅਤੇ 1354 ਦੇ ਵਿਚਕਾਰ, ਉਸਨੇ ਏਸ਼ੀਆ, ਅਫਰੀਕਾ ਅਤੇ ਇਬੇਰੀਅਨ ਪ੍ਰਾਇਦੀਪ ਵਿਚ 73,000 ਮੀਲ ਤੋਂ ਵੱਧ ਦੀ ਯਾਤਰਾ ਕੀਤੀ। ਉਹ 1334 ਵਿਚ ਭਾਰਤ ਪਹੁੰਚਿਆ ਅਤੇ 1342 ਤੱਕ ਰਿਹਾ। ਆਪਣੀਆਂ ਯਾਤਰਾਵਾਂ ਦੌਰਾਨ, ਮੰਨਿਆ ਜਾਂਦਾ ਹੈ ਕਿ ਉਸਨੇ ਪੰਚਨਾਦ ਦਾ ਨਾਮ ਫਾਰਸੀ ਸ਼ਬਦ "ਪੰਜਾਬ" ਨਾਲ ਬਦਲ ਦਿੱਤਾ, ਜਿਵੇਂ ਕਿ ਉਸਦੇ ਯਾਤਰਾ ਗ੍ਰੰਥ ਰਿਹਲਾ ਵਿਚ ਦਰਜ ਹੈ। ਨਤੀਜੇ ਵਜੋਂ, ਇਸ ਖੇਤਰ ਦੀ ਭਾਸ਼ਾ ਨੂੰ ਪੰਜਾਬੀ ਵਜੋਂ ਜਾਣਿਆ ਜਾਣ ਲੱਗਾ।

ਇਸ ਦੇ ਨਾਲ ਹੀ, ਸ਼ੇਖ ਫਰੀਦ ਦੀ ਅਗਵਾਈ ਵਾਲੀ ਸੂਫ਼ੀ ਲਹਿਰ ਪੰਜਾਬ ਵਿਚ ਵਧੀ-ਫੁੱਲੀ ਅਤੇ ਬਾਅਦ ਵਿਚ ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਮੁਹੰਮਦ, ਸ਼ਾਹ ਹੁਸੈਨ ਅਤੇ ਦਮੋਦਰ ਦਾਸ ਅਰੋੜਾ (ਹੀਰ-ਰਾਂਝਾ ਦੇ ਮੂਲ ਲੇਖਕ) ਦੁਆਰਾ ਇਸਨੂੰ ਅੱਗੇ ਵਧਾਇਆ ਗਿਆ। ਉਨ੍ਹਾਂ ਦੀ ਕਵਿਤਾ ਅਤੇ ਦਰਸ਼ਨ, ਜੋ ਕਿ ਪੰਜਾਬੀ ਵਿਚ ਪ੍ਰਗਟ ਕੀਤੇ ਗਏ ਸਨ, ਨੇ ਨਵੇਂ ਨਾਮ ਵਾਲੇ ਪੰਜਾਬ ਦੇ ਅਧਿਆਤਮਿਕ ਅਤੇ ਸੱਭਿਆਚਾਰਕ ਤਾਣੇ-ਬਾਣੇ ਨੂੰ ਡੂੰਘਾਈ ਨਾਲ ਅਮੀਰ ਬਣਾਇਆ।

ਇਸ ਤੋਂ ਬਾਅਦ ਇੱਕ ਯਾਦਗਾਰੀ ਅਧਿਆਇ ਸ਼ੁਰੂ ਹੋਇਆ - 15ਵੀਂ ਅਤੇ 18ਵੀਂ ਸਦੀ ਦੇ ਵਿਚਕਾਰ ਸਿੱਖ ਧਰਮ ਦਾ ਉਭਾਰ। ਇਸ ਯੁੱਗ ਨੇ ਪੰਜਾਬੀਆਂ ਵਿਚ ਡੂੰਘੀ ਅਧਿਆਤਮਵਾਦ, ਪਵਿੱਤਰਤਾ ਅਤੇ ਸਮਾਜਿਕ ਏਕਤਾ ਦੀ ਸ਼ੁਰੂਆਤ ਕੀਤੀ। ਇਸ ਸਮੇਂ ਦੌਰਾਨ, ਪੰਜਾਬੀ ਭਾਸ਼ਾ ਨੇ ਆਪਣੀ ਵੱਖਰੀ ਲਿਪੀ - ਗੁਰਮੁਖੀ - ਪ੍ਰਾਪਤ ਕੀਤੀ, ਜੋ ਦੂਜੇ ਸਿੱਖ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਤਿਆਰ ਕੀਤੀ ਗਈ ਸੀ।

ਮੁਗਲ ਕਾਲ ਦੌਰਾਨ, ਮਹੱਤਵਪੂਰਨ ਪ੍ਰਸ਼ਾਸਕੀ ਸੁਧਾਰ ਪੇਸ਼ ਕੀਤੇ ਗਏ ਸਨ। ਇਨ੍ਹਾਂ ਵਿਚੋਂ, ਰਾਜਾ ਟੋਡਰ ਮੱਲ, ਜੋ ਕਿ ਸਮਰਾਟ ਅਕਬਰ ਦੇ ਦਰਬਾਰ ਵਿਚ ਵਿੱਤੀ ਪ੍ਰਤਿਭਾਸ਼ਾਲੀ ਸੀ, ਨੇ ਪੰਜਾਬ ਨੂੰ ਪੰਜ ਦੁਆਬਾਂ (ਦੋ ਦਰਿਆਵਾਂ ਵਿਚਕਾਰਲੀਆਂ ਜ਼ਮੀਨਾਂ) ਵਿਚ ਪੁਨਰਗਠਿਤ ਕੀਤਾ, ਉਨ੍ਹਾਂ ਦਾ ਨਾਮ ਉਨ੍ਹਾਂ ਦਰਿਆਵਾਂ ਦੇ ਨਾਮ 'ਤੇ ਰੱਖਿਆ, ਜੋ ਹਰੇਕ ਨੂੰ ਘੇਰਦੀਆਂ ਸਨ। ਪੂਰਬ ਤੋਂ ਪੱਛਮ ਤੱਕ: ਸਤਲੁਜ ਅਤੇ ਬਿਆਸ ਦੇ ਵਿਚਕਾਰਲੇ ਖੇਤਰ ਨੂੰ ਬਿਸਤ ਦੁਆਬ (ਜਲੰਧਰ-ਹੁਸ਼ਿਆਰਪੁਰ) ਕਿਹਾ ਜਾਂਦਾ ਸੀ।

ਬਿਆਸ ਅਤੇ ਰਾਵੀ ਦੇ ਵਿਚਕਾਰ ਬਾਰੀ ਦੁਆਬ (ਮਾਝਾ, ਅੰਮ੍ਰਿਤਸਰ ਅਤੇ ਲਾਹੌਰ ਸਮੇਤ) ਪਿਆ ਹੈ।

ਰਾਵੀ ਅਤੇ ਚਨਾਬ ਦੇ ਵਿਚਕਾਰ ਰਚਨਾ ਦੁਆਬ (ਫੈਸਲਾਬਾਦ-ਸਿਆਲਕੋਟ) ਸੀ।

ਚਨਾਬ ਅਤੇ ਜੇਹਲਮ ਦੇ ਵਿਚਕਾਰ ਚਾਜ ਦੁਆਬ (ਸਰਗੋਧਾ-ਗੁਜਰਾਤ) ਸਥਿਤ ਹੈ।

ਜੇਹਲਮ ਅਤੇ ਸਿੰਧ ਦੇ ਵਿਚਕਾਰ ਸਭ ਤੋਂ ਪੱਛਮੀ ਖੇਤਰ ਸਿੰਧ ਸਾਗਰ ਦੁਆਬ (ਰਾਵਲਪਿੰਡੀ-ਚੱਕਵਾਲ) ਸੀ।

ਮਹਾਰਾਜਾ ਰਣਜੀਤ ਸਿੰਘ (1801-1839) ਦੇ ਰਾਜ ਨੂੰ ਉਸਦੇ ਸਮਾਜਿਕ, ਰਾਜਨੀਤਿਕ ਅਤੇ ਸਮਾਨਤਾਵਾਦੀ ਸੁਧਾਰਾਂ ਲਈ ਯਾਦ ਕੀਤਾ ਜਾਂਦਾ ਹੈ। ਸਿੱਖ ਸਾਮਰਾਜ ਦਾ ਪਤਨ ਦੂਜੇ ਐਂਗਲੋ-ਸਿੱਖ ਯੁੱਧ (1848-49) ਤੋਂ ਬਾਅਦ ਹੋਇਆ, ਜਿਸਦਾ ਸਿੱਟਾ ਅਪ੍ਰੈਲ 1849 ਵਿਚ ਅੰਗਰੇਜ਼ਾਂ ਦੁਆਰਾ ਪੰਜਾਬ ਦੇ ਕਬਜ਼ੇ ਵਿਚ ਆਉਣ ਨਾਲ ਹੋਇਆ।

ਬ੍ਰਿਟਿਸ਼ ਸ਼ਾਸਨ ਦੇ ਅਧੀਨ, ਸਿੰਚਾਈ ਅਤੇ ਖੇਤੀਬਾੜੀ ਨੂੰ ਵਧਾਉਣ ਲਈ ਯਤਨ ਕੀਤੇ ਗਏ ਸਨ। 1875 ਤੱਕ, ਮਾਝਾ ਖੇਤਰ ਵਿਚ ਸਿਰਫ਼ ਇੱਕ ਹੀ ਵੱਡੀ ਨਹਿਰ ਮੌਜੂਦ ਸੀ - ਬਾਰੀ ਦੁਆਬ ਨਹਿਰ। ਵਿਸ਼ਾਲ ਉਪਜਾਊ ਜ਼ਮੀਨਾਂ, ਜਿਨ੍ਹਾਂ ਨੂੰ ਸਥਾਨਕ ਤੌਰ 'ਤੇ ਬਾਰ ਖੇਤਰਾਂ ਵਜੋਂ ਜਾਣਿਆ ਜਾਂਦਾ ਹੈ, ਸਿੰਚਾਈ ਦੀ ਘਾਟ ਕਾਰਨ ਬਿਨਾਂ ਖੇਤੀ ਦੇ ਰਹੀਆਂ। ਇਨ੍ਹਾਂ ਵਿਚ ਗੰਜੀ ਅਤੇ ਨੀਲੀ ਬਾਰ (ਬਾਰੀ ਦੁਆਬ ਵਿਚ) ਅਤੇ ਸਾਂਦਲ ਅਤੇ ਕਿਰਨਾ ਬਾਰ (ਰਚਨਾ ਅਤੇ ਚਾਜ ਦੁਆਬ ਵਿਚ) ਸ਼ਾਮਲ ਸਨ।

ਆਰਥਿਕ ਵਿਕਾਸ ਨੂੰ ਉਤੇਜਿਤ ਕਰਨ ਲਈ, ਬ੍ਰਿਟਿਸ਼ ਨੇ 1880 ਅਤੇ 1940 ਦੇ ਵਿਚਕਾਰ ਇੱਕ ਵਿਸ਼ਾਲ ਨਹਿਰੀ ਬਸਤੀਕਰਨ ਪ੍ਰੋਜੈਕਟ ਸ਼ੁਰੂ ਕੀਤਾ, ਜਿਸ ਵਿਚ ਨੌਂ ਵੱਡੀਆਂ ਨਹਿਰਾਂ ਬਣਾਈਆਂ ਗਈਆਂ ਅਤੇ ਲਗਭਗ 10 ਲੱਖ ਲੋਕਾਂ ਨੂੰ ਵਸਾਇਆ ਗਿਆ, ਮੁੱਖ ਤੌਰ 'ਤੇ ਮਾਝਾ ਅਤੇ ਬਿਸਤ ਦੁਆਬ ਖੇਤਰਾਂ ਤੋਂ। ਇਹ ਪ੍ਰਣਾਲੀ ਦੁਨੀਆਂ ਦੇ ਸਭ ਤੋਂ ਵੱਡੇ ਨਹਿਰੀ ਨੈੱਟਵਰਕਾਂ ਵਿਚੋਂ ਇੱਕ ਬਣ ਗਈ ਅਤੇ ਪੰਜਾਬ ਦੇ ਬਾਅਦ ਦੇ ਹਰੀ ਕ੍ਰਾਂਤੀ ਦੀ ਨੀਂਹ ਰੱਖੀ।


ਪੰਜਾਬ ਤਿੰਨ ਵੱਡੀਆਂ ਵੰਡਾਂ ਵਿਚੋਂ ਲੰਘਿਆ: ਪਹਿਲਾਂ 1901 ਵਿਚ, ਜਦੋਂ ਉੱਤਰ-ਪੱਛਮੀ ਸਰਹੱਦੀ ਸੂਬਾ ਨੂੰ ਵੱਖਰਾ ਕੀਤਾ ਗਿਆ; ਫਿਰ 1911 ਵਿਚ, ਜਦੋਂ ਦਿੱਲੀ ਇੱਕ ਵੱਖਰੀ ਰਾਜਧਾਨੀ ਬਣ ਗਈ; ਅਤੇ ਅੰਤ ਵਿਚ, 1947 ਦੀ ਦੁਖਦਾਈ ਵੰਡ, ਜਿਸਨੇ ਜ਼ਮੀਨ ਨੂੰ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਵੰਡ ਦਿੱਤਾ - ਇੱਕ ਅਜਿਹਾ ਮੋੜ ਜਿਸਨੇ ਇਸਦੇ ਇਤਿਹਾਸ ਦਾ ਰੁਖ਼ ਹਮੇਸ਼ਾ ਲਈ ਬਦਲ ਦਿੱਤਾ।

ਜਸਵਿੰਦਰ ਸਿੰਘ ਰੁਪਾਲ
ਕੈਲਗਰੀ
ਵਟਸਐਪ : 98147-15796



ਪੰਜਾਬ ਮੇਲ USA

# ਸੰਵਾਦ ਕਲਾ ਦੇ ਮਾਹਰ- ਬਾਬਾ ਨਾਨਕ !



ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਨੇ ਜਿੰਨਾ ਸਮਾਂ ਉਹ ਇਸ ਦੁਨੀਆਂ ਵਿਚ ਵਿਚਰੇ, ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਮੁਲਾਕਾਤਾਂ ਕੀਤੀਆਂ। ਉਹ ਆਪਣੀਆਂ ਉਦਾਸੀਆਂ ਕਰ ਕੇ ਜਾਣੀਆਂ ਜਾਂਦੀਆਂ ਯਾਤਰਾਵਾਂ ਦੌਰਾਨ ਬਹੁਤ ਸਾਰੇ ਲੋਕਾਂ ਨੂੰ ਮਿਲੇ। ਉਨ੍ਹਾਂ ਨੂੰ ਸੁਣਿਆ ਅਤੇ ਆਪਣੀ ਗੱਲ ਉਨ੍ਹਾਂ ਨੂੰ ਸੁਣਾਈ ਵੀ। ਉਨ੍ਹਾਂ ਨੇ ਸਿੱਧਾਂ, ਪੰਡਿਤਾਂ, ਕਾਜੀਆਂ, ਪੀਰਾਂ, ਜੋਗੀਆਂ, ਮੌਲਾਣਿਆਂ, ਰਾਜਿਆਂ, ਮਹਾਰਾਜਿਆਂ, ਵਪਾਰੀਆਂ, ਸ਼ਾਹੂਕਾਰਾਂ, ਕਿਸਾਨਾਂ, ਮਜ਼ਦੂਰਾਂ ਅਤੇ ਸਾਧਾਰਨ ਲੋਕਾਂ ਨਾਲ ਸੰਵਾਦ ਰਚਾਇਆ। ਉਨ੍ਹਾਂ ਮਿਲਣ ਵਾਲੇ ਵਿਅਕਤੀਆਂ ਦੀਆਂ ਗੱਲਾਂ ਸੁਣੀਆਂ, ਉਨ੍ਹਾਂ ਨੂੰ ਆਪਣੇ ਗਿਆਨ ਅਤੇ ਤਜ਼ਰਬੇ 'ਤੇ ਪਰਖਿਆ ਅਤੇ ਫਿਰ ਦਲੀਲਪੂਰਨ ਢੰਗ ਨਾਲ, ਨਿਮਰਤਾ ਅਤੇ ਮਿਠਾਸ ਨਾਲ ਉਨ੍ਹਾਂ ਦੀ ਗਲਤ ਗੱਲ ਨੂੰ ਕੱਟ ਕੇ ਆਪਣੇ ਸਿਧਾਂਤ ਦੀ ਗੱਲ ਸਮਝਾਈ। ਇਸ ਸਾਰੇ ਵਾਰਤਾਲਾਪ ਨੂੰ ਉਨ੍ਹਾਂ ਨੇ ਬਹੁਤ ਹੀ ਸਹਿਜ ਨਾਲ, ਵਿਵੇਕ ਨਾਲ, ਸੂਝ ਨਾਲ ਨੇਪਰੇ ਚਾੜ੍ਹਿਆ। ਉਨ੍ਹਾਂ ਦਾ ਵਾਰਤਾਲਾਪੀ ਢੰਗ ਏਨਾ ਨਿਆਰਾ, ਪਿਆਰਾ ਅਤੇ ਦਿਲਚਸਪੀ ਭਰਪੂਰ ਸੀ ਕਿ ਆਪ ਜੀ ਦੀ ਸੋਚ ਨਾਲੋਂ ਬਿਲਕੁਲ ਵੱਖਰੀ ਸੋਚ ਰੱਖਣ ਵਾਲੇ ਵੀ ਉਨ੍ਹਾਂ ਦੀਆਂ ਦਲੀਲਾਂ ਦੇ ਕਾਇਲ ਹੁੰਦੇ ਗਏ। ਉਨ੍ਹਾਂ ਕੋਲ ਗੁਰੂ ਨਾਨਕ ਜੀ ਵਲੋਂ ਪੁੱਛੇ ਸਵਾਲਾਂ ਦੇ ਜਵਾਬ ਨਹੀਂ ਸਨ, ਬਹੁਤੀ ਵਾਰੀ ਉਹ ਨਿਰੁੱਤਰ ਹੋ ਗਏ ਅਤੇ ਦਿਲੋਂ ਧੁਰ ਅੰਦਰੋਂ ਗੁਰੂ ਨਾਨਕ ਬਾਤ ਵਿਚ ਉਨ੍ਹਾਂ ਨੂੰ ਵਜ਼ਨ ਲੱਗਿਆ। ਇਸੇ ਲਈ ਬਹੁਗਿਣਤੀ ਗੁਰੂ ਨਾਨਕ ਦੀ ਮੁਰੀਦ ਬਣਦੀ ਗਈ। ਅੱਜ ਜਦੋਂ ਅਸੀਂ ਸੰਵਾਦ ਦੀ ਥਾਂ ਵਿਵਾਦ ਵੱਲ ਵੱਧ ਰਹੇ ਹਾਂ, ਅਜਿਹੇ ਸਮੇਂ ਬਹੁਤ ਜ਼ਰੂਰੀ ਹੋ ਜਾਂਦਾ ਏ, ਗੁਰੂ ਨਾਨਕ ਜੀ ਦੀ ਸੰਵਾਦ ਕਲਾ ਬਾਰੇ ਜਾਨਣਾ ਅਤੇ ਉਸ ਤੋਂ ਕੁਝ ਸਿੱਖਣਾ। ਇਸ ਖ਼ੂਬਸੂਰਤ ਕਲਾ ਸਦਕਾ ਹੀ ਉਹ ਹਰੇਕ ਮੁਲਾਕਾਤੀ ਨੂੰ ਕੋਈ ਵੀ ਸਾਧਨ ਸਹੂਲਤ ਦੀ ਹੋਂਦ ਤੋਂ ਬਿਨਾਂ ਹੀ ਆਪਣੀ ਬਾਣੀ ਰਾਹੀਂ, ਆਪਣੇ ਸ਼ਬਦਾਂ ਰਾਹੀਂ, ਆਪਣੇ ਬ੍ਰਹਿਮੰਡੀ ਪ੍ਰੇਮ ਦੇ ਸਮਦ੍ਰਿਸ਼ਟੀ ਵਾਲੇ ਸਿਧਾਂਤ ਵੱਲ ਖਿੱਚ ਲੈਂਦੇ ਸਨ, ਸਾਡੇ ਕੋਲ ਅੱਜ ਸੈਂਕੜੇ ਸਾਧਨ ਅਤੇ ਸਹੂਲਤਾਂ ਹਨ, ਪਰ ਅਸੀਂ ਕਿਸੇ ਹੋਰ ਨੂੰ ਤਾਂ ਨਾਨਕ-ਮਾਰਗ ਵੱਲ ਕੀ ਲਿਆਉਣਾ ਸੀ, ਖੁਦ ਵੀ ਇਸ ਗਾਡੀ ਰਾਹ ਨੂੰ ਵਿਸਰਦੇ ਜਾ ਰਹੇ ਹਾਂ ।

**ਸੰਵਾਦ**:- ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚ ਮੌਖਿਕ ਜਾਂ ਲਿਖਤੀ ਰੂਪ ਵਿਚ ਆਦਾਨ-ਪ੍ਰਦਾਨ ਨੂੰ ਸੰਵਾਦ ਕਿਹਾ ਜਾਂਦਾ ਹੈ। ਇਸ ਨੂੰ ਵਿਚਾਰ-ਵਟਾਂਦਰਾ, ਗੋਸ਼ਟੀ ਜਾਂ ਬਹਿਸ ਵੀ ਕਹਿ ਦਿੱਤਾ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਜੀ ਮਹਾਨ ਕੋਸ਼ ਵਿਚ ਸੰਵਾਦ ਦੇ ਅਰਥ ਚਰਚਾ ਜਾਂ ਪ੍ਰਸ਼ਨ ਉੱਤਰ ਕਰਦੇ ਹਨ। ਸਪੱਸ਼ਟ ਹੋਇਆ ਕਿ ਸੰਵਾਦ ਦੋ ਜਾਂ ਵੱਧ ਵਿਅਕਤੀਆਂ ਵਿਚ ਕਿਸੇ ਖਾਸ ਵਿਸ਼ੇ ਉੱਤੇ ਖਾਸ ਉਦੇਸ਼ ਸਾਹਮਣੇ ਰੱਖ ਕੇ ਕੀਤੀ ਹੋਈ ਗੱਲਬਾਤ ਹੈ।

**ਬਾਬਾ ਨਾਨਕ ਦੇ ਸੰਵਾਦ ਦੀਆਂ ਵਿਸ਼ੇਸ਼ਤਾਈਆਂ**:- ਬਾਬਾ ਨਾਨਕ ਜੀ ਦੀ ਸੰਵਾਦ ਕਲਾ ਦੇ ਉੱਤਮ ਹੋਣ ਦਾ ਜਾਹਰਾ ਪ੍ਰਮਾਣ ਇਹੋ ਹੈ ਕਿ ਜਿਸ-ਜਿਸ ਨਾਲ ਵੀ ਉਨ੍ਹਾਂ ਸੰਵਾਦ ਰਚਾਇਆ, ਉਸ ਨੂੰ ਗੁਰਮਤਿ ਦੇ ਦਾਇਰੇ ਵਿਚ ਲਿਆਉਂਦੇ ਗਏ। ਇਸ ਸੰਵਾਦ ਵਿਚ ਅਜਿਹਾ ਕੀ ਸੀ ਕਿ ਮੁਲਾਕਾਤੀ ਅਪਰਾਧੀ, ਚੋਰ, ਲੁਟੇਰੇ, ਰਾਖਸ਼ ਬਿਰਤੀ ਵਾਲੇ ਵੀ ਆਪਣੀਆਂ ਪਹਿਲੀਆਂ ਸਿੜ੍ਹਿਆਂ ਗਲਤ ਆਦਤਾਂ ਛੱਡਦੇ ਗਏ ਅਤੇ ਬਾਬੇ ਦੁਆਰਾ ਦੱਸਿਆ ਨਿਰਭਉ, ਨਿਰਵੈਰ, ਸਾਦਾ ਅਤੇ ਪਰਉਪਕਾਰੀ ਜੀਵਨ ਜਿਊਣ ਲੱਗ ਪਏ। ਉਸ ਸੰਵਾਦ ਕਲਾ ਦੀਆਂ ਵਿਸ਼ੇਸ਼ਤਾਈਆਂ 'ਤੇ ਵਿਚਾਰ ਕਰਨ ਦੀ ਕੋਸ਼ਿਸ਼ ਕਰਦੇ ਹਾਂ।

1. **ਭਾਸ਼ਾ ਦੀ ਸਪੱਸ਼ਟਤਾ, ਸਰਲਤਾ ਅਤੇ ਸਾਦਗੀ** :- ਬਾਬੇ ਨਾਨਕ ਜਿਸ ਇਲਾਕੇ ਵਿਚ ਵੀ ਗਏ, ਉਸ ਇਲਾਕੇ ਦੀ ਸਥਾਨਕ ਭਾਸ਼ਾ ਦੀ ਵਰਤੋਂ ਕੀਤੀ। ਜਿਸ ਵਰਗ ਨਾਲ ਉਹ ਗੱਲਬਾਤ ਕਰਦੇ ਸੀ, ਉਸ ਦੀ ਸ਼ਬਦਾਵਲੀ ਵਧੇਰੇ ਵਰਤੀ। ਜੋਗੀਆਂ ਨਾਲ ਗੱਲ ਕਰਦੇ ਜੋਗ ਮੱਤ ਦੀ ਭਾਸ਼ਾ ਵਿਚ, ਕਾਜੀਆਂ ਨਾਲ ਗੱਲ ਕਰਦੇ ਉਨ੍ਹਾਂ ਦੇ ਪ੍ਰਤੀਕ, ਸ਼ਬਦ ਅਤੇ ਵਾਕ। ਇਸੇ ਤਰ੍ਹਾਂ ਬਾਕੀ ਵਰਗਾਂ ਨਾਲ ਵੀ। ਇਸ ਭਾਸ਼ਾ ਦੀ ਖਾਸ ਖ਼ੂਬੀ ਇਹ ਵੀ ਰਹੀ ਕਿ ਇਹ ਬਿਲਕੁਲ ਸਪੱਸ਼ਟ, ਸਰਲ ਅਤੇ ਸਮਝ ਆਉਣ ਵਾਲੀ ਸੀ। ਵਿਦਵਾਨਾਂ ਦੀ ਗੁੰਝਲਦਾਰ ਸ਼ਬਦਾਵਲੀ ਦੀ ਜਗ੍ਹਾ ਬਾਬੇ ਨੇ ਆਮ ਲੋਕਾਂ ਦੀ ਜਾਣ-ਪਹਿਚਾਣ ਵਾਲੇ ਸ਼ਬਦ ਅਤੇ ਵਾਕ ਵਰਤੇ। ਉਸ ਨਾਲ ਹਰ ਸਰੋਤੇ ਨੂੰ ਉਹ ਉਸ ਦੀ ਆਪਣੀ ਹੀ ਗੱਲ ਲੱਗਦੀ ਸੀ। ਸਮਝ ਆਉਣ ਨਾਲ ਅਤੇ ਸਪੱਸ਼ਟਤਾ ਨਾਲ ਹੀ ਵਾਰਤਾਲਾਪ ਅੱਗੇ ਵਧ ਸਕਦੀ ਹੈ।

2. **ਸਹਿਜ ਅਤੇ ਠਰੰਮੇ ਨਾਲ ਸੁਣਨ, ਵੇਖਣ ਅਤੇ ਪ੍ਰੇਖਣ ਦੀ ਸਮਰੱਥਾ**:- ਬਾਬੇ ਨਾਨਕ ਵਿਚ ਓੜਕ ਦਾ ਸਹਿਜ ਸੀ। ਉਹ ਗਲਤ ਘਟਨਾਵਾਂ ਦੇਖ ਕੇ, ਗਲਤ ਕਾਰਨਾਮੇ ਦੇਖ ਕੇ ਇੱਕਦਮ ਉਤੇਜਿਤ ਨਹੀਂ ਹੁੰਦੇ। ਵਾਰਤਾਲਾਪ ਸਮੇਂ ਉਹ ਪਹਿਲਾਂ ਦੂਸਰੇ ਨੂੰ ਬੋਲਣ ਦਾ ਮੌਕਾ ਦਿੰਦੇ। ਉਹ ਬੋਲਦੇ ਘੱਟ ਅਤੇ ਸੁਣਦੇ ਵਧੇਰੇ ਸਨ। ਅਜੋਕਾ ਮਨੋਵਿਗਿਆਨ, ਕੌਂਸਲਿੰਗ ਵਿਚ ਸੁਣਨ ਦੀ ਮਹੱਤਤਾ ਨੂੰ ਪਹਿਚਾਣ ਚੁੱਕਿਆ ਹੈ। ਕਿਸੇ ਵੀ ਦੂਸਰੇ ਨਾਲ ਦਿਲ ਦੀ ਸਾਂਝ ਤਦ ਹੀ ਬਣਦੀ ਹੈ, ਜੇ ਉਸਨੂੰ ਸੁਣਿਆ ਜਾਵੇ। ਉਸ ਸੁਣੇ ਹੋਏ ਨੂੰ ਆਪਣੇ ਅੰਦਰ ਹੀ ਵਿਚਾਰਨਾ, ਪੁਣਨਾ ਛਾਣਨਾ ਅਤੇ ਪਿੱਛੋਂ ਸਹਿਜ ਨਾਲ ਆਪਣੀ ਗੱਲ ਕਹਿਣੀ ਇਹ ਕਿਸੇ ਵੀ ਬੁਲਾਰੇ ਦੇ ਮੁੱਖ ਗੁਣ ਹਨ।

3. **ਪ੍ਰਸ਼ਨਾਂ ਨੂੰ ਉਤਸ਼ਾਹਿਤ ਕਰਨਾ** :- ਬਾਬੇ ਨਾਨਕ ਨੇ ਹੋਰਾਂ ਨੂੰ ਪ੍ਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਦੇ ਪ੍ਰਸ਼ਨ ਪੁੱਛਣ ਤੋਂ ਖ਼ੁਸ਼ ਹੋਏ। ਬਾਬੇ ਨੇ ਆਪ ਵੀ ਪ੍ਰਸ਼ਨ ਪੁੱਛਣ ਦੀ ਵਿਧੀ ਹੀ ਵਰਤੀ। ਪ੍ਰਸ਼ਨ ਪੁੱਛਣ ਨਾਲ ਕੋਈ ਵੀ ਵਿਅਕਤੀ ਦਾ ਸਾਰਾ ਧਿਆਨ ਪੁੱਛੇ ਹੋਏ ਵਿਸ਼ੇ 'ਤੇ ਕੇਂਦਰਿਤ ਹੁੰਦਾ ਹੈ। ਉਸ ਦੀ ਇਕਾਗਰਤਾ ਵਧਦੀ ਹੈ। ਜਗਿਆਸਾ ਜਾਗਦੀ ਹੈ। ਤਰਕ ਸ਼ਕਤੀ ਅਤੇ ਵਿਵੇਕ ਬੁੱਧੀ ਨੂੰ ਹੁਲਾਰਾ ਮਿਲਦਾ ਹੈ। ਇੱਕ ਪ੍ਰਸ਼ਨ ਦਾ ਉੱਤਰ ਮਿਲਣ 'ਤੇ ਉਸ ਅੰਦਰ ਹੋਰ ਪ੍ਰਸ਼ਨ ਜਨਮ ਲੈਂਦਾ ਹੈ ਅਤੇ ਇਸ ਤਰ੍ਹਾਂ ਉਹ ਸਾਰਥਕ ਸੰਵਾਦ ਰਚਾਉਣ ਵੱਲ ਰੁਚਿਤ ਹੁੰਦਾ ਹੈ। ਸਿੱਧਾਂ ਨਾਲ ਹੋਈ ਵਾਰਤਾਲਾਪ ਜਿਹੜੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਮਕਲੀ ਰਾਗ ਵਿਚ ਦਰਜ ਹੈ, ਸਿੱਧ ਪ੍ਰਸ਼ਨ ਪੁੱਛਦੇ ਹਨ। ਬਾਬਾ ਜਵਾਬ ਦਿੰਦਾ ਹੈ। ਸਿੱਧ ਫੇਰ ਅਗਲਾ ਪ੍ਰਸ਼ਨ ਪੁੱਛਦੇ ਹਨ, ਬਾਬਾ ਫੇਰ ਜਵਾਬ ਦਿੰਦਾ ਹੈ। ਇਸ ਤਰ੍ਹਾਂ ਵਿਚਾਰ ਅਧੀਨ ਵਿਸ਼ੇ ਦੇ ਸਾਰੇ ਪਹਿਲੂਆਂ 'ਤੇ ਵਿਚਾਰ ਹੁੰਦੀ ਹੈ।

ਉਦਾਹਰਣ ਵਜੋਂ ਸਿੱਧ ਸਤਿਕਾਰ ਨਾਲ ਪੁੱਛਦੇ ਹਨ:-

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥
........... (ਪੰਨਾ ੯੪੩, ਰਾਮਕਲੀ ਮਹਲਾ ੧ ਸਿਧ ਗੋਸਟਿ)

ਬਾਬਾ ਜੀ ਉਸੇ ਅੰਦਾਜ਼ ਵਿਚ ਉੱਤਰ ਦਿੰਦੇ ਹਨ:-

ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥
..........(ਪੰਨਾ ੯੪੩, ਰਾਮਕਲੀ ਮਹਲਾ ੧ ਸਿਧ ਗੋਸਟਿ)

ਇਸ ਤਰਾਂ ਪ੍ਰਸ਼ਨ ਉੱਤਰ ਵਿਚ ਇਹ ਸੰਵਾਦ ਅੱਗੇ ਤੁਰਦਾ ਜਾਂਦਾ ਹੈ। ਸਿੱਧਾਂ ਦੇ ਸ਼ੰਕੇ ਬਾਬਾ ਦੂਰ ਕਰਦਾ ਜਾਂਦਾ ਹੈ ਅਤੇ ਗੁਰਮਤਿ ਗਾਡੀ ਰਾਹ ਦੱਸਦਾ ਜਾਂਦਾ ਹੈ। ਅੰਤ ਤੱਕ ਪ੍ਰਸ਼ਨ ਕਰਤਾ ਦੀ ਦਿਲਚਸਪੀ ਬਣੀ ਰਹਿੰਦੀ ਹੈ।

4. **ਦਿਲਚਸਪੀ ਜਗਾਉਣ ਦਾ ਹੁਨਰ** :- ਬਾਬਾ ਨਾਨਕ ਜੀ ਵਿਚ ਦੂਸਰੇ ਦੀ ਦਿਲਚਸਪੀ ਨੂੰ ਜਗਾਉਣ ਦੀ ਕਲਾ ਸੀ। ਉਹ ਕੋਈ ਅਜਿਹੀ ਗੱਲ ਕਰਦੇ ਜਾਂ ਕੋਈ ਅਜਿਹੀ ਕਾਰਵਾਈ ਕਰਦੇ ਕਿ ਸਾਹਮਣੇ ਵਾਲਾ ਇਨਸਾਨ ਮੱਲੋ-ਮੱਲੀ ਉਨ੍ਹਾਂ ਨਾਲ ਸੰਵਾਦ ਕਰਨ ਲਈ ਤਿਆਰ ਹੋ ਜਾਂਦਾ। ਬਾਬੇ ਦੇ ਜੀਵਨ ਵਿਚੋਂ ਸੈਂਕੜੇ ਅਜਿਹੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ, ਜਿੱਥੇ ਉਨ੍ਹਾਂ ਦੀ ਹਲਕੀ ਜਿਹੀ ਕਿਰਿਆ ਨੇ ਸੰਵਾਦ ਸ਼ੁਰੂ ਕਰਵਾ ਦਿੱਤਾ ਹੋਵੇ। ਅਸੀਂ ਇੱਥੇ ਸਿਰਫ ਇੱਕ-ਦੋ ਉਦਾਹਰਣਾਂ ਹੀ ਲਵਾਂਗੇ। ਹਰਿਦੁਆਰ ਵਿਚ ਬਾਬੇ ਨੇ ਜਦੋਂ ਆਮ ਲੋਕਾਂ ਵੱਲ ਪਿੱਠ ਕਰਕੇ ਪਾਣੀ ਸੁੱਟਣਾ ਸ਼ੁਰੂ ਕੀਤਾ, ਤਾਂ ਕਿਉਂ ਦਾ ਸਵਾਲ ਹਰ ਇੱਕ ਦੀ ਦਿਲਚਸਪੀ ਜਗਾਉਂਦਾ ਹੈ ਅਤੇ ਉਹ ਆ ਕੇ ਬਾਬੇ ਨੂੰ ਪ੍ਰਸ਼ਨ ਪੁੱਛਦਾ ਹੈ। ਬਾਬਾ ਇਹੀ ਤਾਂ ਚਾਹੁੰਦਾ ਸੀ ਕਿ ਗੱਲ ਸ਼ੁਰੂ ਹੋਵੇ। ਇਸੇ ਤਰ੍ਹਾਂ ਜਦੋਂ ਉਹ ਮੱਕੇ ਵੱਲ ਪੈਰ ਕਰਕੇ ਪੈ ਜਾਂਦਾ ਹੈ, ਤਾਂ ਲੋਹਾ-ਲਾਖੇ ਹੋਏ ਕਾਜ਼ੀ ਵੀ ਬਾਬੇ ਨਾਲ ਵਾਰਤਾਲਾਪ ਕਰਨ ਲਈ ਤਿਆਰ ਹੋ ਜਾਂਦੇ ਹਨ।

5. **ਦਲੀਲ ਪੂਰਨ ਉੱਤਰ ਦੇਣ ਦੀ ਕਲਾ**:- ਬਾਬਾ ਬਹੁਤ ਹੀ ਸੂਝ-ਬੂਝ ਨਾਲ ਜਗਿਆਸੂ ਤੋਂ ਪ੍ਰਸ਼ਨ ਕਰਵਾ ਕੇ ਹੀ ਸ਼ਾਂਤ ਨਹੀਂ ਹੁੰਦਾ, ਸਗੋਂ ਹੁਣ ਲੋਹਾ-ਲਾਲ ਹੋਇਆ ਦੇਖ ਕੇ ਬਹੁਤ ਸਿਆਣਪ ਨਾਲ ਸੱਟ ਮਾਰਦਾ ਹੈ। ਦਲੀਲ ਪੂਰਨ ਉੱਤਰ ਦਿੰਦਾ ਹੈ। ਮੱਕੇ ਵੱਲ ਕੀਤੇ ਪੈਰ 'ਤੇ ਇਤਰਾਜ਼ ਸੁਣ ਕੇ ਸਹਿਜ ਵਿਚ ਹੀ ਆਖਦਾ ਹੈ ਕਿ ਮੇਰੇ ਪੈਰ ਉੱਧਰ ਨੂੰ ਕਰ ਦੇਵੋ, ਜਿੱਧਰ ਖੁਦਾ ਦਾ ਘਰ ਨਹੀਂ ਹੈ। ਇਸ ਦਲੀਲ ਅੱਗੇ ਸਭ ਨਿਰਸ਼ਬਦ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਭ ਥਾਂ ਰਮਿਆ ਪ੍ਰਭੂ ਨਜ਼ਰ ਆਉਂਦਾ ਹੈ। ਉਕਤ ਹਰਿਦੁਆਰ ਵਾਲੀ ਸਾਖੀ ਵਿਚ ਲੋਕਾਂ ਦੇ ਪੁੱਛਣ 'ਤੇ ਕਹਿੰਦਾ ਹੈ ਕਿ ਮੈਂ ਕਰਤਾਰਪੁਰ ਵਿਖੇ ਆਪਣੇ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ। ਇਹ ਕਲਾ ਦਾ ਸਿਖਰ ਹੈ। ਉਤਸੁਕਤਾ ਜਾਗਦੀ ਹੈ। ਐਡੀ ਦੂਰ ਖੇਤਾਂ ਵਿਚ ਪਾਣੀ ਕਿਵੇਂ ਪੁੱਜ ਜਾਏਗਾ ? ? ਤਾਂ ਬਾਬਾ ਦਲੀਲ ਨਾਲ ਸਹਿਜ ਨਾਲ ਆਖਦਾ ਹੈ ਕਿ ਜੇ ਤੁਹਾਡਾ ਦਿੱਤਾ ਪਾਣੀ ਸੂਰਜ ਤੱਕ ਪੁੱਜ ਜਾਏਗਾ, ਤਾਂ ਮੇਰਾ ਪਾਣੀ ਕਰਤਾਰਪੁਰ ਕਿਉਂ ਨਹੀਂ ਪੁੱਜ ਸਕਦਾ ? ਸਰੋਤਿਆਂ ਨੂੰ ਝਟਕਾ ਵੱਜਦਾ ਹੈ। ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਅਸਲ ਵਿਚ ਇਹ ਇਕ ਫਜ਼ੂਲ ਰਸਮ ਹੈ।

6. **ਨਵੇਂ ਪ੍ਰਸ਼ਨ ਖੜ੍ਹੇ ਕਰ ਦੇਣ ਦੀ ਕਲਾ** :- ਸੰਵਾਦ ਦੌਰਾਨ ਆਪਣੀ ਗੱਲ ਇੱਕ ਵਾਰ ਵੀ ਏਦਾਂ ਨਹੀਂ ਕਹੀ ਬਾਬੇ ਨੇ, ਜਿਸ ਤੋਂ ਸਰੋਤਿਆਂ ਨੂੰ ਇਹ ਲੱਗੇ ਕਿ ਸਾਡੇ ਉੱਤੇ ਕੋਈ ਸਿਧਾਂਤ ਠੋਸਿਆ ਜਾ ਰਿਹਾ ਹੈ। ਇੱਕ ਵਾਰ ਵੀ ਨਹੀਂ। ਸਗੋਂ ਕਦੇ-ਕਦੇ ਆਪ ਕੋਈ ਅਜਿਹਾ ਪ੍ਰਸ਼ਨ ਪੁੱਛ ਲੈਣਾ ਕਿ ਸਰੋਤੇ ਨਿਰ ਉੱਤਰ ਹੋ ਜਾਣ। ਮਜਬੂਰੀ ਵਿਚ ਬਾਬੇ ਦੀ ਦਲੀਲ ਮੰਨਣੀ ਪਵੇ। ਇੱਕ ਉਦਾਹਰਣ ਦੇਖੋ। ਧਰਤੀ ਇਕ ਬਲਦ ਦੇ ਸਿੰਗਾਂ 'ਤੇ ਟਿਕੀ ਹੋਈ ਹੈ- ਇਸ ਮਨੌਤ ਨੂੰ ਬਾਬੇ ਨੇ ਨਕਾਰਿਆ ਨਹੀਂ। ਸਗੋਂ ਇੱਕ ਪ੍ਰਸ਼ਨ ਪੁੱਛਿਆ ਕਿ ਫਿਰ ਇਹ ਬਲਦ ਕਿਸ ਥਾਂ 'ਤੇ ਟਿਕਿਆ ਹੈ। ਫੇਰ ਉਹ ਧਰਤੀ ਕਿਵੇਂ ਟਿਕੀ ਹੈ ? ? ? ? ਹੋਰ ਪਰੇ ਹੋਰ ਹੋਰ ਆਖ ਕੇ ਸਭ ਦਾ ਨਜ਼ਰੀਆ ਵਿਸ਼ਾਲ ਕਰ ਦਿੱਤਾ ਹੈ।

7. **ਬਾਣੀ ਵਿਚ ਵੀ ਪ੍ਰਸ਼ਨ ਉੱਤਰ ਕਲਾ ਵਰਤੀ ਗਈ ਹੈ**:- ਗੁਰੂ ਨਾਨਕ ਜੀ ਨੂੰ ਪ੍ਰਸ਼ਨ ਉੱਤਰ ਵਿਧੀ ਇੰਨੀ ਵਧੀਆ ਲੱਗਦੀ ਹੈ ਕਿ ਉਹ ਆਪਣੀ ਗੱਲ ਸਮਝਾਉਣ ਲਈ ਪਹਿਲਾਂ ਆਪ ਹੀ ਪ੍ਰਸ਼ਨ ਕਰਦੇ ਹਨ ਅਤੇ ਫੇਰ ਉਸਦਾ ਉੱਤਰ ਦਿੰਦੇ ਹਨ। ਇਹ ਤਕਨੀਕ ਬਾਣੀ ਵਿਚ ਥਾਂ-ਥਾਂ 'ਤੇ ਦੇਖਣ ਨੂੰ ਮਿਲਦੀ ਹੈ। ਅਸੀਂ ਜਪੁਜੀ ਵਿਚੋਂ ਹੀ ਇੱਕ ਉਦਾਹਰਣ ਲੈਂਦੇ ਹਾਂ

**ਪ੍ਰਸ਼ਨ** :-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥..........(ਪੰਨਾ ੧, ਜਪੁ)

**ਉੱਤਰ** :-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥..............(ਪੰਨਾ ੧, ਜਪੁ)

8. **ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ** :- ਬਾਬਾ ਨਾਨਕ ਜੀ ਨੇ ਆਪਣਾ ਸੰਵਾਦ ਗੁਰਬਾਣੀ ਦੇ ਸ਼ਬਦਾਂ ਰਾਹੀਂ ਰਚਾਇਆ ਹੈ। ਬਾਣੀ ਕਾਵਿ ਮਈ ਵੀ ਹੈ ਅਤੇ ਸੰਗੀਤ ਮਈ ਵੀ। ਕਵਿਤਾ ਦੇ ਸ਼ਿੰਗਾਰ ਹੁੰਦੇ ਹਨ ਪ੍ਰਤੀਕ ਅਤੇ ਅਲੰਕਾਰ। ਪਰ ਬਾਬੇ ਨਾਨਕ ਨੇ ਆਪਣੀ ਰਹੱਸਮਈ ਵਾਰਤਾ ਨੂੰ ਸੌਖਿਆਂ ਕਰਨ ਲਈ ਵੀ ਅਤੇ ਉਸ ਨੂੰ ਲੋਕ-ਮਾਨਸਿਕਤਾ ਦੇ ਪੱਧਰ 'ਤੇ ਲਿਆਉਣ ਲਈ ਵੀ ਪ੍ਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਅਗੰਮੀ ਅਤੇ ਰੂਹਾਨੀ ਗੱਲ ਸਮਝਾਉਣ ਦੀ ਇਹ ਸਭ ਤੋਂ ਵੱਡੀ ਸਮੱਸਿਆ ਹੁੰਦੀ ਹੈ। ਅਦ੍ਰਿਸ਼ ਨੂੰ ਸਪੱਸ਼ਟ ਕਰਨ ਲਈ ਦ੍ਰਿਸ਼ਟਮਾਨ ਦੀ ਉਦਾਹਰਣ ਅਤੇ ਪ੍ਰਤੀਕ ਨਾਲ ਗੱਲ ਛੇਤੀ ਸਮਝ ਵਿਚ ਆਉਂਦੀ ਹੈ।

## ਉਦਾਹਰਣ ਲਈ

ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ ॥........(ਪੰਨਾ ੮, ਜਪੁ)

ਪੰਕਤੀ ਹੀ ਲੈ ਲਈਏ। ਇਸ ਵਿਚ ਉਹ ਕੁਦਰਤ ਅਤੇ ਮਨੁੱਖ ਦੇ ਗੂੜ੍ਹੇ ਸੰਬੰਧ ਨੂੰ ਦਰਸਾ ਕੇ ਗੁਰਮਤਿ ਸਿਧਾਂਤ ਨੂੰ ਲੋਕ ਮਨ ਦੇ ਨੇੜੇ ਲੈ ਜਾਂਦੇ ਹਨ। ਇਸੇ ਤਰ੍ਹਾਂ ਜਨੇਊ, ਨਮਾਜ਼ ਆਦਿ ਦੇ ਹੋਰ ਸੈਂਕੜੇ ਪ੍ਰਮਾਣ ਦੇਖ ਸਕਦੇ ਹਾਂ ।

9. **ਸਾਧਾਰਨ ਇਨਸਾਨ ਵਾਂਗ ਵਿਚਰ ਕੇ ਗੱਲ ਕਰਨੀ** :- ਗੁਰੂ ਨਾਨਕ ਜੀ ਨੇ ਆਪਣੇ ਆਪ ਨੂੰ ਕਦੇ ਵੀ ਗੁਰੂ, ਬਾਬਾ, ਸੰਤ, ਪੀਰ ਨਹੀਂ ਮੰਨਿਆ। ਸਗੋਂ ਇਕ ਸਾਧਾਰਨ ਮਨੁੱਖ ਦੀ ਥਾਂ ਰੱਖ ਕੇ ਹੀ ਸਾਰੀ ਗੱਲਬਾਤ ਕਰਦੇ ਰਹੇ ਹਨ। ਕਿਧਰੇ ਵੀ ਉਨ੍ਹਾਂ ਨੇ ਕਰਾਮਾਤ ਨਹੀਂ ਦਿਖਾਈ। ਜਦੋਂ ਸਿੱਧਾਂ ਨੇ ਆਪ ਜੀ ਨੂੰ ਕਰਾਮਾਤ ਦਿਖਾਉਣ ਲਈ ਵੀ ਆਖਿਆ, ਤਦ ਵੀ ਬਾਬੇ ਦਾ ਉੱਤਰ ਬਹੁਤ ਖ਼ੂਬਸੂਰਤ ਅਤੇ ਭੇਦ ਭਰਿਆ ਸੀ ।

ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਬਿਆਨ ਕਰਦੇ ਹਨ:-

ਸਿਧਿ ਬੋਲਨਿ ਸੁਣਿ ਨਾਨਕਾ ਤੁਹਿ ਜਗ ਨੋ ਕਿਆ ਕਰਾਮਾਤਿ ਦਿਖਾਈ ॥
ਕੁਝ ਵਿਖਾਲੇਂ ਅਸਾ ਨੋ ਤੁਹਿ ਕਿਉ ਢਿਲ ਅਵੇਹੀ ਲਾਈ ॥
ਬਾਬਾ ਬੋਲੇ ਨਾਥ ਜੀ! ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ ॥
ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ ॥.............( ਭਾਈ ਗੁਰਦਾਸ ਜੀ, ਵਾਰ ੧ ਪਉੜੀ ੪੨)

ਇਸ ਤਰ੍ਹਾਂ ਲੋਕਾਂ ਦੇ ਤਲ 'ਤੇ ਖੜ੍ਹ ਕੇ ਗੱਲ ਕਰਨ ਨਾਲ ਬਾਬੇ ਦੀ ਗੱਲ ਵਧੇਰੇ ਲੋਕਾਂ ਨੇ ਸੁਣੀ ਅਤੇ ਮੰਨੀ।

**ਅੰਤਿਕਾ** :- ਗੁਰੂ ਨਾਨਕ ਜੀ ਦੇ ਸੰਵਾਦ ਪ੍ਰਤੀ ਪਿਆਰ ਅਤੇ ਉਨ੍ਹਾਂ ਦੀ ਜੁਗਤੀ ਨੂੰ ਜਦੋਂ ਅਜੋਕੇ ਹਾਲਾਤਾਂ ਨਾਲ ਮਿਲਾ ਕੇ ਦੇਖਦੇ ਹਾਂ, ਤਾਂ ਘੋਰ ਨਿਰਾਸ਼ਾ ਅਤੇ ਦੁੱਖ ਦਾ ਅਹਿਸਾਸ ਹੁੰਦਾ ਹੈ। ਬਾਬੇ ਨੇ ਵੱਖਰੀ ਵਿਚਾਰਧਾਰਾ ਵਾਲੇ ਕਰੋੜਾਂ ਹਿਰਦਿਆਂ ਨੂੰ ਅਗਿਆਨਤਾ, ਭਰਮ-ਭੁਲੇਖਿਆਂ, ਕਰਮ ਕਾਂਡਾਂ ਵਿਚੋਂ ਕੱਢ ਕੇ ਗੁਰਮਤਿ ਦੇ ਸਰਲ ਮਾਰਗ 'ਤੇ ਤੋਰਿਆ। ਪਰ ਅਸੀਂ ਬਾਬੇ ਦੇ ਸਿੱਖ ਅਖਵਾਉਣ ਵਾਲਿਆਂ ਨੇ ਕੱਟੜਤਾ ਨੂੰ ਅਪਣਾ ਰੱਖਿਆ ਹੈ। ਗੈਰ ਮੱਤਾਂ ਵਾਲਿਆਂ ਕੋਲ ਗੁਰਮਤਿ ਦੀ ਗੱਲ ਕੀ ਪੁਚਾਉਣੀ ਸੀ, ਅਸੀਂ ਸਿੱਖ ਹੋ ਕੇ ਵੀ ਇਸ ਸੰਵਾਦ ਨੂੰ ਭੁੱਲ ਚੁੱਕੇ ਹਾਂ ਅਤੇ ਬੇਅੰਤ ਛੋਟੇ-ਛੋਟੇ ਮਸਲੇ ਜਿਹੜੇ ਸੰਵਾਦ ਨਾਲ ਸੂਝ-ਬੂਝ ਨਾਲ ਸੌਖਿਆਂ ਹੀ ਹੱਲ ਹੋਣ ਵਾਲੇ ਹੁੰਦੇ ਹਨ, ਉਨ੍ਹਾਂ 'ਤੇ ਵੀ ਵਿਵਾਦ ਖੜ੍ਹੇ ਕਰ ਬੈਠਦੇ ਹਾਂ ਅਤੇ ਬਹੁਤ ਛੇਤੀ ਤਲਵਾਰਾਂ ਸੂਤ ਲੈਂਦੇ ਹਾਂ। ਸਾਡੇ ਵਿਰੋਧੀ ਨੂੰ ਸਾਡੀ ਇਹ ਬਿਰਤੀ ਬਹੁਤ ਰਾਸ ਆਉਂਦੀ ਹੈ। ਉਹ ਤਾਂ ਸਾਨੂੰ ਬਾਣੀ (ਗਿਆਨ) ਅਤੇ ਸੰਗਤ (ਲੋਕ ਸ਼ਕਤੀ) ਦੋਹਾਂ ਤੋਂ ਦੂਰ ਕਰਨਾ ਚਾਹੁੰਦਾ ਹੈ। ਆਓ, ਗੁਰੂ ਨਾਨਕ ਦੇ ਪ੍ਰਕਾਸ਼ ਪੁਰਬ 'ਤੇ ਇਹ ਪ੍ਰਣ ਕਰੀਏ ਕਿ ਵਿਸਰ ਚੁੱਕੀ ਸੰਵਾਦ ਦੀ ਪਿਰਤ ਫੇਰ ਸੁਰਜੀਤ ਕਰਾਂਗੇ। ਅਤੇ ਨਾਨਕ ਵਿਚਾਰਧਾਰਾ ਅਨੁਸਾਰ ਸਰਬ ਸਾਂਝੀਵਾਲਤਾ ਅਤੇ ਬ੍ਰਹਿਮੰਡੀ ਪ੍ਰੇਮ ਦੀ ਜੋਤ ਜਗਾਉਣ ਲਈ ਸਦਾ ਕੋਸ਼ਿਸ਼ ਕਰਦੇ ਰਹਾਂਗੇ।

# ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਜਯੰਤੀ ਇੱਕ ਵਿਸ਼ਵਵਿਆਪੀ ਤਿਉਹਾਰ ਬਣ ਗਏ ਹਨ

ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ
ਮੋਬ : 92262-29318
ਪੰਜਾਬ ਮੇਲ USA



ਵਿਸ਼ਵਵਿਆਪੀ ਤੌਰ 'ਤੇ, ਭਾਰਤ ਦੀ ਧਰਤੀ ਰਿਸ਼ੀ-ਮੁਨੀ, ਸੰਤਾਂ ਅਤੇ ਗੁਰੂਆਂ ਦਾ ਨਿਵਾਸ ਸਥਾਨ ਰਹੀ ਹੈ। ਇੱਥੇ ਹਰ ਤਿਉਹਾਰ ਅਤੇ ਪ੍ਰੰਪਰਾ ਦਾ ਡੂੰਘਾ ਅਧਿਆਤਮਿਕ ਅਰਥ ਹੈ। ਇਨ੍ਹਾਂ ਅਨਮੋਲ ਪ੍ਰੰਪਰਾਵਾਂ ਵਿਚੋਂ ਇੱਕ ਕਾਰਤਿਕ ਪ੍ਰਭਾਤ ਫੇਰੀ ਤਿਉਹਾਰ ਹੈ, ਜੋ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੋਂ ਪਹਿਲਾਂ ਮਨਾਇਆ ਜਾਂਦਾ ਹੈ। ਇਹ ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਇੱਕ ਜੀਵੰਤ ਅਧਿਆਤਮਿਕ ਯਾਤਰਾ ਹੈ, ਜੋ ਸਮਾਜ ਨੂੰ ਸੱਚਾਈ, ਪਿਆਰ, ਸਮਾਨਤਾ ਅਤੇ ਸੇਵਾ ਦੇ ਮਾਰਗ 'ਤੇ ਲੈ ਜਾਂਦੀ ਹੈ। 23 ਅਕਤੂਬਰ ਤੋਂ ਸ਼ੁਰੂ ਹੋ ਕੇ 5 ਨਵੰਬਰ, 2025 ਤੱਕ ਜਾਰੀ ਰਹਿਣ ਵਾਲਾ ਇਹ ਸਮਾਂ ਨਾ ਸਿਰਫ਼ ਸ਼ਰਧਾ ਅਤੇ ਸੇਵਾ ਦਾ ਪ੍ਰਤੀਕ ਹੈ, ਸਗੋਂ ਸਮਾਜਿਕ ਜਾਗ੍ਰਿਤੀ ਅਤੇ ਮਨੁੱਖਤਾ ਵਿਚ ਸਦਭਾਵਨਾ ਦੇ ਸੰਦੇਸ਼ ਦੀ ਪੁਸ਼ਟੀ ਦਾ ਵੀ ਇੱਕ ਮੌਕਾ ਹੈ। ਕਾਰਤਿਕ ਦਾ ਪੂਰਾ ਮਹੀਨਾ ਸ਼ੁੱਧਤਾ, ਅਨੁਸ਼ਾਸਨ ਅਤੇ ਸ਼ਰਧਾ ਦਾ ਪ੍ਰਤੀਕ ਹੋਵੇਗਾ। ਪ੍ਰਭਾਤ ਫੇਰੀ ਕਾਰਤਿਕ ਮਹੀਨੇ (8 ਅਕਤੂਬਰ) ਦੀ ਸ਼ੁਰੂਆਤ ਤੋਂ ਬਾਅਦ ਸ਼ੁਰੂ ਹੁੰਦੀ ਹੈ, ਖਾਸ ਤੌਰ 'ਤੇ ਗੁਰੂ ਨਾਨਕ ਜਯੰਤੀ ਦੀ ਤਿਆਰੀ ਵਿਚ ਅਤੇ ਗੁਰੂ ਨਾਨਕ ਦੇਵ ਜੀ ਦੀ ਪੂਰਨਮਾਸ਼ੀ ਵਾਲੇ ਦਿਨ (5 ਨਵੰਬਰ) ਸਮਾਪਤ ਹੁੰਦੀ ਹੈ। ਇਸ ਸਮੇਂ ਦੌਰਾਨ, ਦੇਸ਼ ਅਤੇ ਦੁਨੀਆਂ ਭਰ ਦੇ ਸ਼ਰਧਾਲੂ ਸਵੇਰੇ ਕੀਰਤਨ, ਭਜਨ ਅਤੇ ਸੇਵਾ ਰਾਹੀਂ ਗੁਰੂ ਦੀਆਂ ਸਿੱਖਿਆਵਾਂ ਨੂੰ ਗ੍ਰਹਿਣ ਕਰਦੇ ਹਨ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ ਨੇ ਵੀ ਪ੍ਰਭਾਤ ਫੇਰੀ ਵਿਚ ਹਿੱਸਾ ਲਿਆ ਹੈ ਅਤੇ ਦੇਖਿਆ ਹੈ ਕਿ ਇਹ ਸਵੇਰੇ 3:30 ਜਾਂ 4 ਵਜੇ ਗੁਰਦੁਆਰਿਆਂ ਵਿਚ ਸ਼ੁਰੂ ਹੁੰਦਾ ਹੈ। ਸ਼ਰਧਾਲੂ ਇਕੱਠੇ ਹੁੰਦੇ ਹਨ, ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਦੇ ਹਨ ਅਤੇ ਫਿਰ "ਕੀਰਤਨ ਸੋਹਿਲਾ" ਜਾਂ "ਜਪਜੀ ਸਾਹਿਬ" ਦਾ ਪਾਠ ਕਰਦੇ ਹਨ ਅਤੇ ਪਿੰਡ ਜਾਂ ਕਸਬੇ ਦੀਆਂ ਗਲੀਆਂ ਵਿਚ ਮਾਰਚ ਕਰਦੇ ਹਨ, "ਧਨ ਗੁਰੂ ਨਾਨਕ, ਸਾਰਾ ਜਗ ਤਾਰਿਆ, ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦਾ ਜਾਪ ਕਰਦੇ ਹਨ। ਰਸਤੇ ਵਿਚ ਲੋਕ ਆਪਣੇ ਘਰਾਂ ਦੇ ਬਾਹਰ ਦੀਵੇ ਜਗਾਉਂਦੇ ਹਨ ਅਤੇ ਫੁੱਲਾਂ ਨਾਲ ਪ੍ਰਭਾਤ ਫੇਰੀ ਦਾ ਸਵਾਗਤ ਕਰਦੇ ਹਨ। ਪ੍ਰਭਾਤ ਫੇਰੀ ਦੇ ਅੰਤ ਵਿਚ, ਗੁਰਦੁਆਰੇ ਵਿਚ ਇੱਕ ਪ੍ਰਸਾਦ ਸੇਵਾ (ਭੇਂਟ ਸੇਵਾ) ਹੁੰਦੀ ਹੈ, ਜਿੱਥੇ ਸਾਰੇ ਧਰਮਾਂ ਦੇ ਲੋਕ ਇਕੱਠੇ ਬੈਠਦੇ ਹਨ ਅਤੇ ਪ੍ਰਸਾਦ ਦਾ ਸੇਵਨ ਕਰਦੇ ਹਨ। ਇਸ ਦੌਰਾਨ ਬੱਚਿਆਂ ਅਤੇ ਨੌਜਵਾਨਾਂ ਨੂੰ ਸਿਖਾਇਆ ਜਾਂਦਾ ਹੈ ਕਿ ਗੁਰੂ ਪ੍ਰਤੀ ਸੱਚੀ ਸ਼ਰਧਾ ਸਿਰਫ਼ ਪੂਜਾ ਵਿਚ ਹੀ ਨਹੀਂ, ਸਗੋਂ ਸੇਵਾ ਅਤੇ ਸ਼ਰਧਾ ਵਿਚ ਵੀ ਹੈ। ਇਹ ਖਾਸ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਨਾਲ ਜੁੜਿਆ ਹੋਇਆ ਹੈ। ਅੱਜ, ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਪੰਜਾਬ ਜਾਂ ਭਾਰਤ ਤੱਕ ਸੀਮਤ ਨਹੀਂ ਹੈ; ਪ੍ਰਭਾਤ ਫੇਰੀਆਂ ਦੁਨੀਆਂ ਭਰ ਦੇ 150 ਤੋਂ ਵੱਧ ਦੇਸ਼ਾਂ ਵਿਚ ਆਯੋਜਿਤ ਕੀਤੀਆਂ ਜਾਂਦੀਆਂ ਹਨ। ਲੰਡਨ ਦੇ ਸਾਊਥਾਲ ਗੁਰਦੁਆਰੇ ਤੋਂ ਹਜ਼ਾਰਾਂ ਸ਼ਰਧਾਲੂ ਪ੍ਰਭਾਤ ਫੇਰੀ ਵਿਚ ਹਿੱਸਾ ਲੈਂਦੇ ਹਨ। ਵੈਨਕੂਵਰ, ਕੈਨੇਡਾ ਵਿਚ ਸਥਾਨਕ ਨਾਗਰਿਕਾਂ ਦੇ ਨਾਲ, ਭਾਰਤੀ ਮੂਲ ਦੇ ਲੋਕ ਇਸ ਭਗਤੀ ਤਿਉਹਾਰ ਵਿਚ ਹਿੱਸਾ ਲੈਂਦੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ, ਸਿੱਖ ਭਾਈਚਾਰੇ ਅਤੇ ਹੋਰ ਧਰਮਾਂ ਦੇ ਲੋਕ ਸਿੰਗਾਪੁਰ, ਮਲੇਸ਼ੀਆ, ਦੁਬਈ, ਸੰਯੁਕਤ ਰਾਜ ਅਮਰੀਕਾ, ਕੀਨੀਆ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿਚ ਵੀ ਪ੍ਰਭਾਤ ਫੇਰੀਆਂ ਦਾ ਆਯੋਜਨ ਕਰਦੇ ਹਨ। ਇਸ ਤਰ੍ਹਾਂ, ਕਾਰਤਿਕ ਪ੍ਰਭਾਤ ਫੇਰੀ ਵਿਸ਼ਵਵਿਆਪੀ ਸੱਭਿਆਚਾਰਕ ਸੰਵਾਦ ਦਾ ਇੱਕ ਮਾਧਿਅਮ ਬਣ ਗਈ ਹੈ। ਇਹ ਅਨੁਭਵ ਪ੍ਰਭਾਤ ਫੇਰੀ ਵਿਚ ਹਿੱਸਾ ਲੈਣ ਵਾਲਿਆਂ ਦੇ ਜੀਵਨ ਵਿਚ ਡੂੰਘਾ ਅਧਿਆਤਮਿਕ ਪਰਿਵਰਤਨ ਲਿਆਉਂਦਾ ਹੈ। ਸਵੇਰ ਵੇਲੇ, ਜਦੋਂ ਸਾਰਾ ਮਾਹੌਲ ਸ਼ਾਂਤ ਹੋ ਜਾਂਦਾ ਹੈ ਅਤੇ ਵਾਹਿਗੁਰੂ ਦਾ ਨਾਮ ਗੂੰਜਦਾ ਹੈ, ਤਾਂ ਵਿਅਕਤੀ ਦੀ ਅੰਦਰੂਨੀ ਬੇਚੈਨੀ ਦੂਰ ਹੋਣ ਲੱਗਦੀ ਹੈ। ਇਹ ਅਨੁਭਵ ਦਰਸਾਉਂਦਾ ਹੈ ਕਿ ਵਿਸ਼ਵਾਸ ਸਿਰਫ਼ ਪੂਜਾ ਨਹੀਂ ਹੈ, ਸਗੋਂ ਸਵੈ-ਸ਼ੁੱਧਤਾ ਦਾ ਮਾਰਗ ਹੈ।

ਦੋਸਤੋ, ਜੇਕਰ ਅਸੀਂ ਗੁਰੂ ਨਾਨਕ ਦੇਵ ਜੀ ਦੀ ਕਾਰਤਿਕ ਪ੍ਰਭਾਤ ਫੇਰੀ 2025 'ਤੇ ਵਿਚਾਰ ਕਰੀਏ, ਤਾਂ ਇਹ "ਸਤਿਗੁਰੂ ਦੀ ਅਰਦਾਸ ਹੈ, ਸੰਸਾਰ ਸਵੇਰ ਦੀ ਰੌਸ਼ਨੀ ਨਾਲ ਪ੍ਰਕਾਸ਼ਮਾਨ ਹੈ" (ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫਤਿਹ) ਹੈ। ਵਿਸ਼ਵਾਸ, ਸ਼ਰਧਾ ਅਤੇ ਮਨੁੱਖਤਾ ਦੇ ਇਸ ਪਵਿੱਤਰ ਸੰਗਮ ਵਿਚ, ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਧਰਤੀ ਨੂੰ ਛੂੰਹਦੀਆਂ ਹਨ, ਤਾਂ "ਵਾਹਿਗੁਰੂ" ਦਾ ਨਾਮ ਗੁਰਬਾਣੀ ਦੇ ਮਿੱਠੇ ਸ਼ਬਦਾਂ ਨਾਲ ਗੂੰਜਦਾ ਹੈ। ਇਹ ਉਹ ਪਲ ਹੈ, ਜਦੋਂ ਕਾਰਤਿਕ ਪ੍ਰਭਾਤ ਫੇਰੀ ਸ਼ੁਰੂ ਹੁੰਦੀ ਹੈ, ਇੱਕ ਵਿਲੱਖਣ ਪ੍ਰੰਪਰਾ ਜਿਸਨੂੰ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਜਾਗ੍ਰਿਤੀ ਅਤੇ ਮਨੁੱਖੀ ਏਕਤਾ ਦਾ ਪ੍ਰਤੀਕ ਬਣਾਇਆ ਸੀ। 15 ਦਿਨਾਂ ਦੀ ਭਗਤੀ ਦੀ ਮਿਆਦ ਦੌਰਾਨ, ਸਿੱਖ ਸ਼ਰਧਾਲੂ, ਸਿੰਧੀਆਂ ਅਤੇ ਹੋਰ ਭਾਈਚਾਰਿਆਂ ਦੇ ਨਾਲ, ਗੁਰੂ ਨਾਨਕ ਜਯੰਤੀ ਦੀਆਂ ਤਿਆਰੀਆਂ ਅਤੇ ਅਧਿਆਤਮਿਕ ਅਭਿਆਸਾਂ ਵਿਚ ਲੀਨ ਰਹਿਣਗੇ। "ਪ੍ਰਭਾਤ ਫੇਰੀ" ਦਾ ਸ਼ਾਬਦਿਕ ਅਰਥ ਹੈ ਸਵੇਰ ਵੇਲੇ ਵਿਸ਼ਵਾਸ ਦੀ ਯਾਤਰਾ। ਇਹ ਫੇਰੀ ਸਿਰਫ਼ ਇੱਕ ਸੈਰ ਨਹੀਂ ਹੈ, ਸਗੋਂ ਸੰਗਤ (ਸੰਗਤ) ਦੇ ਰੂਪ ਵਿਚ ਸ਼ਰਧਾ ਦਾ ਪ੍ਰਸਾਰ ਹੈ। ਜਿਵੇਂ ਕਿ ਸ਼ਰਧਾਲੂ ਸੂਰਜ ਚੜ੍ਹਨ ਤੋਂ ਪਹਿਲਾਂ ਦੀ ਚੁੱਪ ਵਿਚ ਗਲੀਆਂ, ਚੌਕਾਂ ਅਤੇ ਸੜਕਾਂ ਵਿਚੋਂ ਲੰਘਦੇ ਹਨ, "ਵਾਹੇ ਗੁਰੂ, ਸਤਿ ਨਾਮ, ਧੰਨ ਗੁਰੂ ਨਾਨਕ ਸਾਰਾ ਜਗ ਤਾਰੀ" (ਗੁਰੂ ਦਾ ਪੁੱਤਰ) ਦਾ ਜਾਪ ਕਰਦੇ ਹਨ, ਵਾਤਾਵਰਣ ਅਧਿਆਤਮਿਕ ਰੌਸ਼ਨੀ ਨਾਲ ਭਰ ਜਾਂਦਾ ਹੈ। ਪ੍ਰਭਾਤ ਫੇਰੀ ਸਵੈ-ਸ਼ੁੱਧਤਾ ਦਾ ਇੱਕ ਸਾਧਨ ਹੈ, ਜੋ ਸਿੱਖ ਧਰਮ ਅਤੇ ਹੋਰ ਧਰਮਾਂ ਦੀ ਭਾਵਨਾ ਨੂੰ ਮੂਰਤੀਮਾਨ ਕਰਦੀ ਹੈ: "ਨਾਮ ਜਪੋ, ਕਿਰਤ ਕਰੋ, ਵੰਡ ਛਕੋ," ਭਾਵ "ਰੱਬ ਨੂੰ ਯਾਦ ਰੱਖੋ, ਇਮਾਨਦਾਰੀ ਨਾਲ ਕੰਮ ਕਰੋ ਅਤੇ ਸਾਰਿਆਂ ਨਾਲ ਸਾਂਝਾ ਕਰੋ।" ਇਸ ਲਗਭਗ 14 ਦਿਨਾਂ ਦੀ ਧਾਰਮਿਕ ਯਾਤਰਾ ਨੂੰ ਗੁਰੂ ਨਾਨਕ ਜਯੰਤੀ ਦੀਆਂ ਤਿਆਰੀਆਂ ਦਾ ਸਭ ਤੋਂ ਪਵਿੱਤਰ ਪੜਾਅ ਮੰਨਿਆ ਜਾਂਦਾ ਹੈ। ਭਾਰਤ ਵਿਚ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ, ਆਨੰਦਪੁਰ ਸਾਹਿਬ, ਦਿੱਲੀ, ਨਾਂਦੇੜ ਅਤੇ ਪਟਨਾ ਸਾਹਿਬ ਵਰਗੇ ਗੁਰਦੁਆਰਿਆਂ ਵਿਚ ਪ੍ਰਭਾਤ ਫੇਰੀਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਹਾਲਾਂਕਿ, ਇਹ ਪ੍ਰੰਪਰਾ ਹੁਣ ਸਿੱਖ ਭਾਈਚਾਰਿਆਂ ਤੱਕ ਸੀਮਤ ਨਹੀਂ ਹੈ। ਕੈਨੇਡਾ, ਸੰਯੁਕਤ ਰਾਜ, ਯੂਨਾਈਟਿਡ ਕਿੰਗਡਮ, ਆਸਟ੍ਰੇਲੀਆ, ਮਲੇਸ਼ੀਆ, ਸਿੰਗਾਪੁਰ ਅਤੇ ਦੁਬਈ ਵਰਗੇ ਦੇਸ਼ਾਂ ਵਿਚ ਸਿੱਖ ਭਾਈਚਾਰੇ ਵੀ ਇਸਨੂੰ ਬਹੁਤ ਸ਼ਰਧਾ ਨਾਲ ਮਨਾਉਂਦੇ ਹਨ। ਪ੍ਰਭਾਤ ਫੇਰੀਆਂ ਦੇ ਜਲੂਸ ਲੰਡਨ ਦੇ ਸਾਊਥਾਲ, ਵੈਨਕੂਵਰ, ਮੈਲਬੌਰਨ, ਟੋਰਾਂਟੋ ਅਤੇ ਕੈਲੀਫੋਰਨੀਆ ਦੇ ਗੁਰਦੁਆਰਿਆਂ ਤੋਂ ਨਿਕਲਦੇ ਹਨ, ਜੋ ਨਾ ਸਿਰਫ਼ ਭਾਰਤੀ ਮੂਲ ਦੇ ਲੋਕਾਂ ਨੂੰ, ਸਗੋਂ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਦੇ ਲੋਕਾਂ ਨੂੰ ਵੀ ਆਕਰਸ਼ਿਤ ਕਰਦੇ ਹਨ। ਇਹ ਤਿਉਹਾਰ "ਆਤਮਿਕ ਊਰਜਾ ਦੀ ਗਲੋਬਲ ਏਕਤਾ" ਦਾ ਪ੍ਰਤੀਕ ਬਣ ਗਿਆ ਹੈ।

ਦੋਸਤੋ, ਜੇਕਰ ਅਸੀਂ ਪ੍ਰਭਾਤ ਫੇਰੀ ਦੀ ਇਤਿਹਾਸਕ ਪ੍ਰੰਪਰਾ ਅਤੇ ਵਾਤਾਵਰਣ ਅਤੇ ਸਮਾਜ ਨੂੰ ਇਸਦੇ ਆਧੁਨਿਕ ਸੰਦੇਸ਼ 'ਤੇ ਵਿਚਾਰ ਕਰੀਏ, ਤਾਂ ਗੁਰੂ ਨਾਨਕ ਦੇਵ ਜੀ, ਜਦੋਂ 15ਵੀਂ ਸਦੀ ਵਿਚ ਆਪਣੀ ਅਧਿਆਤਮਿਕ ਯਾਤਰਾ ਸ਼ੁਰੂ ਕੀਤੀ ਸੀ, ਤਾਂ ਅਕਸਰ ਸਵੇਰ ਵੇਲੇ ਆਪਣੇ ਚੇਲਿਆਂ ਨਾਲ ਭਗਤੀ ਗੀਤ ਗਾਉਂਦੇ ਸਨ। ਇਹ ਪ੍ਰੰਪਰਾ ਬਾਅਦ ਵਿਚ ਪ੍ਰਭਾਤ ਫੇਰੀ ਵਜੋਂ ਸਥਾਪਿਤ ਹੋਈ। ਉਨ੍ਹਾਂ ਦੀਆਂ ਸਿੱਖਿਆਵਾਂ ਉਸ ਯੁੱਗ ਦੇ ਸਮਾਜਿਕ ਹਨੇਰੇ ਵਿਚ ਰੌਸ਼ਨੀ ਦੀ ਕਿਰਨ ਵਜੋਂ ਫੈਲੀਆਂ। ਗੁਰੂ ਨਾਨਕ ਦੇਵ ਜੀ ਨੇ ਜਾਤੀਵਾਦ, ਅੰਧਵਿਸ਼ਵਾਸ ਅਤੇ ਧਾਰਮਿਕ ਵਿਤਕਰੇ ਵਿਰੁੱਧ ਬੋਲਿਆ ਅਤੇ ਲੋਕਾਂ ਨੂੰ ਉਨ੍ਹਾਂ ਦੇ ਕੰਮਾਂ ਅਤੇ ਇਮਾਨਦਾਰੀ ਦੁਆਰਾ ਇੱਕ ਵਿਅਕਤੀ ਨੂੰ ਪਰਿਭਾਸ਼ਿਤ ਕਰਨ ਲਈ ਪ੍ਰੇਰਿਤ ਕੀਤਾ। ਪ੍ਰਭਾਤ ਫੇਰੀ ਇਨ੍ਹਾਂ ਸਿਧਾਂਤਾਂ ਨੂੰ ਮੁੜ ਸੁਰਜੀਤ ਕਰਦੀ ਹੈ। ਇਹ ਸਿਰਫ਼ ਇੱਕ ਧਾਰਮਿਕ ਰਸਮ ਨਹੀਂ ਹੈ, ਸਗੋਂ ਸਮਾਜਿਕ ਏਕਤਾ ਅਤੇ ਮਨੁੱਖਤਾ ਦੇ ਜਾਗਰਣ ਦਾ ਤਿਉਹਾਰ ਹੈ। ਇਸ ਸਾਲ ਦੀ ਪ੍ਰਭਾਤ ਫੇਰੀ ਦੌਰਾਨ, ਕਈ ਗੁਰਦੁਆਰਿਆਂ ਨੇ ਹਰੀ ਪ੍ਰਭਾਤ ਫੇਰੀ ਦੀ ਸ਼ੁਰੂਆਤ ਕੀਤੀ ਹੈ। ਇਸਦਾ ਉਦੇਸ਼ ਕੁਦਰਤ ਦੀ ਰੱਖਿਆ ਕਰਨਾ ਹੈ ਅਤੇ ਨਾਲ ਹੀ ਸ਼ਰਧਾ ਨੂੰ ਉਤਸ਼ਾਹਿਤ ਕਰਨਾ ਹੈ। ਸਿੱਖ ਧਰਮ ਵਿਚ ਵਾਤਾਵਰਣ ਸੰਵੇਦਨਸ਼ੀਲਤਾ ਡੂੰਘੀਆਂ ਜੜ੍ਹਾਂ ਰੱਖਦੀ ਹੈ, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, "ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤ।" ਇਸ ਸੁਨੇਹੇ ਨੂੰ ਧਿਆਨ ਵਿਚ ਰੱਖਦੇ ਹੋਏ, ਸ਼ਰਧਾਲੂ ਰੁੱਖ ਲਗਾਉਣ, ਪਲਾਸਟਿਕ-ਮੁਕਤ ਸਮਾਗਮਾਂ ਅਤੇ ਸਾਈਕਲ ਪ੍ਰਭਾਤ ਫੇਰੀ ਵਰਗੀਆਂ ਗਤੀਵਿਧੀਆਂ ਵਿਚ ਸ਼ਾਮਲ ਹੋਣਗੇ। ਅੰਮ੍ਰਿਤਸਰ, ਦਿੱਲੀ, ਪਟਨਾ ਸਾਹਿਬ ਅਤੇ ਨਾਂਦੇੜ ਦੇ ਗੁਰਦੁਆਰਿਆਂ ਨੇ ਇਸ ਸਾਲ "ਇੱਕ ਪੌਦਾ, ਇੱਕ ਭਗਤ ਮੁਹਿੰਮ" ਵੀ ਸ਼ੁਰੂ ਕੀਤੀ ਹੈ।


> ਇਹ ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਇੱਕ ਜੀਵੰਤ ਅਧਿਆਤਮਿਕ ਯਾਤਰਾ ਹੈ, ਜੋ ਸਮਾਜ ਨੂੰ ਸੱਚਾਈ, ਪਿਆਰ, ਸਮਾਨਤਾ ਅਤੇ ਸੇਵਾ ਦੇ ਮਾਰਗ 'ਤੇ ਲੈ ਜਾਂਦੀ ਹੈ। 23 ਅਕਤੂਬਰ ਤੋਂ ਸ਼ੁਰੂ ਹੋ ਕੇ 5 ਨਵੰਬਰ, 2025 ਤੱਕ ਜਾਰੀ ਰਹਿਣ ਵਾਲਾ ਇਹ ਸਮਾਂ ਨਾ ਸਿਰਫ਼ ਸ਼ਰਧਾ ਅਤੇ ਸੇਵਾ ਦਾ ਪ੍ਰਤੀਕ ਹੈ, ਸਗੋਂ ਸਮਾਜਿਕ ਜਾਗ੍ਰਿਤੀ ਅਤੇ ਮਨੁੱਖਤਾ ਵਿਚ ਸਦਭਾਵਨਾ ਦੇ ਸੰਦੇਸ਼ ਦੀ ਪੁਸ਼ਟੀ ਦਾ ਵੀ ਇੱਕ ਮੌਕਾ ਹੈ।

ਦੋਸਤੋ, ਜੇਕਰ ਅਸੀਂ ਕਾਰਤਿਕ ਪ੍ਰਭਾਤ ਫੇਰੀ ਦੀ ਅੰਤਰਰਾਸ਼ਟਰੀ ਪਹੁੰਚ 'ਤੇ ਵਿਚਾਰ ਕਰੀਏ, ਤਾਂ ਪ੍ਰਭਾਤ ਫੇਰੀ 21ਵੀਂ ਸਦੀ ਵਿਚ ਬਹੁਤ ਜ਼ਿਆਦਾ ਵਿਸ਼ਵਵਿਆਪੀ ਹੋ ਗਈ ਹੈ। ਵਿਦੇਸ਼ਾਂ ਵਿਚ ਭਾਰਤੀ ਭਾਈਚਾਰੇ ਨੇ ਇਸਨੂੰ "ਸਵੇਰ ਦੀ ਭਗਤੀ ਦੇ ਤਿਉਹਾਰ" ਵਜੋਂ ਸਥਾਪਿਤ ਕੀਤਾ ਹੈ। ਕੈਨੇਡਾ ਅਤੇ ਯੂਨਾਈਟਿਡ ਕਿੰਗਡਮ ਵਿਚ, ਸਿੱਖ ਭਾਈਚਾਰਾ, ਸਥਾਨਕ ਸਰਕਾਰਾਂ ਦੇ ਸਮਰਥਨ ਨਾਲ, ਸੜਕਾਂ 'ਤੇ ਪ੍ਰਭਾਤ ਫੇਰੀ ਕਰਵਾਉਣ ਲਈ ਵਿਸ਼ੇਸ਼ ਪਰਮਿਟ ਪ੍ਰਾਪਤ ਕਰਦਾ ਹੈ। ਇਸ ਵਿਚ ਨਾ ਸਿਰਫ਼ ਧਾਰਮਿਕ ਗੀਤ ਹਨ, ਸਗੋਂ ਅੰਤਰ-ਧਰਮ ਸੰਵਾਦ ਵੀ ਸ਼ਾਮਲ ਹਨ, ਜਿਸ ਵਿਚ ਹਿੰਦੂ, ਮੁਸਲਿਮ, ਈਸਾਈ, ਯਹੂਦੀ ਅਤੇ ਬੋਧੀ ਧਰਮਾਂ ਦੇ ਪ੍ਰਤੀਨਿਧ ਸ਼ਾਮਲ ਹਨ। ਇਹ ਗੁਰੂ ਨਾਨਕ ਦੇਵ ਜੀ ਦੇ ਵਿਸ਼ਵਵਿਆਪੀ ਉਪਦੇਸ਼, "ਏਕ ਓਂਕਾਰ ਸਤਿਨਾਮ" ਦੇ ਵਿਸ਼ਵਵਿਆਪੀ ਸੰਦੇਸ਼ ਨੂੰ ਫੈਲਾਉਂਦਾ ਹੈ ਕਿ ਸੱਚ ਇੱਕ ਹੈ, ਪਰ ਇਸਨੂੰ ਪ੍ਰਾਪਤ ਕਰਨ ਦੇ ਰਸਤੇ ਬਹੁਤ ਸਾਰੇ ਹਨ। ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਬਹੁਤ ਵਿਸ਼ਾਲ ਸੀ। ਉਨ੍ਹਾਂ ਕਿਹਾ, "ਨਾ ਹਿੰਦੂ ਨਾ ਮੁਸਲਮਾਨ," ਭਾਵ ਕਿ ਕਿਸੇ ਵਿਅਕਤੀ ਨੂੰ ਉਸਦੇ ਕੰਮਾਂ ਦੁਆਰਾ ਪਰਖਿਆ ਜਾਣਾ ਚਾਹੀਦਾ ਹੈ, ਨਾ ਕਿ ਉਸਦੇ ਧਰਮ ਦੁਆਰਾ। ਪ੍ਰਭਾਤ ਫੇਰੀ ਇਸ ਵਿਚਾਰਧਾਰਾ ਦਾ ਇੱਕ ਵਿਹਾਰਕ ਪ੍ਰਗਟਾਵਾ ਹੈ। ਜਦੋਂ ਲੋਕ ਇਕੱਠੇ ਤੁਰਦੇ ਹਨ ਅਤੇ ਪ੍ਰਭੂ ਦਾ ਨਾਮ ਜਪਦੇ ਹਨ, ਤਾਂ ਜਾਤ, ਧਰਮ, ਭਾਸ਼ਾ ਅਤੇ ਵਰਗ ਦੇ ਭਿੰਨਤਾਵਾਂ ਅਲੋਪ ਹੋ ਜਾਂਦੀਆਂ ਹਨ। ਇਹ ਇੱਕ ਅਜਿਹਾ ਸਮਾਗਮ ਹੈ, ਜੋ ਆਤਮਾ ਅਤੇ ਸਮਾਜ ਦੋਵਾਂ ਨੂੰ ਜੋੜਦਾ ਹੈ। ਇਸ ਵਿਚ, ਹਰ ਵਿਅਕਤੀ ਅਨੁਭਵ ਕਰਦਾ ਹੈ ਕਿ "ਅਸੀਂ ਸਾਰੇ ਪਰਮਾਤਮਾ ਦੇ ਇੱਕੋ ਪ੍ਰਕਾਸ਼ ਦਾ ਹਿੱਸਾ ਹਾਂ।"

ਦੋਸਤੋ, ਜੇਕਰ ਅਸੀਂ ਪਵਿੱਤਰ ਪ੍ਰਭਾਤ ਫੇਰੀ, ਗੁਰੂ ਨਾਨਕ ਜਯੰਤੀ, 5 ਨਵੰਬਰ, 2025 ਦੇ ਸਮਾਪਤੀ ਦੇ ਪਵਿੱਤਰ ਪਲ 'ਤੇ ਵਿਚਾਰ ਕਰੀਏ, ਤਾਂ 5 ਨਵੰਬਰ, 2025 ਨੂੰ ਜਦੋਂ ਗੁਰੂ ਨਾਨਕ ਜਯੰਤੀ ਕਾਰਤਿਕ ਪੂਰਨਿਮਾ ਨੂੰ ਮਨਾਈ ਜਾਵੇਗੀ, ਪ੍ਰਭਾਤ ਫੇਰੀ ਆਪਣੇ ਸਿਖਰ 'ਤੇ ਪਹੁੰਚ ਜਾਵੇਗੀ। ਇਸ ਦਿਨ ਸਿੱਖ ਗੁਰਦੁਆਰਿਆਂ ਵਿਚ ਮਾਹੌਲ ਸ਼ਰਧਾ ਨਾਲ ਭਰ ਜਾਵੇਗਾ, ਅਖੰਡ ਪਾਠ, ਦੀਵਾਨ ਸਜਾਵਟ, ਸ਼ਾਨਦਾਰ ਨਗਰ ਕੀਰਤਨ, ਲੰਗਰ ਸੇਵਾ ਅਤੇ ਦੀਵੇ ਜਗਾਉਣ ਨਾਲ। ਦੇਸ਼ ਭਰ ਦੇ ਗੁਰਦੁਆਰਿਆਂ ਵਿਚ "ਸ਼ਬਦ ਕੀਰਤਨ" ਰਾਤ ਭਰ ਗੂੰਜਦਾ ਰਹੇਗਾ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ, ਨਾਂਦੇੜ ਦੇ ਹਜ਼ੂਰ ਸਾਹਿਬ, ਪਟਨਾ ਸਾਹਿਬ, ਦਿੱਲੀ ਦੇ ਬੰਗਲਾ ਸਾਹਿਬ ਅਤੇ ਪਾਕਿਸਤਾਨ ਦੇ ਕਰਤਾਰਪੁਰ ਸਾਹਿਬ ਵਿਖੇ ਲੱਖਾਂ ਸ਼ਰਧਾਲੂ ਇਕੱਠੇ "ਵਾਹ ਗੁਰੂ" ਦਾ ਨਾਮ ਜਪਣਗੇ। ਇਹ ਸਿਰਫ਼ ਧਾਰਮਿਕ ਨਹੀਂ ਹੋਵੇਗਾ, ਸਗੋਂ ਮਨੁੱਖਤਾ ਦੀ ਏਕਤਾ ਦਾ ਜਸ਼ਨ ਹੋਵੇਗਾ।

ਦੋਸਤੋ, ਜੇਕਰ ਅਸੀਂ ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਪਵਿੱਤਰ ਪ੍ਰਭਾਤ ਫੇਰੀ ਦੀ ਪ੍ਰੇਰਨਾਦਾਇਕ ਸ਼ਕਤੀ ਦੀ ਗੱਲ ਕਰੀਏ, ਤਾਂ ਅੱਜ ਦੇ ਯੁੱਗ ਵਿਚ, ਜਦੋਂ ਦੁਨੀਆਂ ਭੌਤਿਕਵਾਦ ਅਤੇ ਮੁਕਾਬਲੇ ਦੇ ਜਾਲ ਵਿਚ ਫਸੀ ਹੋਈ ਹੈ, ਪ੍ਰਭਾਤ ਫੇਰੀ ਨੌਜਵਾਨਾਂ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ ਦਿੰਦੀ ਹੈ। ਇਹ ਉਨ੍ਹਾਂ ਨੂੰ ਸਿਖਾਉਂਦੀ ਹੈ ਕਿ ਸਫਲਤਾ ਦਾ ਅਰਥ ਸਿਰਫ਼ ਦੌਲਤ ਨਹੀਂ ਹੈ, ਸਗੋਂ ਸਵੈ-ਸੰਤੁਸ਼ਟੀ ਅਤੇ ਸੇਵਾ ਦੀ ਭਾਵਨਾ ਵੀ ਹੈ। ਇਸ ਸਮੇਂ ਦੌਰਾਨ ਬਹੁਤ ਸਾਰੇ ਸਕੂਲ ਅਤੇ ਕਾਲਜ ਗੁਰੂ ਨਾਨਕ ਅਧਿਐਨ ਹਫ਼ਤੇ ਆਯੋਜਿਤ ਕਰਦੇ ਹਨ, ਜਿੱਥੇ ਵਿਦਿਆਰਥੀ ਉਨ੍ਹਾਂ ਦੇ ਜੀਵਨ, ਯਾਤਰਾਵਾਂ (ਉਦਾਸੀ) ਅਤੇ ਸਿੱਖਿਆਵਾਂ ਦਾ ਅਧਿਐਨ ਕਰਦੇ ਹਨ।


ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਕਾਰਤਿਕ ਪ੍ਰਭਾਤ ਫੇਰੀ 2025 ਸਿਰਫ਼ ਇੱਕ ਧਾਰਮਿਕ ਸਮਾਗਮ ਨਹੀਂ ਹੈ, ਸਗੋਂ ਮਨੁੱਖਤਾ, ਏਕਤਾ ਅਤੇ ਅਧਿਆਤਮਿਕਤਾ ਦੀ ਵਿਸ਼ਵ ਯਾਤਰਾ ਹੈ। 23 ਅਕਤੂਬਰ ਤੋਂ 5 ਨਵੰਬਰ ਤੱਕ ਦਾ ਇਹ ਸਮਾਂ ਹਰ ਦਿਲ ਨੂੰ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਨਾਲ ਭਰ ਦੇਵੇਗਾ, "ਨਾਮ ਜਪੋ ਕਿਰਤ ਕਰੋ, ਵੰਡ ਛਕੋ।" ਇਹ ਪੰਦਰਾਂ ਦਿਨਾਂ ਦੀ ਯਾਤਰਾ ਸਿਰਫ਼ ਸੜਕਾਂ 'ਤੇ ਨਹੀਂ, ਸਗੋਂ ਆਤਮਾ ਦੇ ਅੰਦਰ ਕੀਤੀ ਜਾਂਦੀ ਹੈ। ਜਿਵੇਂ ਸੂਰਜ ਹਨੇਰੇ ਨੂੰ ਦੂਰ ਕਰਦਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਪ੍ਰਭਾਤ ਫੇਰੀ ਮਨੁੱਖਤਾ ਦੇ ਦਿਲਾਂ ਵਿਚ ਰੌਸ਼ਨੀ ਜਗਾਉਂਦੀ ਹੈ, ਇੱਕ ਅਜਿਹੀ ਰੌਸ਼ਨੀ ਜੋ ਸੀਮਾਵਾਂ ਤੋਂ ਪਾਰ ਜਾਂਦੀ ਹੈ, ਜੋ ਸਾਰਿਆਂ ਨੂੰ ਜੋੜਦੀ ਹੈ ਅਤੇ ਜੋ ਕਹਿੰਦੀ ਹੈ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।" ਗੁਰੂ ਨਾਨਕ ਦੇਵ ਜੀ ਦੇ ਸ਼ਬਦ ਸਾਨੂੰ ਦੁਬਾਰਾ ਯਾਦ ਦਿਵਾਉਂਦੇ ਹਨ: "ਸਭ ਵਿਚ ਇੱਕ ਹੀ ਰੌਸ਼ਨੀ ਹੈ; ਪ੍ਰਮਾਤਮਾ ਦਾ ਪ੍ਰਕਾਸ਼ ਸਾਰਿਆਂ ਵਿਚ ਇੱਕੋ ਜਿਹਾ ਹੈ।" (ਹਰ ਜੀਵ ਵਿਚ ਇੱਕ ਹੀ ਰੌਸ਼ਨੀ ਹੈ; ਪ੍ਰਮਾਤਮਾ ਦਾ ਪ੍ਰਕਾਸ਼ ਸਾਰਿਆਂ ਵਿਚ ਇੱਕੋ ਜਿਹਾ ਹੈ।)



# ੴ ਦੇ ਖੋਜੀ, ਕਵੀ ਬਾਬਾ ਨਾਨਕ

ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA





ਸਿੱਖ ਮਤ ਦੇ ਸੰਚਾਲਕ ਅਤੇ ਪਹਿਲੇ ਗੁਰੂ ੴ ਦੇ ਖੋਜੀ, ਕਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ, ਸਿੱਧ ਗੋਸਟਿ, ਆਸਾ ਦੀ ਵਾਰ, ਬਾਰਹਾ ਮਾਹ, ਰਾਗ ਤੁਖਾਰੀ, ਪੱਟੀ, ਮਾਂਝ ਤੋਂ ਮਲ੍ਹਾਰ ਦੀ ਵਾਰ ਵਰਗੀਆਂ ਉੱਚ ਕੋਟੀ ਦੀਆਂ ਰਚਨਾਵਾਂ ਰਚ ਕੇ ਭਾਰਤ ਦੀ ਧਰਤੀ ਨੂੰ, ਮਨੁੱਖਤਾ ਨੂੰ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਬਖ਼ਸ਼ੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ੴ ਦੀਆਂ ਹੀ ਸਭ ਸ਼ਾਖ਼ਾਵਾਂ ਹਨ। ਸਾਰੀ ਬਾਣੀ ਸੱਚ ਤੇ ਯਥਾਰਥ ਦੀ ਬੁਨਿਆਦ ਉਪਰ ਹੈ, ਜੋ ਇਨਸਾਨੀ ਕਦਰਾਂ-ਕੀਮਤਾਂ ਨੂੰ ਉਜਾਗਰ ਕਰਦੀ ਹੈ, ਅਦੁੱਤੀ ਬਾਣੀ ਹੈ। ਮਨੁੱਖ ਲਈ ਸਿੱਖਿਆਵਾਂ ਭਰਪੂਰ ਬਾਣੀ ਹੈ। ਅੰਧ ਵਿਸ਼ਵਾਸ ਤੋਂ ਦੂਰ ਅਤੇ ਸਰਬੱਤ ਦੇ ਭੁਲੇ ਦੀ ਬਾਣੀ ॥ਧੁਰੋਂ ਉਤਰੀ ਬਾਣੀ॥ ੴ ਦਾ ਆਕਾਰ ਵੇਖਣ ਨਾਲ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ। ਇਸ ਦੇ ਉਚਾਰਨ ਨਾਲ, ਜਾਪ ਕਰਨ ਨਾਲ, ਤਨ-ਮਨ ਰੂਹ, ਹਿਰਦੇ ਸ਼ਾਂਤ ਤੇ ਇਕਾਗਰ ਹੋ ਜਾਂਦੇ ਹਨ। ਇਸਦੇ ਉਚਾਰਣ ਨਾਲ ਮਨੁੱਖ ਆਪ ਮੁਹਾਰੇ ਹੀ ਪਵਿੱਤਰਤਾ ਅਤੇ ਸੁੱਚਤਾ ਨਾਲ ਜੁੜਦਾ ਜਾਂਦਾ ਹੈ। ਇਕ ਆਨੰਦਮਈ ਅਵਸਥਾ ਦਾ ਅਹਿਸਾਸ ਹਿਰਦੇ ਵਿਚ ਤੈਰਦਾ ਹੈ। ਸਾਰੀ ਬਾਣੀ ਮੌਸਮਾਂ, ਦਿਨਾਂ, ਸਾਲਾਂ, ਮਹੀਨਿਆਂ, ਕੁਦਰਤ, ਬ੍ਰਹਿਮੰਡ, ਸੱਚਖੰਡ, ਧਰਤੀ, ਅੰਬਰ, ਆਕਾਸ਼ (ਪੰਜ ਤੱਤਾਂ) ਪਾਣੀ, ਅਗਨੀ, ਸਮਾਜ, ਸੁੱਚਤਾ ਰਾਗਾਂ ਆਦਿ ਨਿਯਮਾਂ ਵਿਚ ਸੰਗਠਿਤ ਹੈ। ਸਾਰੀ ਬਾਣੀ ਬਹਿਰਾਂ (ਵਜ਼ਨ) ਵਿਚ ਹੈ। ਅਨੇਕਾਂ ਖ਼ੂਬਸੂਰਤ ਪ੍ਰਤੀਕਾਂ ਬਿੰਬਾਂ, ਤਸਬੀਹਾਂ, ਅਲੰਕਾਰਾਂ ਨਾਲ ਓਤ-ਪ੍ਰੋਤ ਹੈ। ੴ ਦਾ ਜਾਪ ਵਿਸ਼ਵਾਸ ਪੈਦਾ ਕਰਦਾ ਹੈ ਅਤੇ ਇਹ ਵਿਸ਼ਵਾਸ, ਕਰਮਠਤਾ ਵਿਚ ਰੱਬ ਦੀ ਹੋਂਦ ਦਿਰਸਾਉਂਦਾ ਹੈ। ਇਸ ਆਕਾਰ ਨੇ ਪ੍ਰਮਾਤਮਾ ਦੀ ਹੋਂਦ ਨੂੰ ਸਹੀ ਅਰਥ ਦਿੱਤੇ ਹਨ। ੴ ਸ਼ਬਦ ਬਾਣੀਆਂ ਦੀ ਰਹਿਨੁਮਾਈ ਕਰਦਾ ਹੈ। ਇਸ ਸ਼ਬਦ ਦੀ ਆਵਾਜ਼, ਬਣਤਰ, ਉਚਾਰਣ ਇੰਨਾ ਸ਼ੁੱਧ ਹੈ ਕਿ ਮਨੁੱਖ ਵਿਚ ਇਕ ਸ਼ਕਤੀ, ਸ਼ਾਂਤੀ, ਵਿਸ਼ਵਾਸ ਉਜਾਗਰ ਕਰਦਾ ਹੋਇਆ ਪ੍ਰਮਾਤਮਾ ਦਾ ਵਿਸ਼ਵਾਸ ਪੈਦਾ ਕਰਦਾ ਹੈ। ਇਹ ਸ਼ਬਦ ਹੀ ਪ੍ਰਮਾਤਮਾ ਦਾ ਰੂਪ ਹੈ। ਇਸ ਸ਼ਬਦ 'ਚੋਂ ਹੀ ਪ੍ਰਮਾਤਮਾ ਨਜ਼ਰ ਆਉਂਦਾ ਹੈ। ੴ ਦੀ ਘੜਤ ਰੱਬੀ ਬਾਣੀ ਦੀ ਹੋਂਦ ਹੈ।

ੴ ਦਾ ਉਚਾਰਣ ਇਕ ਕਰਨਾ ਹੈ, 'ਓ' ਦਾ ਉਚਾਰਨ 'ਓਅੰਕਾਰ' ਹੈ। ਸਤਿਨਾਮੁ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸ਼ਾਦਿ ਇਹ ਸਿੱਖੀ ਦਾ ਮੂਲ ਮੰਤਰ ਹੈ। ਮੂਲ ਮੰਤਰ ਦਾ ਅਰਥ ਹੈ, ਮੁੱਢਲਾ ਉਪਦੇਸ਼ ਹੈ। ਇਸ ਦੇ ਅਰਥ ਇਸ ਪ੍ਰਕਾਰ ਹਨ:- ਅਕਾਲ ਪੁਰਖ ਇਕ ਹੈ, ਜੋ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ਉਸ ਦਾ ਨਾਮ ਸਦੀਵੀ ਹੋਂਦ ਵਾਲਾ ਹੈ। ਇਹ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਉਸ ਵਿਚ ਵਿਆਪਕ ਹੈ। ਉਹ ਡਰ ਤੋਂ ਰਹਿਤ ਹੈ, ਉਹ ਵੈਰ ਤੋਂ ਰਹਿਤ ਹੈ। ਉਸ ਦਾ ਸਰੂਪ ਕਾਲ ਤੋਂ ਪਰੇ ਹੈ, ਭਾਵ ਉਸ ਉਤੇ ਸਮੇਂ ਦਾ ਕੋਈ ਅਸਰ ਨਹੀਂ, ਉਹ ਬਚਪਨ, ਜਵਾਨੀ, ਬੁਢੇਪਾ, ਮੌਤ ਤੋਂ ਪਰੇ ਹੈ। ਉਹ ਜੂਨਾਂ ਵਿਚ ਨਹੀਂ ਆਉਂਦਾ। ਉਸਦੀ ਹੋਂਦ, ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਅਜਿਹੇ ਸਰੂਪ ਵਾਲਾ ਪ੍ਰਮਾਤਮਾ ਸਤਿਗੁਰੂ (ਸ਼ਬਦ ਗੁਰੂ) ਦੀ ਕਿਰਪਾ ਦੁਆਰਾ ਮਿਲਦਾ ਹੈ।

ਆਦਿ ਸਚ ਜੁਗਾਦਿ ਸਚੁ, ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ॥ ਇਹ ਸਲੋਕ ਮੰਗਲਾਚਰਨ ਵਜੋਂ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ਼ਟ ਦਾ ਸਰੂਪ ਬਿਆਨ ਕੀਤਾ ਹੈ, ਜਿਸ ਦਾ ਜਪ-ਸਿਮਰਨ ਕਰਨਦਾ ਉਪਦੇਸ਼ ਇਸ ਸਾਰੀ ਬਾਣੀ 'ਜਪੁ' ਵਿਚ ਕੀਤਾ ਗਿਆ ਹੈ। (ਜਪੁਜੀ ਸਾਹਿਬ 'ਚੋਂ)। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸ਼ਬਦਾਂ ਦੀ ਮਿਠਾਸ, ਉਨ੍ਹਾਂ ਦਾ ਸੰਦੇਸ਼, ਸ਼ੁੱਧ, ਸ਼ਾਂਤ ਅਤੇ ਸਵਸਥ ਕਰ ਦਿੰਦਾ ਹੈ। ਪ੍ਰੇਮ ਅਤੇ ਸੇਵਾ ਭਾਵ ਉਤਪੰਨ ਹੁੰਦੇ ਹਨ।

ਕਵੀ ਬਾਬਾ ਨਾਨਕ ਦੀ ਬਾਣੀ ਵਿਚ ਇਕ ਸਲੋਕ (ਸ਼ਬਦ) ਵਿਚ ਇਕ ਹੀ ਸ਼ਬਦ ਦੀ ਉਸਤਤਿ ਬਾਰ-ਬਾਰ ਆਉਣੀ ਵੀ ਕਮਾਲਤਾ ਪੈਦਾ ਕਰਦੀ ਹੈ : ਜਿਸ ਤਰ੍ਹਾਂ ਪੰਚ ਸ਼ਬਦ, ਗਾਵੈ ਸ਼ਬਦ, ਸੁਣਿਐ ਸ਼ਬਦ, ਮੰਨੇ ਸ਼ਬਦ, ਅਸੰਖ ਅਮੁਲ ਸ਼ਬਦ, ਆਖਹਿ ਸ਼ਬਦ, ਸਾਵਨਿ ਸ਼ਬਦ ਆਦਿ ਸ਼ਬਦ ਹਰ ਪਹਿਲੀ ਲਾਈਨ ਤੋਂ ਪਹਿਲਾਂ ਸ਼ੁਰੂ ਕਰਨਾ ਬਹੁਤ ਮੁਸ਼ਕਿਲ ਕਾਰਜ ਹੈ ਪਰ ਬਾਬਾ ਨਾਨਕ ਜੀ ਨੇ ਕਮਾਲ ਦੀ ਬਾਣੀ ਰਚ ਕੇ ਸੰਸਾਰ ਨੂੰ ਇਕ ਅਦੁੱਤੀ, ਸੁੱਚੀ-ਸੱਚੀ ਸੰਜੀਵ ਨਿਸ਼ਾਨੀ ਬਖ਼ਸ਼ੀ ਹੈ। ਬਾਣੀ ਬਖ਼ਸ਼ੀ ਮਨੁੱਖਤਾ ਦੀ ਭਲਾਈ ਲਈ।

ਕਵੀ ਬਾਬਾ ਨਾਨਕ ਦਾ ਜਨਮ ਕੱਤਕ ਸੁਦੀ 15, ਸੰਮਤ 1526 ਬਿਕ੍ਰਮੀ, ਪੂਰਨਮਾਸ਼ੀ ਮੁਤਾਬਿਕ 15 ਨਵੰਬਰ ਸੰਨ 1469 ਈਸਵੀ ਨੂੰ ਮਾਤਾ ਤ੍ਰਿਪਤਾ ਦੀ ਕੁੱਖੋਂ, ਪਿਤਾ ਮਹਿਤਾ ਕਲਿਆਣ ਰਾਏ ਜੀ (ਬੇਦੀ ਵੰਸ਼ ਵਿਚੋਂ) ਦੇ ਘਰ ਰਾਏ ਭੋਇੰ ਦੀ ਤਲਵੰਡੀ ਸ੍ਰੀ ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਹੋਇਆ। ਕਵੀ ਬਾਬਾ ਨਾਨਕ ਦੀ ਸ਼ਾਦੀ ਬੀਬੀ ਸੁਲੱਖਣੀ ਜੀ ਸਪੁੱਤਰੀ ਸ੍ਰੀ ਮੂਲ ਚੰਦ ਜੀ ਬਟਾਲਾ ਨਿਵਾਸੀ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਨਾਲ 24 ਜੇਠ ਸੰਮਤ 1544 ਬਿਕ੍ਰਮੀ 1487 ਈਸਵੀ ਨੂੰ ਹੋਈ। ਉਨ੍ਹਾਂ ਦੇ ਦੋ ਸਪੁੱਤਰ ਸਨ, ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ।

ਕਵੀ ਬਾਬਾ ਨਾਨਕ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 947 ਸ਼ਬਦ, 19 ਰਾਗਾਂ ਵਿਚ ਹਨ। ਉਨ੍ਹਾਂ ਨੇ ਦੇਸ਼-ਵਿਦੇਸ਼ਾਂ ਦੇ ਲੋਕਾਂ ਨੂੰ ਮਾਨਵਤਾ ਦਾ ਰਾਹ ਦਿਖਾਇਆ। ਬਾਲਾ ਤੇ ਮਰਦਾਨਾ ਉਨ੍ਹਾਂ ਦੇ ਸੰਗੀ ਸਨ। ਉਨ੍ਹਾਂ ਦਾ ਇਹ ਸੰਗ ਸਾਂਝੀਵਾਲਤਾ ਅਤੇ ਧਰਮ ਜਾਦਿ ਰਹਿਤ ਮਾਨਵਤਾਵਾਦੀ ਸੀ। ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ-ਯਾਤਰਾਵਾਂ ਵੀ ਦੁਰਲੱਭ ਅਤੇ ਸੰਦੇਸ਼ਵਾਹਕ ਹਨ। ਬਚਪਨ ਵਿਚ ਪਾਂਧੇ, ਪ੍ਰੋਹਿਤ ਤੇ ਵੈਦ ਨੂੰ ਉਪਦੇਸ਼, ਸੱਚਾ ਸੌਦਾ ਕਰਨਾ, ਮੋਦੀਖਾਨੇ ਤੇਰਾ-ਤਰਾ ਤੋਲਣਾ। ਜਗਤ ਜਲੰਦੇ ਨੂੰ ਤਾਰਨ ਹਿੱਤ ਚਾਰ ਮਹਾਨ ਉਦਾਸੀਆਂ ਕੀਤੀਆਂ, ਊਚ-ਨੀਚ ਦਾ ਭੇਦਭਾਵ ਮਿਟਾਇਆ, ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਦੀ ਸਿੱਖਿਆ। ਕਰਮਠਤਾ ਵਿਖਾਈ, ਵੱਖ-ਵੱਖ ਧਰਮਾਂ ਤੇ ਭਰਮਾਂ ਨੂੰ ਤੋੜਿਆ, ਨਿੰਦਾ ਕੀਤੀ, ਉਦਾਸੀਆਂ ਦੌਰਾਨ ਆਪ ਹਰਿਦੁਆਰ, ਕਾਂਸ਼ੀ, ਗਯਾ, ਏਮਨਾਬਾਦ, ਮਥੁਰਾ, ਜਗਨਨਾਥਪੁਰੀ, ਜੈਸਲਮੇਰ, ਅਜਮੇਰ, ਪੁਸ਼ਕਰ ਆਬੂ, ਉਜੈਨ, ਨਾਂਦੇੜ, ਬਿਦਰ, ਰਾਮੇਸ਼ਵਰ, ਸੰਗਲਾਦੀਪ, ਸੋਮਨਾਥ, ਦਵਾਰਕਾ, ਜਵਾਲਾਮੁਖੀ, ਮਨੀਕਰਨ, ਸੁਕੇਤ, ਮੰਡੀ, ਚੰਬਾ, ਗੋਰਖਪੁਰ, ਪੀਲੀਭੀਤ, ਉਤਰਾਕਾਸ਼ੀ, ਤਿੱਬਤ, ਲੰਕਾ, ਭੂਟਾਨ, ਨੇਪਾਲ, ਚੀਨ, ਈਰਾਨ, ਗੁਰਜਾਤ, ਮੁਲਤਾਨ, ਸਿੰਧ, ਬਲੋਚਿਸਤਾਨ, ਮੱਕਾ, ਕਾਬਲ, ਮਦੀਨਾ, ਬਗਦਾਦ, ਜਲਾਲਾਬਾਦ, ਹਸਨ-ਅਬਦਾਲ, ਪੁੰਛ, ਬਰਮਾ ਆਦਿ ਕਈ ਦੂਰ-ਦੁਰੇਡੇ ਥਾਈਂ ਪੁੱਜੇ।

ਬਾਬਰ, ਮਲਿਕ ਭਾਗੋ, ਜੀਵਨ ਭੂਮੀਆ, ਪੀਰ ਬਹਿਲੋਲ, ਪੰਡਤ ਬ੍ਰਹਮਦਾਸ, ਰਾਏ ਬੁਲਾਰ, ਗੋਪਾਲ ਪਾਂਧਾ, ਹਰਦਿਆਲ ਪ੍ਰੋਹਿਤ, ਦੌਲਤ ਖਾਂ, ਲੋਧੀ, ਭਾਈ ਲਾਲੋ, ਭਾਈ ਮਰਦਾਨਾ, ਮਨਸੁਖ ਭਾਗੀਰਥ, ਦੁਨੀ ਚੰਦ, ਸ਼ੇਖ ਸੱਜਣ, ਮੀਆਂ ਮਿੱਠਾ, ਹਮਜਾ ਗੌਂਸ, ਸਾਲਸਰਾਇ, ਨੂਰ ਸ਼ਾਹ ਝੰਡਾਬਾਢੀ, ਕੌਡਾ ਰਾਖਸ਼, ਵਲੀ ਕੰਧਾਰੀ, ਰਾਜਾ ਸ਼ਿਭਨਾਭ ਆਦਿ ਅਨੇਕਾਂ ਨੂੰ ਆਪ ਨੇ ਵਰੋਸਾਇਆ ਅਤੇ ਸ਼ੁਭ ਕਰਮਨ, ਕਰਨੀ ਕਥਨੀ ਅਤੇ ਕਰਮਠਤਾ ਦਾ ਉਪਦੇਸ਼ ਦਿੱਤਾ।

ਉਨ੍ਹਾਂ ਦੇ ਸਮਕਾਲੀ ਬਾਦਸ਼ਾਹ: ਬਹਿਲੋਲ, ਸਿਕੰਦਰ, ਇਬਰਾਹੀਮ ਲੋਧੀ, ਬਾਬਰ ਅਤੇ ਹਮਾਯੂੰ ਹੋਏ ਹਨ।

ਕਵੀ ਬਾਬਾ ਨਾਨਕ ਜੀ ਨੂੰ ਉਰਦੂ, ਗੁਰਮੁਖੀ, ਸੰਸਕ੍ਰਿਤ, ਫਾਰਸੀ ਆਦਿ ਵਿੱਦਿਆ ਦਾ ਗਿਆਨ ਸੀ। ਉਨ੍ਹਾਂ ਨੇ ਲਗਭਗ 22 ਸਾਲ ਦੇਸ਼ਾਂ-ਵਿਦੇਸ਼ਾਂ ਵਿਚ ਪੈਦਲ ਚੱਲ ਕੇ ਧਰਮ ਪ੍ਰਚਾਰ ਕੀਤਾ। ਅੰਧ ਵਿਸ਼ਵਾਸ ਅਤੇ ਅਧਰਮ ਦਾ ਖੰਡਨ ਕੀਤਾ। ਆਪ ਨੇ ਪੰਜ ਵੱਡੀਆਂ ਉਦਾਸੀਆਂ ਕੀਤੀਆਂ: ਪਹਿਲੀ ਉਦਾਸੀ ਵਿਚ ਆਪ ਨੇ ਅੰਧ ਵਿਸ਼ਵਾਸ ਦੇ ਖਿਲਾਫ ਪ੍ਰਚਾਰ ਕੀਤਾ। ਆਪ ਪ੍ਰਸਿੱਧ ਹਿੰਦੂ ਤੀਰਥਾਂ ਜਿਵੇਂ ਕਿ ਜਗਨਨਾਥਪੁਰੀ, ਗਯਾ, ਬਨਾਰਸ, ਹਰਿਦੁਆਰ, ਕੁਰੂਕਸ਼ੇਤਰ ਆਦਿ ਸਥਾਨਾਂ ਵੱਲ ਗਏ।

ਦੂਸਰੀ ਉਦਾਸੀ 'ਚ ਆਪ ਪੰਜਾਬ ਤੋਂ ਸੰਗਲਾਦੀਪ (ਲੰਕਾ) ਤੱਕ ਗਏ ਅਤੇ ਲੋਕਾਂ ਵਿਚ ਵਿਚਰੇ, ਉਨ੍ਹਾਂ ਨੂੰ ਸਿੱਧੇ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ।

ਤੀਜੀ ਉਦਾਸੀ 'ਚ ਆਪ ਕਸ਼ਮੀਰ ਦੇ ਪ੍ਰਸਿੱਧ ਵਿਦਵਾਨਾਂ, ਕਾਜੀਆਂ, ਮੌਲਾ ਨਾਲ ਵਿਚਾਰ-ਵਟਾਂਦਰੇ ਕੀਤੇ, ਯੋਗੀਆਂ, ਸਿੱਧਾਂ, ਨਾਥਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਮਾਨਵਤਾ ਦਾ ਸੰਦੇਸ਼ ਦਿੱਤਾ।

ਚੌਥੀ ਉਦਾਸੀ ਵਿਚ ਮੱਕਾ-ਮਦੀਨੇ, ਬਗਦਾਦ ਆਦਿ ਸਥਾਨਾਂ ਉਪਰ ਗਏ ਅਤੇ ਉਨ੍ਹਾਂ ਨੂੰ ਰੱਬ ਦੀ ਹੋਂਦ ਕਣ-ਕਣ ਵਿਚ ਹੈ, ਬਾਰੇ ਚਾਨਣਾ ਪਾਇਆ।

ਪੰਜਵੀਂ ਉਦਾਸੀ ਪੰਜਾਬ ਵਾਪਸ ਆ ਕੇ ਪਿੰਡ ਕਰਤਾਰਪੁਰ ਵਿਖੇ ਟਿਕ ਗਏ। ਡੇਰਾ ਬਾਬਾ ਨਾਨਕ ਜਿੱਥੇ ਆ ਕੇ ਬੈਠੇ, ਉਥੇ ਉਦੋਂ ਦਾ ਖੂਹ ਹੁਣ ਵੀ ਹੈ ਅਤੇ ਉਥੇ ਗੁਰਦੁਆਰਾ ਸਾਹਿਬ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਡੇਰਾ ਬਾਬਾ ਨਾਨਕ ਵਿਖੇ 17 ਸਾਲ 9 ਮਹੀਨੇ ਅਤੇ 13 ਦਿਨ ਰਹੇ। ਜਿੱਥੇ ਰੰਧਾਵੇ ਦੇ ਖੂਹ 'ਤੇ ਵੱਡੇ ਬੋਹੜ ਹੇਠਾਂ ਉਨ੍ਹਾਂ ਨੇ ਜਾਪ ਕੀਤਾ। ਡੇਰਾ ਬਾਬਾ ਨਾਨਕ ਵਿਖੇ ਚੋਹਲਾ ਸਾਹਿਬ ਗੁਰਦੁਆਰਾ ਹੈ, ਜਿਥੇ ਗੁਰੂ ਜੀ ਦਾ ਚੋਹਲਾ ਅਤੇ ਬੇਬੇ ਨਾਨਕੀ ਦਾ ਕੱਢਿਆ ਹੋਇਆ ਰੁਮਾਲ ਸੁਰੱਖਿਅਤ ਹੈ। ਗੁਰੂ ਜੀ ਨੇ ਆਪਣੀ ਪੋਥੀ ਉਤਰ ਅਧਿਕਾਰੀ ਗੁਰੂ ਅੰਗਦ ਦੇਵ ਜੀ ਨੂੰ ਦੇ ਦਿੱਤੀ। ਕਰਤਾਰਪੁਰ ਵਿਖੇ ਵਿਸ਼ੇਸ਼ ਸੰਗਤ ਕਾਇਮ ਕੀਤੀ। ਕਲਾਨੌਰ ਦੇ ਕਰੋੜੀਮੱਲ ਦੀ ਜ਼ਮੀਨ ਸ੍ਰੀ ਕਰਤਾਰਪੁਰ: ਉਸਨੇ ਗੁਰੂ ਸਾਹਿਬਾਨ ਨੂੰ ਦਿੱਤੀ ਸੀ। ਲੰਗਰ ਪ੍ਰੰਪਰਾ ਤੋਰੀ ਅਤੇ ਖ਼ੁਦ ਖੇਤੀ ਕੀਤੀ। ਆਪ ਜੀ ਨੇ ਗੁਰਗਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖ਼ਸ਼ੀ। ਆਪ ਜੀ 1539 'ਚ ਕਰਤਾਰਪੁਰ ਵਿਖੇ ਜੋਤੀਜੋਤ ਸਮਾਏ। ਡੇਰਾ ਬਾਬਾ ਨਾਨਕ ਵਿਖੇ ਗੁਰੂ ਜੀ ਦੀ ਵੰਸ਼ 'ਚੋਂ ਬਾਬਾ ਅਵਤਾਰ ਸਿੰਘ ਜੀ ਦੀ ਪੀੜ੍ਹੀ ਚੱਲ ਰਹੀ ਹੈ। ਲਾਹੌਰ, ਪਾਕਿਸਤਾਨ ਵਿਚ ਸੇਵਾਮੁਕਤ ਕੈਪਟਨ (ਪੰਡਿਤ ਪਰ ਹੁਣ ਮੁਸਲਮਾਨ ਬਣ ਚੁੱਕੇ ਹਨ) ਮੁਲਤਾਨ ਅਹਿਮਦ ਖਾਨ ਕੋਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਕੋਟ (ਚੋਹਲੇ) ਹਨ। ਮੁਲਤਾਨ ਅਹਿਮਦ ਖਾਨ ਦੇ ਬਾਬਾ ਜੀ ਮੁਹਕਮਦੀਨ ਜੀ ਨੂੰ ਪਟਿਆਲੇ ਦੇ ਰਾਜਾ ਨੇ ਦੋਸਤਾਨਾ ਨਾਤੇ ਨਿਸ਼ਾਨੀ ਵਜੋਂ ਗੁਰੂ ਨਾਨਕ ਦੇਵ ਜੀ ਦੇ ਚੋਹਲੇ ਦਿੱਤੇ ਸਨ। ਇਹ ਚੋਹਲੇ ਉਨ੍ਹਾਂ ਕੋਲ ਸੁਰੱਖਿਅਤ ਹਨ। ਇਨ੍ਹਾਂ ਕੋਟਾਂ ਦਾ ਇਕ ਕਰੋੜ ਰੁਪਿਆ ਉਨ੍ਹਾਂ ਨੂੰ ਮਿਲਦਾ ਸੀ ਪਰ ਉਨ੍ਹਾਂ ਨੇ ਰੁਪਏ ਨਹੀਂ ਲਏ।

## 5 ਨਵੰਬਰ ਪ੍ਰਕਾਸ਼ ਦਿਵਸ ’ਤੇ ਵਿਸ਼ੇਸ਼

# ਗੁਰੂ ਨਾਨਕ ਜਿਨ ਸੁਣਿਆ ਪੇਖਿਆ

ਰਮੇਸ਼ ਬੱਗਾ ਚੋਹਲਾ
ਲੁਧਿਆਣਾ
ਮੋਬ : 94631-32719
ਪੰਜਾਬ ਮੇਲ USA

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਛੋਟੀ ਉਮਰ ਦਾ ਹੋਣ ਕਰਕੇ ਆਧੁਨਿਕਤਾ ਦੇ ਵਧੀਕ ਨੇੜੇ ਹੈ। ਇਸ ਧਰਮ ਨੂੰ ਵਿਗਿਆਨਕ ਧਰਮ ਵੀ ਕਿਹਾ ਜਾਂਦਾ ਹੈ। ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਸ਼ੇਸ਼ ਤੌਰ ’ਤੇ ਵਿਗਿਆਨਕ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਮਨੁੱਖਤਾ ਦੀ ਕਦਰਦਾਨ ਅਤੇ ਸਰਬੱਤ ਦੇ ਭਲੇ ਦੀ ਹਾਮੀ ਹੋਣ ਕਰਕੇ ਇਸ ਵਿਚਾਰਧਾਰਾ ਦਾ ਬੋਲਬਾਲਾ ਸਿਰਫ ਹਿੰਦੁਸਤਾਨ ਵਿਚ ਹੀ ਨਹੀਂ, ਸਗੋਂ ਪੂਰੇ ਵਿਸ਼ਵ ਵਿਚ ਹੀ ਹੈ।

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 15 ਅਪ੍ਰੈਲ 1469 ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲਾ ਸ਼ੇਖ਼ੂਪੁਰੇ ਦੇ ਪਿੰਡ ਤਲਵੰਡੀ ਵਿਖੇ ਬਾਬਾ ਕਲਿਆਣ ਦਾਸ ਉਰਫ ਮਹਿਤਾ ਕਾਲੂ (ਪਟਵਾਰੀ) ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ। ਇਹ ਮਾਣਮੱਤਾ ਪਿੰਡ ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ। ਲਾਹੌਰ ਦੀ ਦੱਖਣ ਪੱਛਮੀ ਬਾਹੀ ਵਿਚ ਲਗਪਗ 42 ਮੀਲ ਦੀ ਦੂਰੀ ’ਤੇ ਸਥਿਤ ਹੈ।

ਜਿਸ ਕਾਲ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਅਵਤਾਰ ਧਾਰਿਆ, ਉਹ ਕਾਲ ਦੁਨੀਆਂ ਦੇ ਧਾਰਮਿਕ ਇਤਿਹਾਸ ਵਿਚ ਬਹੁਤ ਅਹਿਮਤਰੀਨ ਕਾਲ ਹੈ। ਇਹ ਸਮਾਂ ਜਿਥੇ ਕਲਾ, ਸਾਹਿਤ ਅਤੇ ਗਿਆਨ ਦੀ ਮੁੜ ਉਸਾਰੀ ਦਾ ਸਮਾਂ ਸੀ, ਉਥੇ ਖੋਜ ਅਤੇ ਲੱਭਤ ਦਾ ਸਮਾਂ ਵੀ ਸੀ।

ਦੁਨਿਆਵੀਂ ਸਿੱਖਿਆ ਹਾਸਲ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਨੂੰ 7 ਸਾਲ ਦੀ ਉਮਰ ਵਿਚ ਗੋਪਾਲ ਪੰਡਿਤ ਪਾਸੋਂ ਹਿੰਦੀ ਅਤੇ ਬਿਰਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿੱਤ ਭੇਜਿਆ ਗਿਆ। ਇਥੇ ਹੀ ਬੱਸ ਨਹੀਂ, 13 ਸਾਲ ਦੀ ਉਮਰ ਵਿਚ ਗੁਰੂ ਜੀ ਨੂੰ ਫ਼ਾਰਸੀ ਤਾਲੀਮ ਸਿੱਖਣ ਦੇ ਮਨੋਰਥ ਹਿੱਤ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਆਪ ਜੀ ਨੇ ਜਿਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਗ੍ਰਹਿਣ ਕੀਤੀ, ਉਥੇ ਉਨ੍ਹਾਂ (ਉਸਤਾਦਾਂ) ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜ੍ਹਾਇਆ। ਆਪਣੇ ਹਾਣੀਆਂ ਨੂੰ ਵੀ ਗੁਰੂ ਜੀ ਨੇ ਸੱਚ/ਪ੍ਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਰਾਇ ਬੁਲਾਰ ਭੱਟੀ ਗੁਰੂ ਸਾਹਿਬ ਦੇ ਜੀਵਨ ਤੋਂ ਏਨਾ ਪ੍ਰਭਾਵਿਤ ਹੋਇਆ ਹੈ ਕਿ ਉਸਨੂੰ ਸਭ ਤੋਂ ਪਹਿਲਾਂ ਸਿੱਖ ਹੋਣ ਦਾ ਸ਼ਰਫ ਹਾਸਿਲ ਹੈ।


ਜਦੋਂ ਗੁਰੂ ਨਾਨਕ ਸਾਹਿਬ ਜੀ 10-11 ਸਾਲ ਦੇ ਹੋਏ, ਤਾਂ ਉਨ੍ਹਾਂ ਦਾ ਨਿਖੇੜਾ ਜਾਤਹੀਣ ਸ਼ੂਦਰਾਂ ਤੋਂ ਕਰਨ ਲਈ ਪੁਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਇਹ ਰਸਮੀ ਯਤਨ ਬ੍ਰਾਹਮਣ ਨੂੰ ਗੁਰੂ ਧਾਰਨ ਵੱਲ ਸੇਧਿਤ ਸਨ। ਪਰ ਆਪ ਤਾਂ ਜਗਤ ਜਲੰਦੇ ਨੂੰ ਤਾਰਨ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਇਸ ਲਈ ਉਨ੍ਹਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ’ਤੇ ਗੁਰੂ ਜੀ ਵਲੋਂ ਇਹ ਸ਼ਬਦ ਉਚਾਰਿਆ ਗਿਆ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
(ਪੰਨਾ : 471)

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੀ ਜੋ ਮੁਸਲਮਾਨ ਮਿਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ ਹਨ।

18 ਸਾਲ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਜੀ ਦਾ ਆਨੰਦ ਕਾਰਜ ਬਟਾਲੇ ਸ਼ਹਿਰ ਦੇ ਬਸ਼ਿੰਦੇ ਸ਼੍ਰੀ ਮੂਲ ਚੰਦ ਦੀ ਧੀ ਸੁਲੱਖਣੀ ਨਾਲ ਹੋਇਆ। ਇਸ ਪਵਿੱਤਰ ਬੰਧਨ ਦੇ ਮੌਕੇ ਕੁਝ ਸ਼ਰਾਰਤੀ ਪੁਰੋਹਿਤਾਂ ਨੇ ਗੁਰੂ ਜੀ ਉਪਰ ਕੱਚੀ ਕੰਧ ਡੇਗਣ ਦੀ ਵਿਉਂਤਬੰਦੀ ਕੀਤੀ ਪਰ ਦਿਲਾਂ ਦੀਆਂ ਬੁੱਝਣ ਵਾਲੇ ਨਾਨਕ ਨੇ ਉਨ੍ਹਾਂ ਦੀ ਵਿਉਂਤ ਹਮੇਸ਼ਾਂ ਲਈ ਫੇਲ੍ਹ ਕਰ ਦਿੱਤੀ। ਇਹ ਕੰਧ ਅਜੇ ਵੀ ਬਟਾਲੇ ਵਿਚ ਯਾਦਗਾਰ ਦੇ ਤੌਰ ’ਤੇ ਕਾਇਮ ਹੈ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਜੀ ਦਾਸ ਪੈਦਾ ਹੋਏ।

35 ਸਾਲ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪੁਹੰਚ ਗਏ। ਇਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਜਿਥੇ ਆਪ ਨੇ ਰਿਸ਼ਵਤਖੋਰੀ ਬੰਦ ਕਰਵਾਈ ਅਤੇ ਗਰੀਬਾਂ ਅਮੀਰਾਂ ਨੂੰ ਇਕੋ ਜਿਹਾ ਇਨਸਾਫ ਦਿੱਤਾ। ਕਾਰੋਬਾਰ ਤੋਂ ਵਿਹਲੇ ਹੋ ਕੇ ਗੁਰੂ ਜੀ ਇਸ ਨਗਰ ਵਿਚ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਸਤਿਸੰਗ ਦੀ ਬਦੌਲਤ ਸਿੱਖੀ ਧਾਰਕਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ। ਇਥੇ ਹੀ ਮਲਸੀਹਾਂ ਦੇ ਵਸਨੀਕ ਭਗੀਰਥ ਅਤੇ ਮਨਸੁੱਖ ਆਪ ਜੀ ਦੇ ਸਿੱਖ ਬਣੇ। 1507 ਈ: ਵਿਚ ਗੁਰੂ ਨਾਨਕ ਸਾਹਿਬ ਜੀ ਵਲੋਂ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ ਗਿਆ। ਇਸ ਇਕਾਂਤਵਾਸ ਤੋਂ ਬਾਦ ਉਨ੍ਹਾਂ ਨੇ ਭਟਕੀ ਹੋਈ ਲੋਕਾਈ ਨੂੰ ਇੱਕ ਨਵੀਨ ਨਾਅਰਾ ‘ਨਾ ਕੋ ਹਿੰਦੂ ਨਾ ਮੁਸਲਮਾਨ’ ਦਿੱਤਾ। ਮਨੁੱਖਤਾ ਨੂੰ ਪਰਨਾਏ ਇਸ ਨਾਅਰੇ ਦੀ ਖ਼ੂਬ ਚਰਚਾ ਹੋਈ ਪਰ ਇਹ ਚਰਚਾ ਉਸ ਵਕਤ ਦੇ ਨਵਾਬ ਅਤੇ ਕਾਜ਼ੀ ਨੂੰ ਹਜ਼ਮ ਨਾ ਹੋ ਸਕੀ। ਉਨ੍ਹਾਂ ਨੇ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਦਾ ਵਿਰੋਧ ਕੀਤਾ ਪਰ ਜਿੱਤ ਆਖਰ ਸੱਚ ਦੀ ਹੀ ਹੋਈ। ਆਪਣੀ ਇਸ ਸੋਚ ਨੂੰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਤੱਕ ਪਹੁੰਚਾਉਣ ਹਿੱਤ ਗੁਰੂ ਜੀ ਵਲੋਂ ਕਈ ਪ੍ਰਚਾਰ ਦੌਰੇ ਵੀ ਕੀਤੇ ਗਏ, ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ।



ਗੁਰੂ ਨਾਨਕ ਸਾਹਿਬ ਜੀ ਦੀਆਂ ਇਨ੍ਹਾਂ ਉਦਾਸੀਆਂ ਦਾ ਵਰਨਣ ਇਸ ਪ੍ਰਕਾਰ ਹੈ:

ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿਚ ਵੈਦਿਕ ਧਰਮ ਦੀ ਚੜ੍ਹਤ ਸੀ, ਜਿਸ ਦੀ ਬੁਨਿਆਦ ਵਰਣ ਆਸ਼ਰਮ ਧਰਮ ’ਤੇ ਆਧਾਰਿਤ ਸੀ। ਜਦੋਂ ਗੁਰੂ ਜੀ ਨੇ ਅਵਤਾਰ ਧਾਰਿਆ, ਤਾਂ ਉਸ ਸਮੇਂ ਭਾਰਤੀ ਸਮਾਜ ਬਹੁਤ ਹੀ ਗੁੰਝਲਦਾਰ ਜਾਤੀਆਂ ਅਤੇ ਧਾਰਮਿਕ ਫਿਰਕਿਆਂ ਵਿਚ ਵੰਡਿਆ ਹੋਇਆ ਸੀ। ਮਨੁੱਖ ਦੀ ਪਛਾਣ ਕਰਮ ਆਧਾਰਿਤ ਨਾ ਹੋ ਕੇ, ਸਗੋਂ ਜਨਮ ਆਧਾਰਿਤ ਸੀ। ਲੋਕਾਂ ਵਿਚੋਂ ਆਪਸੀ ਭਾਈਚਾਰੇ ਅਤੇ ਇਕਸੁਰਤਾ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਸੀ।

ਅਜਿਹੀ ਤਰਸਯੋਗ ਸੂਰਤ-ਏ-ਹਾਲ ਵਿਚ ਸਿਫ਼ਤੀ ਅਤੇ ਇਨਕਲਾਬੀ ਤਬਦੀਲੀ ਲਿਆਉਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਸਤੰਬਰ 1507 ਈ: ਨੂੰ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੁਨੀਆਂ ਦੀਆਂ ਵੱਖ-ਵੱਖ ਦਿਸ਼ਾਵਾਂ ਵਿਚ ਪ੍ਰਚਾਰ ਦੌਰੇ ਆਰੰਭ ਕੀਤੇ, ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਭਾਰਤ ਦੀਆਂ ਸਾਰੀਆਂ ਕੂੰਟਾਂ ਵਿਚ ਜਾਣ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਗਏ। ਇਸ ਦੇਸ਼ਾਂ ਰਟਨ ਵਿਚ ਗੁਰੂ ਸਾਹਿਬ ਦਾ ਲਗਪਗ 25 ਕੁ ਸਾਲ ਦਾ ਸਮਾਂ ਲੇਖੇ ਲੱਗਾ। ਇਨ੍ਹਾਂ ਉਦਾਸੀਆਂ ਸਮੇਂ ਉਹ ਬਹੁਤ ਸਾਰੇ ਵਿਅਕਤੀਆਂ ਨੂੰ ਮਿਲੇ। ਉਨ੍ਹਾਂ ਦਾ ਪੜਾਅ ਕਦੇ ਗਰੀਬ ਘਰਾਂ ਅਤੇ ਕਦੇ ਨੀਲੀ ਛੱਤ ਹੇਠ ਹੀ ਹੁੰਦਾ ਰਿਹਾ। ਇਨ੍ਹਾਂ ਉਦਾਸੀਆਂ ਵਿਚ ਉਨ੍ਹਾਂ ਦਾ ਮਿਲਾਪ ਛੋਟੇ ਅਤੇ ਅਣਗੌਲੇ ਲੋਕਾਂ ਦੇ ਨਾਲ-ਨਾਲ ਕਈ ਬਾਦਸ਼ਾਹਾਂ ਨਾਲ ਵੀ ਹੋਇਆ।

**ਪਹਿਲੀ ਉਦਾਸੀ:**- ਗੁਰੂ ਸਾਹਿਬ ਦੀ ਪਹਿਲੀ ਉਦਾਸੀ ਦਾ ਸਮਾਂ ਲਗਪਗ 8 ਸਾਲ ਹੈ। ਇਸ ਉਦਾਸੀ ਦੌਰਾਨ ਉਹ ਸਭ ਤੋਂ ਪਹਿਲਾਂ ਐਮਨਾਬਾਦ ਗਏ, ਜੋ ਤਲਵੰਡੀ ਤੋਂ ਲਗਪਗ 60 ਕਿ: ਮੀ: ’ਤੇ ਸਥਿਤ ਹੈ। ਇਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ। ਭਾਈ ਸਾਹਿਬ ਲੱਕੜੀ ਦਾ ਕੰਮ ਕਰਦੇ ਸਨ। ਬ੍ਰਾਹਮਣਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਗੁਰੂ ਜੀ ਨੀਵੀਂ ਜਾਤੀ ਦੇ ਵਿਅਕਤੀ ਦੇ ਘਰ ਕਿਉਂ ਠਹਿਰੇ ਹਨ। ਪਰ ਆਪ ਨੇ ਇਸ ਵਿਰੋਧ ਦਾ ਕੋਈ ਅਸਰ ਨਾ ਕਬੂਲਿਆ। ਕਿਉਂਕਿ ਉਨ੍ਹਾਂ ਦਾ ਮਿਸ਼ਨ ਵੀ ਵਰਣਵਾਦੀ ਸਿਸਟਮ ਨੂੰ ਤੋੜਨਾ ਸੀ। ਇਸ ਮਿਸ਼ਨ ਦੀ ਹੀ ਪੁਸ਼ਟੀ ਕਰਦਾ ਹੈ ਉਨ੍ਹਾਂ ਦਾ ਇਹ ਫੁਰਮਾਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਪੰਨਾ : 15)

ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਮੇਲਾ ਵੇਖਣ ਵਾਲੇ ਮੇਲੀ ਅਤੇ ਸ਼ਰਧਾਲੂ ਗੰਗਾ ਨਦੀ ਵਿਚ ਇਸ਼ਨਾਨ ਕਰਦੇ ਸਨ। ਸਿਰਫ਼ ਇਸ਼ਨਾਨ ਹੀ ਨਹੀਂ, ਸਗੋਂ ਆਪਣੇ ਪਿੱਤਰਾਂ ਨੂੰ ਸੂਰਜ ਸਾਹਿਬਤਾ ਰਾਹੀਂ ਪਾਣੀ ਵੀ ਪਹੁੰਚਾਉਂਦੇ ਸਨ। ਗੁਰੂ ਜੀ ਨੇ ਜਿਥੇ ਬੜੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ, ਉਥੇ ਵੈਸ਼ਨਵ ਸਾਧੂਆਂ ਨੂੰ ਮਨੁੱਖੀ ਬਰਾਬਰਤਾ ਦਾ ਸਬਕ ਵੀ ਦਿੱਤਾ। ਗੁਰੂ ਜੀ ਨੇ ਉਨ੍ਹਾਂ ਨੂੰ ਬੜਾ ਸਮਝਾਇਆ ਕਿ ਰੱਬ ਦਾ ਕੋਈ ਵੀ ਬੰਦਾ ਮਾੜਾ ਜਾਂ ਨੀਚ ਨਹੀਂ ਹੈ।

ਗੋਰਖ ਮਤੇ ਗੋਰਖ ਨਾਥ ਅਤੇ ਉਸਦੇ ਚੇਲਿਆਂ ਦਾ ਗੜ੍ਹ ਸੀ। ਇਹ ਸਥਾਨ ਪੀਲੀਭੀਤ ਤੋਂ ਲਗਪਗ 20 ਕੁ ਕਿਲੋਮੀਟਰ ਦੀ ਵਿੱਥ ’ਤੇ ਸਥਿਤ ਹੈ। ਇਥੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਪ੍ਰਮਾਤਮਾ ਬਾਹਰੀ ਭੇਖ ’ਤੇ ਨਹੀਂ ਰੀਝਦਾ, ਸਗੋਂ ਉਸ ਦੀ ਪ੍ਰਾਪਤੀ ਦੀ ਜੁਗਤ ਵਿਕਾਰ ਰਹਿਤ ਜੀਵਨ ਬਸਰ ਕਰਦਿਆਂ ਉਸ ਦੀ ਸਿਫਤ ਸਲਾਹ ਕਰਨਾ ਹੈ। ਗੁਰੂ ਜੀ ਦੀ ਆਮਦ ਸਦਕਾ ਇਸ ਸਥਾਨ ਦਾ ਨਾਂ ਗੋਰਖ ਮਤੇ ਤੋਂ ਤਬਦੀਲ ਹੋ ਕੇ ਨਾਨਕ ਮਤਾ ਪੈ ਗਿਆ।

ਨਾਨਕ ਮਤੇ ਤੋਂ ਪ੍ਰਚਾਰ ਕਰਦੇ ਹੋਏ ਗੁਰੂ ਨਾਨਕ ਸਾਹਿਬ ਜੀ ਦੀਵਾਲੀ ਵਾਲੇ ਦਿਨ ਅਯੁੱਧਿਆ ਪਹੁੰਚੇ। ਇਥੇ ਆਪ ਜੀ ਦੀ ਭੇਟ ਭਾਈ ਰਾਮਾਨੰਦ ਜੀ ਦੇ ਚੇਲਿਆਂ ਨਾਲ ਹੋਈ। ਇਨ੍ਹਾਂ ਬੈਰਾਗੀਆਂ ਨੂੰ ਮੁਕਤੀ ਮਾਰਗ ਬਾਰੇ ਦੱਸਦਿਆਂ ਗੁਰੂ ਜੀ ਨੇ ਫੁਰਮਾਇਆ ਕਿ ਮੂਰਤੀ ਪੂਜਾ ਨੂੰ ਤਿਆਗ ਕੇ ਇੱਕ ਅਕਾਲ ਪੁਰਖ ਦੀ ਪੂਜਾ ਵਿਚ ਲੱਗ ਜਾਉ।

ਇਲਾਹਬਾਦ ਦਾ ਪੁਰਾਣਾ ਨਾਂ ਪ੍ਰਯਾਗ ਸੀ। ਗੰਗਾ ਜਮਨਾ ਦੇ ਸੰਗਮ ਵਾਲਾ ਇਹ ਹਿੰਦੂਆਂ ਦਾ ਤੀਰਥ ਸਥਾਨ ਹੈ। ਇਨ੍ਹਾਂ ਨਦੀਆਂ ਵਿਚ ਇਸ਼ਨਾਨ ਕਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਸ ਮਹੱਤਵ ਨੂੰ ਘਟਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਤੀਰਥ ਇਸ਼ਨਾਨ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਕਿਉਂਕਿ ਇਸ਼ਨਾਨ ਸਿਰਫ ਤਨ ਦੀ ਮੈਲ ਉਤਾਰਦਾ ਹੈ, ਮਨ ਦੀ ਨਹੀਂ। ਸੱਚਾ ਤੀਰਥ ਤਾਂ ਗੁਰੂ ਆਪ ਹੈ, ਜਿਸ ਦੀ ਸਿੱਖਿਆ ਰੂਪੀ ਨਦੀ ਵਿਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਬਨਾਰਸ ਸੰਸਕ੍ਰਿਤ ਵਿਦਿਆ ਅਤੇ ਹਿੰਦੂ ਧਰਮ ਦਾ ਕੇਂਦਰ ਹੈ। ਇਥੋਂ ਦੇ ਪੰਡਿਤਾਂ ਨੇ ਇਹ ਗੱਲ ਪ੍ਰਚਾਰੀ ਹੋਈ ਸੀ ਕਿ ਜੇਕਰ ਕੋਈ ਮਨੁੱਖ ਪੰਡਿਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਆਰੇ ਨਾਲ ਸਰੀਰ ਚਿਰਾਵੇਗਾ, ਤਾਂ ਉਹ ਸਿੱਧਾ ਸ਼ਿਵਪੁਰੀ ਨੂੰ ਜਾਏਗਾ ਪਰ ਗੁਰੂ ਜੀ ਨੇ ਬਨਾਰਸ ਵਾਸੀਆਂ ਨੂੰ ਪੰਡਿਤਾਂ ਦੀਆਂ ਚਾਲਾਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਮੁਕਤੀ ਕਿਸੇ ਵਿਸ਼ੇਸ਼ ਥਾਂ ’ਤੇ ਮਰਨ ਨਾਲ ਨਹੀਂ, ਸਗੋਂ ਚੰਗੇ ਕਰਮਾਂ ਨਾਲ ਮਿਲਦੀ ਹੈ।

ਇਥੇ ਆਪ ਨੇ ਪੰਡਿਤ ਚਤੁਰਦਾਸ ਨੂੰ ਸਮਝਾਇਆ ਕਿ ਤਿਲਕ, ਤੁਲਸੀ, ਮਾਲਾ ਸਾਲਗ੍ਰਾਮ ਅਤੇ ਧਾਰਮਿਕ ਪਹਿਰਾਵਾ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹਨ ਪਰ ਅਸਲੀ ਬ੍ਰਾਹਮਣ ਫੋਕਟ ਕਰਮਕਾਡਾਂ ਵਿਚ ਸਮਾਂ ਨਸ਼ਟ ਕਰਨ ਦੀ ਬਜਾਏ ਉਸ ਪ੍ਰਭੂ ਦੀ ਸਿਫਤ ਸਲਾਹ ਵਿਚ ਸਮਾਂ ਬਤੀਤ ਕਰਦਾ ਹੈ। ਬਨਾਰਸ ਵਿਚੋਂ ਗੁਰੂ ਨਾਨਕ ਸਾਹਿਬ ਜੀ ਨੇ ਭਗਤ ਕਬੀਰ, ਭਗਤ ਰਵੀਦਾਸ ਅਤੇ ਰਾਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ।

ਗਯਾ ਬਿਹਾਰ ਪ੍ਰਾਂਤ ਵਿਚ ਫਲਗੂ ਨਦੀ ਦੇ ਕੰਢੇ ’ਤੇ ਸਥਿਤ ਹੈ। ਬ੍ਰਾਹਮਣਾਂ ਦੇ ਸਿਖਾਏ ਲੋਕ ਇਥੇ ਆਪਣੇ ਪਿਤਰਾਂ ਦੀ ਗਤੀ ਲਈ ਦਾਨ-ਪੁੰਨ ਕਰਨ ਵਾਸਤੇ ਆਉਂਦੇ ਸਨ। ਅਜਿਹੇ ਲੋਕਾਂ ਨੂੰ ਸਿੱਖਿਆ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਮੌਤ ਪਿੱਛੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਛੜੀ ਹੋਈ ਆਤਮਾ ਨੂੰ ਕੋਈ ਲਾਭ ਨਹੀਂ ਪਹੁੰਚਦਾ।

ਬਿਹਾਰ ਪ੍ਰਾਂਤ ਤੋਂ ਬਾਅਦ ਗੁਰੂ ਨਾਨਕ ਸਾਹਿਬ ਜੀ ਆਸਾਮ ਵਿਚ ਦਾਖਲ ਹੋਏ। ਉਸ ਵਕਤ ਇਸ ਪ੍ਰਾਂਤ ਨੂੰ ਕਾਮਰੂਪ ਕਿਹਾ ਜਾਂਦਾ ਸੀ, ਇਸ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਗੋਹਾਟੀ ਵਿਚ ਕਾਮਖਯਾ ਸਾਹਿਬੀ ਦਾ ਮੰਦਰ ਹੈ। ਇਹ ਮੰਦਰ ਵਾਮ ਮਾਰਗੀਆਂ ਦਾ ਹੈ। ਇਹ ਲੋਕ ਧਰਮ ਤੇ ਆਚਰਣ ਤੋਂ ਗਿਰੇ ਕੰਮਾਂ ਨੂੰ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਗੁਰੂ ਜੀ ਨੇ ਇਨ੍ਹਾਂ ਲੋਕਾਂ ਨੂੰ ਨਸ਼ਿਆਂ ਤੇ ਆਚਰਣ ਹੀਣ ਕੰਮਾਂ ਤੋਂ ਪ੍ਰਹੇਜ਼ ਕਰਨ ਲਈ ਕਿਹਾ ਅਤੇ ਸਮਝਾਇਆ ਕਿ ਕੁਕਰਮਾਂ ਨੂੰ ਧਰਮ ਦੀ ਆੜ ਵਿਚ ਸੁਕਰਮ ਨਹੀਂ ਬਣਾਇਆ ਜਾ ਸਕਦਾ।

ਢਾਕੇ ਵਿਚੋਂ ਹੀ ਗੁਰੂ ਜੀ ਨੇ ਭਗਤ ਜੈ ਸਾਹਿਬ ਜੀ ਦੇ ਦੋ ਸ਼ਬਦ ਪ੍ਰਾਪਤ ਕੀਤੇ।

ਜਗਨ ਨਾਥ ਪੁਰੀ ਦੇ ਮੰਦਰ ਜੋ ਕਿ ਉੜੀਸਾ ਵਿਖੇ ਸਥਿਤ ਹੈ, ਵਿਚ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਨੂੰ ਦੱਸਿਆ ਕਿ ਕੋਈ ਵੀ ਸਾਹਿਬੀ ਸਾਹਿਬਤਾ ਜਗਨਨਾਥ ਨਹੀਂ ਹੋ ਸਕਦਾ, ਸਗੋਂ ਜਗਤ ਦਾ ਨਾਥ ਤਾਂ ਵਾਹਿਗੁਰੂ ਆਪ ਹੈ।

ਜਦੋਂ ਗੁਰੂ ਜੀ ਨੂੰ ਜਗਨਨਾਥ ਦੀ ਮੂਰਤੀ ਦੀ ਆਰਤੀ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ, ਤਾਂ ਉਨ੍ਹਾਂ ਨੂੰ ਇਹ ਕਹਿ ਕੇ ਆਰਤੀ ਵਿਚ ਸ਼ਮੂਲੀਅਤ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਜਗਨਨਾਥ ਦੀ ਆਰਤੀ ਤਾਂ ਉਸ ਦੀ ਬਣਾਈ ਕੁਦਰਤ ਆਪ ਹੀ ਉਤਾਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਮਾਤਮਾ ਦਿਖਾਵੇ ਦੀ ਆਰਤੀ ਨਾਲ ਖ਼ੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਸੱਚੀ ਆਰਤੀ ਤਾਂ ਉਸ ਦੇ ਭਾਣੇ ਵਿਚ ਰਹਿ ਕੇ ਸਰਬੱਤ ਦਾ ਭਲਾ ਲੋਚਣਾ ਹੈ। ਇਥੇ ਹੀ ਆਪ ਨੇ ਕਲਯੁੱਗ ਨਾਂ ਦੇ ਪਾਂਧੇ ਦਾ ਪਰਦਾਫਾਸ਼ ਕੀਤਾ, ਜੋ ਮਾਇਆ ਦੇ ਲਾਲਚ ਵਿਚ ਭੋਲੀ ਜਨਤਾ ਨੂੰ ਗੁੰਮਰਾਹ ਕਰ ਰਿਹਾ ਸੀ। ਪੁਰੀ ਤੋਂ ਬਾਅਦ ਗੁਰੂ ਜੀ ਭੀਲਾਂ ਦੇ ਇਲਾਕੇ ਵਿਚ ਆ ਗਏ, ਜਿਸਨੂੰ ਦ੍ਰਾਵਿੜ ਵੀ ਕਿਹਾ ਜਾਂਦਾ ਹੈ। ਇਥੇ ਆਉਣ ਦਾ ਸਬੱਬ ਭਾਈ ਮਰਦਾਨਾ ਸੀ। ਕੌਡਾ ਰਾਖਸ਼ ਭਾਈ ਜੀ ਨੂੰ ਮਾਰਨ ਦੀਆਂ ਤਿਆਰੀਆਂ ਕਰ ਰਿਹਾ ਸੀ, ਤਾਂ ਗੁਰੂ ਜੀ ਵੀ ਉਥੇ ਪਹੁੰਚ ਗਏ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਦਰਸ਼ਨ-ਦੀਦਾਰ ਕਰਕੇ ਕੌਡਾ ਨਿਹਾਲ ਹੋ ਗਿਆ, ਤਾਂ ਉਸ ਨੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਦੇ ਨਾਲ ਹੀ ਉਸ ਨੇ ਗੁਰੂ ਜੀ ਨੂੰ ਅੱਗੇ ਤੋਂ ਹਮੇਸ਼ਾਂ ਲਈ ਸੱਚੇ ਮਾਰਗ ਉੱਤੇ ਚੱਲਣ ਦਾ ਵਿਸ਼ਵਾਸ ਵੀ ਦਿਵਾਇਆ।

ਇਸ ਉਦਾਸੀ ਦੇ ਸਫ਼ਰ ਦੌਰਾਨ ਗੁਰੂ ਜੀ ਸਿੰਗਲਾਦੀਪ (ਸ੍ਰੀ ਲੰਕਾ) ਪਹੁੰਚੇ। ਇਥੋਂ ਦਾ ਰਾਜਾ ਸ਼ਿਵਨਾਭ ਜੋ ਕਿ ਗੁਰੂ ਨਾਨਕ ਸਾਹਿਬ ਜੀ ਦਾ ਅਨਿਨ ਸ਼ਰਧਾਲੂ ਸੀ, ਨੂੰ ਗੁਰੂ ਜੀ ਦੇ ਦਰਸ਼ਨਾਂ ਦੀ ਤੀਬਰ ਤਾਂਘ ਸੀ। ਗੁਰੂ ਜੀ ਨੇ ਉਸ ਨੂੰ ਦਰਸ਼ਨ ਦੇ ਕੇ ਉਸ ਦੀ ਤਾਂਘ ਪੂਰੀ ਕੀਤੀ। ਇਸ ਉਦਾਸੀ ਦੌਰਾਨ ਹੀ ਗੁਰੂ ਨਾਨਕ ਸਾਹਿਬ ਜੀ ਦਿੱਲੀ ਵਿਖੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਭਗਤ ਨੂੰ ਮਿਲੇ, ਉਨ੍ਹਾਂ ਦੇ ਮਿਲਾਪ ਦੀ ਸ਼ਾਹਦੀ ਭਰਦਾ ਹੈ, ਗੁਰਦੁਆਰਾ ਮਜਨੂੰ ਟਿੱਲਾ।

ਗੁਰੂ ਜੀ ਦੀ ਇਸ (ਪਹਿਲੀ) ਉਦਾਸੀ ਦਾ ਅੰਤਮ ਪੜਾਅ ਕੁਰੂਕਸ਼ੇਤਰ ਸੀ। ਇਥੇ ਆਪ ਨੇ ਸੂਰਜ ਗ੍ਰਹਿਣ ਸਮੇਂ ਭੋਜਨ ਦੇ ਛਕਣ ਦੇ ਵਿਚਾਰਾਂ ਦਾ ਖੰਡਣ ਕੀਤਾ ਜੋ ਬ੍ਰਾਹਮਣਾਂ ਦੁਆਰਾ ਨਿੱਜੀ ਸੁਆਰਥ ਹਿੱਤ ਫੈਲਾਏ ਗਏ ਸਨ।

**ਦੂਜੀ ਉਦਾਸੀ:**- ਪਹਿਲੀ ਉਦਾਸੀ ਦੀ ਤਰਜ਼ ’ਤੇ ਇਸ ਉਦਾਸੀ ਦਾ ਮੁਹਾਣ ਵੀ ਹਿੰਦੂ ਤੀਰਥ ਅਸਥਾਨਾਂ ਅਤੇ ਸਿੱਧ ਜੋਗੀਆਂ ਦੇ ਟਿਕਾਣਿਆਂ ਵੱਲ ਸੀ। ਇਸ ਉਦਾਸੀ ਦੇ ਕੁਝ ਚੋਣਵੇਂ ਪੜਾਅ:-

ਸੁਮੇਰ ਪਰਬਤ ਦੀਆਂ ਗੁਫਾਵਾਂ ਵਿਚ ਸਿੱਧ, ਜੋਗੀ ਤੇ ਨਾਥ ਨਿਵਾਸ ਕਰਦੇ ਸਨ। ਇਥੇ ਗੁਰੂ ਸਾਹਿਬ ਦੀਆਂ ਸਿੱਧਾਂ ਨਾਲ ਧਾਰਮਿਕ ਗੋਸ਼ਟੀਆਂ ਹੋਈਆਂ। ਜੋ ਸਿੱਧ ਜੋਗੀ ਗੁਰੂ ਜੀ ਦੇ ਤਰਕ ਦਾ ਸਾਹਮਣਾ ਨਾ ਕਰ ਸਕੇ, ਤਾਂ ਉਨ੍ਹਾਂ ਨੇ ਕਰਾਮਾਤੀ ਚੱਕਰ ਚਲਾਉਣੇ ਸ਼ੁਰੂ ਕਰ ਦਿੱਤੇ ਪਰ ਇਹ ਚੱਕਰ ਵੀ ਗੁਰੂ ਸਾਹਿਬ ’ਤੇ ਕੋਈ ਪ੍ਰਭਾਵ ਨਾ ਪਾ ਸਕੇ। ਅਖੀਰ ਸਿੱਧਾਂ ਨੇ ਗੁਰੂ ਜੀ ਦੇ ਦਲੀਲਮਈ ਵਿਚਾਰਾਂ ਅੱਗੇ ਹਥਿਆਰ ਸੁੱਟ ਦਿੱਤੇ। ਸੁਮੇਰ ਪਰਬਤ ਤੋਂ ਬਾਅਦ ਗੁਰੂ ਜੀ ਨੇਪਾਲ ਪਹੁੰਚੇ ਅਤੇ ਉਥੋਂ ਦੇ ਰਾਜੇ ਰਘਬੀਰ ਨੂੰ ਆਪਣਾ ਸੇਵਕ ਬਣਾਇਆ।

ਕਸ਼ਮੀਰ ਦੇ ਇਲਾਕੇ ਵਿਚ ਗੁਰੂ ਜੀ ਨੇ ਸ੍ਰੀਨਗਰ, ਮਟਨ ਸਾਹਿਬ, ਅਮਰਨਾਥ ਅਤੇ ਵੈਸ਼ਨੋ ਸਾਹਿਬੀ ਦਾ ਰਟਨ ਕੀਤਾ ਅਤੇ ਲੋਕਾਂ ਨੂੰ ਸੱਚ ਦਾ ਰਾਹ ਵਿਖਾਇਆ।

ਜੰਮੂ ਵਿਚ ਆਪ ਨੇ ਰਘੂਨਾਥ ਮੰਦਰ ਵਿਚ ਟਿਕਾਣਾ ਕੀਤਾ ਅਤੇ ਇਥੇ ਜੁੜੀ ਲੋਕਾਈ ਨੂੰ ਪੱਥਰ ਪੂਜਣ ਤੋਂ ਵਰਜਿਆ।

ਸਿਆਲਕੋਟ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਪੀਰ ਹਮਜ਼ਾ ਗੌਂਸ ਨੂੰ ਸਿੱਧੇ ਰਾਹੇ ਪਾਇਆ ਅਤੇ ਮੌਤ ਦੀ ਸੱਚਾਈ ਨੂੰ ਬਿਆਨ ਕੀਤਾ।

ਇਸ ਉਦਾਸੀ ਦਾ ਛੇਕੜਲਾ ਪੜਾਅ ਪਸਰੂਰ ਸੀ। ਇਥੇ ਗੁਰੂ ਜੀ ਦੀ ਮੀਆਂ ਮਿੱਠਾ ਰਾਮ ਦੇ ਫਕੀਰ ਨਾਲ ਚਰਚਾ ਹੋਈ ਅਤੇ ਆਪ ਨੇ ਉਸ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ।

**ਤੀਜੀ ਉਦਾਸੀ:**- ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਉਦਾਸੀ ਮੁਸਲਮਾਨੀ ਮੱਤ ਦੇ ਧਾਰਮਿਕ ਸਥਾਨਾਂ ਵੱਲ ਸੀ। ਤਿੰਨ ਵਰ੍ਹਿਆਂ ਦੀ ਇਸ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮ ਧਰਮ ਦੇ ਪੀਰਾਂ, ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅੱਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਵਹਾਰ ਤੋਂ ਪ੍ਰਹੇਜ਼ ਕਰਨ ਦਾ ਉਪਦੇਸ਼ ਦਿੱਤਾ।

ਪਾਕਪਟਨ ਦਾ ਪਹਿਲਾ ਨਾਂ ਅਜੋਧਨ ਸੀ। ਗੁਰੂ ਸਾਹਿਬ ਉਥੇ ਬਾਬਾ ਸ਼ੇਖ ਫਰੀਦ ਦੇ 11ਵੇਂ ਗੱਦੀ-ਨਸ਼ੀਨ ਬਾਬਾ ਸ਼ੇਖ ਬ੍ਰਹਮ ਨੂੰ ਮਿਲੇ ਅਤੇ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕੀਤੀ, ਜੋ ਗੁਰਮਤਿ ਦੀ ਅਨੁਸਾਰੀ ਸੀ।

ਇਸ ਤੋਂ ਅਗਲੇਰਾ ਪੈਂਡਾ ਤਹਿ ਕਰਦੇ ਗੁਰੂ ਜੀ ਤੁਲੰਬੇ ਜੋ ਲਾਹੌਰ ਤੋਂ ਮੁਲਤਾਨ ਵਾਲੀ ਸੜਕ ਉਤੇ ਸਥਿਤ ਹੈ, ਪਹੁੰਚੇ। ਇਥੋਂ ਦਾ ਵਸਨੀਕ ਸੱਜਣ ਮੱਲ ਪਹਿਲਾਂ ਆਏ-ਗਏ ਨੂੰ ਆਪਣੇ ਮੁਸਾਫਰਖਾਨੇ ਵਿਚ ਠਹਿਰਾ ਦਿੰਦਾ ਸੀ, ਪਰ ਬਾਅਦ ਵਿਚ ਲਾਲਚ ਵੱਸ ਆ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨੇ ਸਮੇਤ ਉਸ ਕੋਲ ਪਹੁੰਚੇ, ਤਾਂ ਉਸ ਨੇ ਅਜਿਹੇ ਪਾਪਾਂ ਤੋਂ ਤੌਬਾ ਕੀਤੀ ਅਤੇ ਧਰਮੀ ਬੰਦਾ ਬਣਨ ਦਾ ਵਚਨ ਦਿੱਤਾ। ਮੱਕਾ ਅਰਬ ਦੇਸ਼ ਦਾ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਸ਼ਹਿਰ ਹੈ। ਇਥੇ ਇਸਲਾਮ ਦੇ ਪੈਰੋਕਾਰਾਂ ਦਾ ਤੀਰਥ ਸਥਾਨ ਕਾਅਬਾ ਵਾਕਿਆ ਹੈ। ਇਥੇ ਆਪ ਨੇ ਮੁਸਲਮਾਨ ਕਾਜ਼ੀਆਂ, ਪੀਰਾਂ ਅਤੇ ਫਕੀਰਾਂ ਨੂੰ ਖ਼ੁਦਾ ਦੀ ਸਰਵਵਿਆਪਕਤਾ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਤੰਗਦਿਲੀ ਵਾਲੇ ਭਰਮ ਨੂੰ ਤੋੜਿਆ।


ਇਰਾਕ ਦੇ ਸ਼ਹਿਰ ਬਗਦਾਦ ਦੇ ਵਸਨੀਕ ਸੰਗੀਤ ਨੂੰ ਨਫ਼ਰਤ ਕਰਦੇ ਸਨ ਪਰ ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਜੇਕਰ ਸੰਗੀਤ ਦਾ ਉਦੇਸ਼ ਮਾੜਾ ਨਾ ਹੋਵੇ, ਤਾਂ ਇਹ ਇੱਕ ਸਰਵੋਤਮ ਵਸਤੂ ਹੋ ਨਿਬੜਦਾ ਹੈ।

ਹਸਨ ਅਬਦਾਲ ਵਿਖੇ ਗੁਰੂ ਨਾਨਕ ਸਾਹਿਬ ਜੀ ਨੇ ਇੱਕ ਕਰਾਮਾਤੀ ਫ਼ਕੀਰ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਜਿਸ ਨੇ ਆਪਣੇ ਆਪ ਨੂੰ ਕਰਾਮਾਤੀ ਸਮਝਦਿਆਂ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਨਾਲ ਬੁਰਾ ਵਿਵਹਾਰ ਕੀਤਾ ਸੀ। ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ, ਤਾਂ ਉਸ ਨੇ ਗੁਰੂ ਜੀ ਦੇ ਚਰਨੀਂ ਢਹਿ ਕੇ ਭੁੱਲ ਬਖਸ਼ਾਈ। ਇਥੇ ਇਸ ਘਟਨਾ ਨੂੰ ਤਾਜ਼ਾ ਕਰਦਿਆਂ ਹੋਇਆ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ।

ਸਿੱਖ ਇਤਿਹਾਸ ਵਿਚ ਸੈਦਪੁਰ ਦੀ ਘਟਨਾ ਵੀ ਸੁਨਹਿਰੀ ਅੱਖਰਾਂ ਵਿਚ ਲਿਖੀ ਹੋਈ ਮਿਲਦੀ ਹੈ। ਇਥੇ ਆਪ ਸਿੱਖ ਸ਼ਰਧਾਲੂ ਭਾਈ ਲਾਲੋ ਦੇ ਘਰ ਠਹਿਰੇ। ਇਸੇ ਠਹਿਰ ਸਮੇਂ ਬਾਬਰ ਦਾ ਹਮਲਾ ਹੋ ਗਿਆ। ਇਸ ਹਮਲੇ ਤਹਿਤ ਮਾਰਧਾੜ ਅਤੇ ਲੁੱਟ ਕਾਰਨ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਏ, ਜੋ ਪ੍ਰਾਣੀ ਬਚ ਗਏ ਸਨ, ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਗੁਰੂ ਜੀ ਵੀ ਭਾਈ ਮਰਦਾਨੇ ਸਮੇਤ ਕੈਦ ਹੋ ਗਏ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਸਾਹਿਬ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।

ਉਪਰੋਕਤ ਦੀ ਰੌਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਰੱਬੀ ਰੂਪ ਗੁਰੂ ਨਾਨਕ ਸਾਹਿਬ ਜੀ ਨੂੰ ਉਸ ਵਕਤ ਦੁਨੀਆਂ ਭਰ ਦੀ ਲੋਕਾਈ ਦੇ ਨਾਲ ਹੁੰਦੇ ਧੱਕੇ ਅਤੇ ਬੇਇਨਸਾਫ਼ੀ ਦਾ ਇਲਮ ਸੀ। ਸਿਰਫ਼ ਇਲਮ ਹੀ ਨਹੀਂ, ਸਗੋਂ ਗੁਰੂ ਜੀ ਦੇ ਮਨ ਮੰਦਰ ਵਿਚ ਲੋਕਾਂ ਦਾ ਦਰਦ ਵੀ ਸੀ। ਇਸ ਦਰਦ ਨੂੰ ਵੰਡਾਉਣ ਲਈ ਉਨ੍ਹਾਂ ਦੇਸ਼-ਵਿਦੇਸ਼ ਦਾ ਕੋਹਾਂ ਮੀਲ ਪੈਂਡਾ ਤਹਿ ਕੀਤਾ। ਇਹ ਇੱਕ ਅਜਿਹਾ ਬਿਖੜਿਆ ਪੈਂਡਾ ਸੀ, ਜਿਸ ਉਪਰ ਚਲਣਾ ਗੁਰੂ ਨਾਨਕ ਮਹਾਰਾਜ ਜੀ ਵਰਗੇ ਦਲੇਰ, ਫਿਲਾਸਫਰ ਅਤੇ ਸੱਚ ਦੇ ਵਪਾਰੀ ਮਹਾਂਪੁਰਖ ਦੇ ਹੀ ਹਿੱਸੇ ਆ ਸਕਦਾ ਹੈ।

# ਜਗਤ ਜਲੰਦੇ ਨੂੰ ਤਾਰਨ ਆਏ ਸ੍ਰੀ ਗੁਰੂ ਨਾਨਕ ਦੇਵ ਜੀ





-ਹੈੱਡ ਮਾਸਟਰ ਜਸਵਿੰਦਰ ਸਿੰਘ ਜਿਉਣਪੁਰਾ
ਤਹਿ ਪਾਤੜਾਂ, ਜ਼ਿਲ੍ਹਾ ਪਟਿਆਲਾ
ਮੋ: ਨੰਬਰ 98768-55004
ਪੰਜਾਬ ਮੇਲ USA

ਗੁਰੂ ਜੀ ਬਚਪਨ ਤੋਂ ਹੀ ਪ੍ਰਮੇਸ਼ਰ ਨਾਲ ਬਿਰਤੀ ਜੋੜ ਕੇ ਰੱਖਣ ਵਾਲੇ ਸਨ। ਉਹ ਬਾਲਕਾ ਨਾਲ ਖੇਡਾਂ ਖੇਡਦੇ ਵੀ ਅਕਾਲ ਪੁਰਖ ਦੀਆਂ ਕਹਾਣੀਆਂ ਹੀ ਸੁਣਾਇਆ ਕਰਦੇ ਸਨ। ਜਿਸ ਵੇਲੇ ਪਾਂਧੇ ਕੋਲ ਪੜ੍ਹਨ ਗਏ। ਉਸ ਨੂੰ ਵੀ ਅਕਾਲ ਪੁਰਖ ਦੀ ਪੜ੍ਹਾਈ ਕਰਾ ਕੇ ਹੀ ਵਾਪਸ ਆਏ। ਕਦੇ ਸੱਚੇ ਪਾਤਸ਼ਾਹ ਨੇ ਵੈਦ ਨੂੰ ਉਪਦੇਸ਼ ਦਿੱਤਾ, ਕਦੇ ਪਾਂਧੇ ਨੂੰ ਤੇ ਕਦੇ ਮੌਲਾਣੇ ਨੂੰ ਉਪਦੇਸ਼ ਦਿੱਤਾ। ਇਸੇ ਤਰ੍ਹਾਂ ਹਰਦਿਆਲ ਦਾਸ ਪਾਂਧੇ ਨੂੰ ਉਪਦੇਸ਼ ਦਿੱਤਾ ਕਿ ਜਨੇਉ ਅਸਾਂ ਨਹੀਂ ਧਾਰਨ ਕਰਨਾ। ਜੇ ਸੱਚ ਦਾ ਜਨੇਉ ਹੈ, ਤਾਂ ਉਹ ਦੇਣਾ ਕਰ, ਜਿਵੇਂ ਸਾਹਿਬ ਨੇ ਲਿਖਿਆ:-
ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

**ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ॥**

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਇਹ ਬਚਨ ਸਿੱਧ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਮਹਾਰਾਜ ਸੱਚ ਦਾ ਸੂਰਜ ਬਣ ਕੇ ਇਸ ਧਰਤੀ 'ਤੇ ਪ੍ਰਗਟ ਹੋਏ, ਜਿਨ੍ਹਾਂ ਦੇ ਪ੍ਰਕਾਸ਼ ਦੇ ਨਾਲ ਇਸ ਧਰਤੀ ਦਾ ਅਗਿਆਨ ਹਨੇਰੇ ਦੀ ਤਰ੍ਹਾਂ ਦੂਰ ਹੋ ਗਿਆ, ਜਿਵੇਂ ਇੱਕ ਸੂਰਜ ਚੜ੍ਹਨ ਦੇ ਨਾਲ ਰਾਤਰੀ ਦਾ ਹਨੇਰਾ ਦੂਰ ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਆਉਣ ਤੋਂ ਪਹਿਲਾਂ ਇਸ ਧਰਤੀ 'ਤੇ ਅਨੇਕਾਂ ਹੀ ਪਾਪ ਹੁੰਦੇ ਸਨ। ਅਨੇਕਾਂ ਧੀਆਂ-ਭੈਣਾਂ ਦੀ ਬੇਪਤੀ ਹੁੰਦੀ ਸੀ। ਰਾਜੇ ਪਾਪ ਕਮਾਉਂਦੇ ਸਨ। ਪਰਜਾ ਵੀ ਅੰਧੀ ਹੋਈ ਪਈ ਸੀ। ਚਾਰੇ ਪਾਸੇ ਅਗਿਆਨਤਾ ਦਾ ਹਨੇਰ ਫੈਲਿਆ ਹੋਇਆ ਸੀ। ਕਾਜੀ ਜਿਹੜੇ ਧਰਮ ਦਾ ਨਿਆਂ ਕਰਨ ਵਾਲੇ ਸਨ, ਉਹ ਵੀ ਅੱਤ ਦਰਜੇ ਦੇ ਰਿਸ਼ਵਤੀ ਹੋ ਚੁੱਕੇ ਸਨ। ਗੁਰੂ ਵੀ ਹੋਰ ਹੋ ਚੁੱਕੇ ਸੀ ਤੇ ਚੇਲੇ ਵੀ ਹੋਰ ਹੋ ਚੁੱਕੇ ਸਨ। ਗੱਲ ਕੀ ਸਾਰੀ ਕਾਇਨਾਤ ਵਿਚ ਪਾਪ ਹੀ ਪਾਪ ਵਰਤਿਆ ਹੋਇਆ ਸੀ। ਭਾਈ ਸਾਹਿਬ ਜੀ ਲਿਖਦੇ ਹਨ:-

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥

ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥

ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤਿ ਮੁਖਹੁ ਅਲਾਈ॥

ਕਾਜੀ ਹੋਇ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ॥

ਇਸ ਤਰ੍ਹਾਂ ਸਾਰੇ ਪਾਸੇ ਕੂੜ ਦਾ ਹੀ ਬੋਲਬਾਲਾ ਸੀ। ਸੱਚੇ ਪਾਤਸ਼ਾਹ ਜੀ ਕਹਿੰਦੇ:-

ਹਉ ਭਾਲਿ ਵਿਕੁਨੀ ਹੋਈ॥ ਅੰਧੇਰੇ ਰਾਹੁ ਨ ਕੋਈ॥

ਸੱਚ ਦਾ ਸੂਰਜ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਚਾਰੇ ਪਾਸੇ ਅਗਿਆਨਤਾ ਦਾ ਹਨੇਰਾ ਹੀ ਦਿੱਸਦਾ ਸੀ, ਜਿਵੇਂ ਸਾਹਿਬ ਨੇ ਲਿਖਿਆ:-ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਸੱਚ ਦਾ ਚੰਦਰਮਾ ਕਿਤੇ ਵੀ ਦਿਸਿਆ ਨਹੀਂ ਸੀ। ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਇਹ ਹਨੇਰੇ ਭਰੇ ਭਿਆਨਕ ਸਮੇਂ ਦੇ ਵਿਚ ਦੁਖੀ ਹੋ ਕਰਕੇ, ਜਿਸ ਵੇਲੇ ਧਰਤੀ ਨੇ ਪੁਕਾਰ ਕੀਤੀ। ਫਿਰ ਇਹ ਧਰਤੀ 'ਤੇ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਭਾਈ ਸਾਹਿਬ ਲਿਖਦੇ ਨੇ:-

ਸੁਣੀ ਪੁਕਾਰਿ ਦਾਤਾਰ ਪ੍ਰਭ ਗੁਰੂ ਨਾਨਕ ਜਗ ਮਾਹਿ ਪਠਾਇਆ॥

ਧਰਤੀ ਦੀ ਪੁਕਾਰ ਸੁਣ ਕੇ ਅਕਾਲਪੁਰਖ ਨੇ ਇਹ ਧਰਤੀ 'ਤੇ ਆਪ ਗੁਰੂ ਨਾਨਕ ਸਰੂਪ ਹੋ ਕਰਕੇ ਰਾਏ ਭੋਇ ਦੀ ਤਲਵੰਡੀ ਵਿਖੇ ਅਵਤਾਰ ਧਾਰਨ ਕੀਤਾ। 1469 ਈਸਵੀ ਨੂੰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪਵਿੱਤਰ ਆਤਮਾ ਗਿਆਨ ਦੀ ਮੂਰਤ ਅਤੀ ਸਤਿਕਾਰਤ ਮਾਤਾ ਤ੍ਰਿਪਤਾ ਜੀ ਦੀ ਪਾਵਨ ਕੁੱਖ ਵਿਚੋਂ ਪਿਤਾ ਸਤਿਕਾਰਯੋਗ ਬਾਬਾ ਮਹਿਤਾ ਕਾਲੂ ਜੀ ਦੇ ਗ੍ਰਿਹਿ ਵਿਖੇ ਹੋਇਆ। ਭੱਟਾਂ ਨੇ ਆਪਣੇ ਸਵਈਆਂ ਅੰਦਰ ਜ਼ਿਕਰ ਕੀਤਾ-

ਆਪਿ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ।

ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥

ਨਿਰੰਕਾਰ ਆਪ ਗੁਰੂ ਨਾਨਕ ਸਰੂਪ ਹੋ ਕਰਕੇ ਰਾਏ ਭੋਇ ਦੀ ਤਲਵੰਡੀ ਵਿਖੇ ਪ੍ਰਗਟ ਹੋਏ। ਗੁਰੂ ਸਾਹਿਬ ਜੀ ਦੇ ਇਕ ਵੱਡੀ ਭੈਣ ਜੀ ਵੀ ਸਨ, ਜਿਸ ਨੂੰ ਬੇਬੇ ਨਾਨਕੀ ਦੇ ਨਾਮ ਦੇ ਨਾਲ ਸਿੱਖ ਇਤਿਹਾਸ ਵਿਚ ਜਾਣਿਆ ਜਾਂਦਾ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਸਮੁੱਚੀ ਰਾਏ ਭੋਇ ਦੀ ਤਲਵੰਡੀ ਵਿਚ ਗਿਆਨ ਦੀਆਂ ਖੁਸ਼ਬੂਆਂ ਆਉਣ ਲੱਗੀਆਂ। ਚਾਰੇ ਪਾਸੇ ਮਿੱਠੀ-ਮਿੱਠੀ ਹਵਾ ਚੱਲਣ ਲੱਗੀ। ਭਾਈ ਸੰਤੋਖ ਸਿੰਘ ਜੀ ਨੇ ਇਥੋਂ ਤੱਕ ਲਿਖਿਆ ਕਿ ਸਾਰੇ ਪਾਸੇ ਧਰਤੀ 'ਚ ਹਰਿਆਵਲ ਹੀ ਹਰਿਆਵਲ ਆ ਗਈ। ਜਿਵੇਂ ਗੁਰੂ ਸਾਹਿਬ ਨੇ ਵੀ ਕਿਹਾ:-

ਸਾ ਧਰਤੀ ਭਈ ਹਰਿਆਵਲੀ ਜਿਥੇ ਮੇਰਾ ਸਤਿਗੁਰ ਬੈਠਾ ਆਇ॥

ਗੁਰੂ ਜੀ ਬਚਪਨ ਤੋਂ ਹੀ ਪ੍ਰਮੇਸ਼ਰ ਨਾਲ ਬਿਰਤੀ ਜੋੜ ਕੇ ਰੱਖਣ ਵਾਲੇ ਸਨ। ਉਹ ਬਾਲਕਾ ਨਾਲ ਖੇਡਾਂ ਖੇਡਦੇ ਵੀ ਅਕਾਲ ਪੁਰਖ ਦੀਆਂ ਕਹਾਣੀਆਂ ਹੀ ਸੁਣਾਇਆ ਕਰਦੇ ਸਨ। ਜਿਸ ਵੇਲੇ ਪਾਂਧੇ ਕੋਲ ਪੜ੍ਹਨ ਗਏ। ਉਸ ਨੂੰ ਵੀ ਅਕਾਲ ਪੁਰਖ ਦੀ ਪੜ੍ਹਾਈ ਕਰਾ ਕੇ ਹੀ ਵਾਪਸ ਆਏ। ਕਦੇ ਸੱਚੇ ਪਾਤਸ਼ਾਹ ਨੇ ਵੈਦ ਨੂੰ ਉਪਦੇਸ਼ ਦਿੱਤਾ, ਕਦੇ ਪਾਂਧੇ ਨੂੰ ਤੇ ਕਦੇ ਮੌਲਾਣੇ ਨੂੰ ਉਪਦੇਸ਼ ਦਿੱਤਾ। ਇਸੇ ਤਰ੍ਹਾਂ ਹਰਦਿਆਲ ਦਾਸ ਪਾਂਧੇ ਨੂੰ ਉਪਦੇਸ਼ ਦਿੱਤਾ ਕਿ ਜਨੇਉ ਅਸਾਂ ਨਹੀਂ ਧਾਰਨ ਕਰਨਾ। ਜੇ ਸੱਚ ਦਾ ਜਨੇਉ ਹੈ, ਤਾਂ ਉਹ ਦੇਣਾ ਕਰ, ਜਿਵੇਂ ਸਾਹਿਬ ਨੇ ਲਿਖਿਆ:-

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥

ਇਸੇ ਤਰ੍ਹਾਂ ਗੁਰੂ ਸਾਹਿਬ ਨੇ ਰਾਏ ਬੁਲਾਰ ਰਾਜੇ ਨੂੰ ਉਪਦੇਸ਼ ਦਿੱਤਾ। ਗੁਰੂ ਸਾਹਿਬ ਜੀ ਨੇ ਜਿਸ ਵੇਲੇ ਧਿਆਨ ਧਾਰ ਕੇ ਦੇਖਿਆ। ਸਾਰੀ ਕਾਇਨਾਤ ਜਲਦੀ ਨਜ਼ਰ ਆਈ, ਜਿਹਨੂੰ ਭਾਈ ਗੁਰਦਾਸ ਜੀ ਲਿਖਦੇ ਨੇ:-

ਬਾਬਾ ਦੇਖੋ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥

ਸਾਰੀ ਧਰਤੀ ਜਲਦੀ ਨਜ਼ਰ ਆਈ ਸੱਚੇ ਪਾਤਸ਼ਾਹ ਜੀ, ਫਿਰ ਉਹ ਜਗਤ ਜਲੰਦੇ ਨੂੰ ਤਾਰਨ ਦੇ ਲਈ:-

ਚੜਿਆ ਸੋਧਣ ਧਰਤਿ ਲੁਕਾਈ॥

ਸੰਸਾਰ ਦੇ ਉਧਾਰ ਲਈ ਸਤਿਗੁਰੂ ਜੀ ਨੇ ਚਾਰ ਮਹੱਤਵਪੂਰਨ ਉਦਾਸੀਆਂ ਕੀਤੀਆਂ। ਇਨ੍ਹਾਂ ਵਿਚ ਗੁਰੂ ਜੀ ਨੇ ਲੋਕਾਂ ਨੂੰ ਧਰਮ ਦਾ ਅਸਲੀ ਮਤਲਬ ਸਮਝਾਉਣ ਦਾ ਜਤਨ ਕੀਤਾ। ਗੁਰੂ ਜੀ ਦਾ ਲੋਕਾਂ ਨੂੰ ਸਮਝਾਉਣ ਦਾ ਢੰਗ ਵੀ ਨਿਰਾਲਾ ਸੀ। ਹਰਿਦੁਆਰ ਜਾ ਕੇ ਗੰਗਾ ਦੇ ਪਾਣੀ ਨੂੰ ਪੂਰਬ ਦੀ ਬਜਾਏ ਪੱਛਮ ਵੱਲ ਸੁੱਟ ਕੇ ਲੋਕਾਂ ਦਾ ਭਰਮ ਦੂਰ ਕੀਤਾ। ਮੱਕੇ ਜਾ ਕੇ ਕਾਅਬੇ ਵੱਲ ਪੈਰ ਕਰਕੇ ਸੋ ਗਏ, ਤਾਂ ਕਿ ਸਮਝਾਇਆ ਜਾ ਸਕੇ ਕਿ ਪ੍ਰਮਾਤਮਾ ਹਰ ਦਿਸ਼ਾ ਵਿਚ ਹੈ।

ਆਪ ਜੀ ਨੇ 19 ਰਾਗਾਂ ਵਿਚ ਬਾਣੀ ਰਚੀ, ਜਿਹੜੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। 'ਜਪੁਜੀ' ਅਤੇ 'ਆਸਾਂ ਕੀ ਵਾਰ' ਆਪ ਜੀ ਦੀਆਂ ਪ੍ਰਸਿੱਧ ਰਚਨਾਵਾਂ ਹਨ।

ਗੁਰੂ ਜੀ ਮਹਾਨ ਕਵੀ ਹੋਣ ਦੇ ਨਾਲ-ਨਾਲ ਇਕ ਚੰਗੇ ਸਮਾਜ ਸੁਧਾਰਕ ਵੀ ਸਨ। ਸਮਾਜਿਕ ਕੁਰੀਤੀਆਂ ਆਪ ਜੀ ਦੀ ਮਹਾਨ ਨਜ਼ਰ ਤੋਂ ਪਰੇ ਨਹੀਂ ਸਨ ਰਹਿ ਸਕੀਆਂ। ਉਸ ਵੇਲੇ ਸਮਾਜ ਵਿਚ ਔਰਤ ਦੀ ਖਰਾਬ ਹਾਲਤ ਅਤੇ ਉਸ ਉਪਰ ਹੋ ਰਹੇ ਸਮਾਜਿਕ ਅੱਤਿਆਚਾਰਾਂ ਨੂੰ ਅਨੁਭਵ ਕੀਤਾ ਅਤੇ ਇਸ ਦਾ ਜਮ ਕੇ ਵਿਰੋਧ ਕੀਤਾ। ਇਸ ਤੋਂ ਇਲਾਵਾਂ ਗੁਰੂ ਜੀ ਨੇ ਹੋਰ ਸਮਾਜਿਕ ਬੁਰਾਇਆਂ ਜਿਵੇਂ-ਛੂਤ ਜਾਤ, ਸੂਤਕ ਮੂਰਤੀ ਪੂਜਾ ਅਤੇ ਹੋਰ ਵੀ ਕਈ ਵਹਿਮਾਂ-ਭਰਮਾ ਦਾ ਡੱਟ ਕੇ ਵਿਰੋਧ ਕੀਤਾ। ਆਓ ਅੱਜ ਲੋੜ ਹੈ ਸਾਡੇ ਨੌਜਵਾਨ ਵੀਰਾਂ, ਭੈਣ-ਭਰਾਵਾਂ ਨੂੰ ਕਿ ਅਸੀਂ ਆਪਣੇ ਗੁਰੂ ਸਾਹਿਬ ਜੀ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਜਤਨ ਕਰੀਏ, ਤਾਂ ਹੀ ਸਾਡਾ ਜੀਵਨ ਵਧੀਆ ਬਣ ਸਕਦਾ ਹੈ ਅਤੇ ਆਪ ਜੀ ਨੇ 1539 ਈਸਵੀ ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਭਾਈ ਲਹਿਣਾ ਜੀ ਨੂੰ ਗੁਰਤਾਗੱਦੀ ਬਖਸ਼ਿਸ਼ ਕੀਤੀ, ਜੋ ਕਿ ਬਾਅਦ ਵਿਚ ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ ਪ੍ਰਸਿੱਧ ਹੋਏ।

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ

ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਮੋਗਾ
ਵਟਸਐਪ: +91-97-810-40140
ਪੰਜਾਬ ਮੇਲ USA



ਗੁਰੂ ਨਾਨਕ ਦੇਵ ਜੀ ਨੇ ਬੂੜੇ ਨੂੰ ਗਲ ਨਾਲ ਲਾਇਆ ਅਤੇ ਉਨ੍ਹਾਂ ਕਿਹਾ ਕਿ ਤੂੰ ਅਜੇ ਬੱਚਾ ਏਂ ਪਰ ਤੇਰੀ ਸੋਚ ਬੁੱਢਿਆਂ ਵਾਲੀ ਹੈ, ਤੂੰ ਤਾਂ ਸਾਡਾ ਬੁੱਢਾ ਹੈਂ, ਤੂੰ ਸਿਮਰਨ ਕਰਿਆ ਕਰ, ਸਭ ਭਲੀ ਹੋਵੇਗੀ। ਬਾਅਦ ਵਿਚ ਉਨ੍ਹਾਂ ਦਾ ਨਾਂਅ ਬੂੜਾ ਤੋਂ ਬਾਬਾ ਬੁੱਢਾ ਜੀ ਪੈ ਗਿਆ। ਜਦ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸੰਪੂਰਨ ਕਰ ਲਈਆਂ, ਤਦ ਬਾਬਾ ਬੁੱਢਾ ਜੀ, ਗੁਰੂ ਨਾਨਕ ਦੇਵ ਜੀ ਕੋਲ ਆਏ ਅਤੇ ਗੁਰੂ ਘਰ ਦੀ ਸੇਵਾ ਵਿਚ ਜੁੱਟ ਗਏ। ਉਹ ਦਿਨ ਵਿਚ ਸੰਗਤਾਂ ਦੀ ਸੇਵਾ ਕਰਦੇ ਅਤੇ ਖੇਤਾਂ ਵਿਚ ਵਾਹੀ ਦਾ ਕੰਮ ਕਰਦੇ ਸਨ ਅਤੇ ਨਾਲ ਗੁਰੂ ਦਾ ਨਾਮ ਜਪਦੇ ਸਨ। ਸੰਨ 1523 'ਚ ਉਨ੍ਹਾਂ ਦਾ ਵਿਆਹ ਪਿੰਡ ਬਟਾਲੇ ਵਿਖੇ ਬੀਬੀ ਮਿਰੋਅ ਨਾਲ ਹੋਇਆ। ਉਨ੍ਹਾਂ ਦੇ ਚਾਰ ਪੁੱਤਰ ਭਾਈ ਸੁਧਾਰੀ ਜੀ, ਭਾਈ ਬਿਖਾਰੀ ਜੀ, ਭਾਈ ਮਹਿਮੂ ਜੀ, ਭਾਈ ਭਾਨਾ ਜੀ ਹੋਏ।



**113** ਸਾਲ ਲੰਬਾ ਸਮਾਂ ਸਿੱਖੀ ਕਮਾਉਣ ਵਾਲੇ, ਪੰਜ ਪਾਤਿਸ਼ਾਹੀਆਂ ਨੂੰ ਗੁਰਤਾਗੱਦੀ ਨੂੰ ਤਿਲਕ ਲਗਾਉਣ ਵਾਲੇ ਅਤੇ 6 ਪਾਤਿਸ਼ਾਹੀਆਂ ਦੇ ਦਰਸ਼ਨ ਕਰਨ ਵਾਲੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ 22 ਅਕਤੂਬਰ 1506 ਈਸਵੀ ਨੂੰ ਪਿਤਾ ਭਾਈ ਸੁੱਖੇ ਰੰਧਾਵੇ ਜੀ ਅਤੇ ਮਾਤਾ ਮੌਰਾਂ ਜੀ ਦੇ ਘਰ ਪਿੰਡ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਨ੍ਹਾਂ ਦੇ ਮਾਤਾ-ਪਿਤਾ ਨੇ, ਉਨ੍ਹਾਂ ਦਾ ਨਾਂਅ ਬੂੜਾ ਰੱਖਿਆ ਅਤੇ ਪਿੰਡ ਦੇ ਲੋਕ ਬਚਪਨ ਵਿਚ ਉਨ੍ਹਾਂ ਨੂੰ ਬੂੜਾ ਕਹਿੰਦੇ ਸਨ। ਸੰਨ 1518 ਈਸਵੀ ਵਿਚ ਬੂੜਾ ਦੀ ਉਮਰ 12 ਸਾਲ ਦੀ ਸੀ ਅਤੇ ਉਹ ਮੱਝਾਂ ਚਾਰ ਰਹੇ ਸਨ ਅਤੇ ਪਹਿਲੀ ਵਾਰ ਬਾਬਾ ਬੁੱਢਾ ਜੀ, ਗੁਰੂ ਨਾਨਕ ਦੇਵ ਜੀ ਨੂੰ ਪਿੰਡ ਰਮਦਾਸ ਦੀ ਹੱਦ 'ਤੇ ਮਿਲੇ ਅਤੇ ਉਸ ਸਮੇਂ ਭਾਈ ਮਰਦਾਨਾ ਵੀ ਨਾਲ ਸਨ। ਗੁਰੂ ਨਾਨਕ ਦੇਵ ਜੀ ਜਿਵੇਂ ਹੀ ਸਾਂਈ ਦਾ ਕੀਰਤਨ ਕੀਤਾ ਅਤੇ ਉਸ ਵੇਲੇ ਬਾਲ ਬੂੜਾ ਦੇ ਮਨ ਨੂੰ ਟੁੰਬਿਆ। ਉਹ ਆਪਣੇ ਘਰ ਗਿਆ ਅਤੇ ਆਪਣੀ ਮਾਂ ਨੂੰ ਕਹਿਣ ਲੱਗਾ ਕਿ ਮਾਂ ਅੱਜ ਜੰਗਲ ਵਿਚ ਰੱਬ ਦਾ ਪਿਆਰਾ ਆਇਆ ਹੈ ਅਤੇ ਉਨ੍ਹਾਂ ਦੇ ਮੁੱਖ ਵਿਚੋਂ ਅੰਮ੍ਰਿਤ ਬਾਣੀ ਨਿਕਲ ਰਹੀ ਹੈ। ਮਾਂ ਮੈਂ ਦੁੱਧ ਨਾਲ ਉਨ੍ਹਾਂ ਦੀ ਸੇਵਾ ਕਰਨੀ ਹੈ। ਦੁੱਧ ਲੈ ਕੇ ਜਦ ਬੂੜਾ ਜੀ ਗੁਰੂ ਨਾਨਕ ਦੇਵ ਜੀ ਸਾਹਮਣੇ ਆਏ, ਤਾਂ ਉਨ੍ਹਾਂ ਕਿਹਾ ਕਿ ਸੰਤ ਜੀ ਮੇਰੀ ਮਾਂ ਨੇ ਕਾੜਨੀ ਵਿਚੋਂ ਦੁੱਧ ਦਿੱਤਾ ਹੈ ਆਪ ਜੀ ਛਕੋ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਤੈਨੂੰ ਸਾਡੇ ਨਾਲ ਐਨਾ ਪਿਆਰ ਹੈ। ਬਾਲ ਬੂੜੇ ਨੇ ਕਿਹਾ ਕਿ ਦੁੱਧ ਛਕ ਕੇ ਗੁਰੂ ਘਰ ਦੀ ਗੱਲ ਸੁਣਾਓ, ਪ੍ਰਮਾਤਮਾ ਦੀ ਗੱਲ ਕਰੋ, ਮੇਰਾ ਜਨਮ ਮਰਨ ਕੱਟ ਦਿਓ। ਗੁਰੂ ਨਾਨਕ ਦੇਵ ਜੀ ਨੇ ਦੁੱਧ ਛਕਣ ਉਪਰੰਤ ਕਿਹਾ ਕਿ ਬੇਟਾ ਤੂੰ ਅਜੇ ਬੱਚਾ ਹੈਂ ਤੇ ਇਹ ਬੁੱਧੀ ਤੈਨੂੰ ਕਿੱਥੋਂ ਮਿਲੀ। ਬੂੜੇ ਨੇ ਕਿਹਾ ਕਿ ਕੁੱਝ ਸਮਾਂ ਪਹਿਲਾਂ ਮੁਗਲਾਂ ਦੀ ਫੌਜ ਸਾਡੇ ਪਿੰਡ ਆਈ ਤੇ ਸਾਡੀਆਂ ਕੱਚੀਆਂ-ਪੱਕੀਆਂ ਫਸਲਾਂ ਵੱਢ ਲਈਆਂ ਤੇ ਇਹ ਦੇਖ ਕੇ ਮਨ ਵਿਚ ਵਿਚਾਰ ਆਇਆ ਕਿ ਇਨ੍ਹਾਂ ਨੂੰ ਕਿਸੇ ਨੇ ਨਹੀਂ ਫੜਿਆ ਪਰ ਜਦੋਂ ਜਮਦੂਤ ਆਏ ਤਾਂ ਉਨ੍ਹਾਂ ਨੂੰ ਰੋਕੂਗਾ ਕੌਣ? ਗੁਰੂ ਨਾਨਕ ਦੇਵ ਜੀ ਨੇ ਬੂੜੇ ਨੂੰ ਗਲ ਨਾਲ ਲਾਇਆ ਅਤੇ ਉਨ੍ਹਾਂ ਕਿਹਾ ਕਿ ਤੂੰ ਅਜੇ ਬੱਚਾ ਏਂ ਪਰ ਤੇਰੀ ਸੋਚ ਬੁੱਢਿਆਂ ਵਾਲੀ ਹੈ, ਤੂੰ ਤਾਂ ਸਾਡਾ ਬੁੱਢਾ ਹੈਂ, ਤੂੰ ਸਿਮਰਨ ਕਰਿਆ ਕਰ, ਸਭ ਭਲੀ ਹੋਵੇਗੀ। ਬਾਅਦ ਵਿਚ ਉਨ੍ਹਾਂ ਦਾ ਨਾਂਅ ਬੂੜਾ ਤੋਂ ਬਾਬਾ ਬੁੱਢਾ ਜੀ ਪੈ ਗਿਆ। ਜਦ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸੰਪੂਰਨ ਕਰ ਲਈਆਂ, ਤਦ ਬਾਬਾ ਬੁੱਢਾ ਜੀ, ਗੁਰੂ ਨਾਨਕ ਦੇਵ ਜੀ ਕੋਲ ਆਏ ਅਤੇ ਗੁਰੂ ਘਰ ਦੀ ਸੇਵਾ ਵਿਚ ਜੁੱਟ ਗਏ। ਉਹ ਦਿਨ ਵਿਚ ਸੰਗਤਾਂ ਦੀ ਸੇਵਾ ਕਰਦੇ ਅਤੇ ਖੇਤਾਂ ਵਿਚ ਵਾਹੀ ਦਾ ਕੰਮ ਕਰਦੇ ਸਨ ਅਤੇ ਨਾਲ ਗੁਰੂ ਦਾ ਨਾਮ ਜਪਦੇ ਸਨ। ਸੰਨ 1523 'ਚ ਉਨ੍ਹਾਂ ਦਾ ਵਿਆਹ ਪਿੰਡ ਬਟਾਲੇ ਵਿਖੇ ਬੀਬੀ ਮਿਰੋਅ ਨਾਲ ਹੋਇਆ। ਉਨ੍ਹਾਂ ਦੇ ਚਾਰ ਪੁੱਤਰ ਭਾਈ ਸੁਧਾਰੀ ਜੀ, ਭਾਈ ਬਿਖਾਰੀ ਜੀ, ਭਾਈ ਮਹਿਮੂ ਜੀ, ਭਾਈ ਭਾਨਾ ਜੀ ਹੋਏ। ਸੰਨ 1539 ਈ: ਵਿਚ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਬਾਬਾ ਬੁੱਢਾ ਜੀ ਨੇ ਭਾਈ ਲਹਿਣਾ ਜੀ ਨੂੰ ਤਿਲਕ ਲਗਾਇਆ ਤੇ ਫਿਰ ਭਾਈ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਬਣ ਗਏ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਚਲੇ ਗਏ ਤੇ ਬਾਬਾ ਬੁੱਢਾ ਜੀ ਵੀ ਉੱਥੇ ਚਲੇ ਗਏ ਅਤੇ ਲੰਗਰ ਦੀ ਸੇਵਾ ਵਿਚ ਜੁਟ ਗਏ। ਸੰਨ 1552 'ਚ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਸਮੇਂ ਤਿਲਕ ਲਗਾਇਆ। ਗੁਰੂ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਦੂ ਨੇ ਗੁਰਗੱਦੀ 'ਤੇ ਆਪਣਾ ਹੱਕ ਜਤਾਇਆ ਅਤੇ ਉਸ ਸਮੇਂ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਛੱਡ ਕੇ ਆਪਣੇ ਪਿੰਡ ਬਾਸਰਕੇ ਚਲੇ ਗਏ ਅਤੇ ਘਰ ਵਿਚ ਦਰਵਾਜ਼ਾ ਬੰਦ ਕਰਕੇ ਭਗਤੀ ਕਰਨ ਲੱਗੇ ਅਤੇ ਉਸ ਸਮੇਂ ਗੁਰੂ ਜੀ ਨੇ ਹੁਕਮ ਕੀਤਾ ਕਿ ਕੋਈ ਵੀ ਦਰਵਾਜ਼ਾ ਨਾ ਖੋਲੇ, ਨਾ ਹੀ ਕੋਸ਼ਿਸ਼ ਕਰੇ, ਜੇ ਕੋਈ ਇਸ ਤਰ੍ਹਾਂ ਕਰੇਗਾ ਤਾਂ ਉਹ ਗੁਰੂ ਘਰ ਦਾ ਵਿਰੋਧੀ ਹੋਵੇਗਾ। ਉਸ ਸਮੇਂ ਬਾਬਾ ਬੁੱਢਾ ਜੀ ਨੇ ਸਿਆਣਪ ਵਰਤਦੇ ਹੋਏ ਘਰ ਦੇ ਸਾਹਮਣੇ ਦਾ ਦਰਵਾਜ਼ਾ ਖੋਲ੍ਹਣ ਦੀ ਬਜਾਏ ਘਰ ਦੇ ਪਿਛਲੇ ਪਾਸੇ ਵਾਲੀ ਕੰਧ ਵਿਚ ਸੰਨ ਲਾ ਕੇ ਘਰ ਅੰਦਰ ਵੜ੍ਹ ਗਏ ਅਤੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਸਾਹਿਬ ਨਾਲ ਵਿਚਾਰਾਂ ਕਰਕੇ ਉਹ ਗੁਰੂ ਸਾਹਿਬ ਨਾਲ ਹੀ ਗੋਇੰਦਵਾਲ ਸਾਹਿਬ ਆ ਗਏ। ਉਸ ਸਮੇਂ ਸਮਾਜ ਵਿਚ ਛੂਤਛਾਤ, ਊਚ-ਨੀਚ ਦੀ ਭਾਵਨਾ ਨੂੰ ਖਤਮ ਕਰਨ ਲਈ ਅਤੇ ਇਸਦੇ ਸਦੀਵੀ ਹੱਲ ਲਈ ਬਾਊਲੀ ਬਣਾਉਣੀ ਚਾਹੀ। ਇਸ ਬਾਊਲੀ ਦਾ ਪਹਿਲਾ ਟੱਕ ਸੰਨ 1552 ਵਿਚ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਤੋਂ ਲਗਵਾਇਆ। ਗੁਰੂ ਅਮਰਦਾਸ ਜੀ ਮਹਾਰਾਜ ਨੇ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ 22 ਮੰਜੀਆਂ ਦੀ ਸਥਾਪਨਾ ਕੀਤੀ ਅਤੇ ਜਿਸਦੇ ਮੁੱਖ ਪ੍ਰਬੰਧਕ ਬਾਬਾ ਬੁੱਢਾ ਜੀ ਥਾਪੇ ਗਏ। ਗੁਰੂ ਜੀ ਜਦ ਸੱਚਖੰਡ ਜਾਣ ਵਾਲੇ ਸਨ, ਤਾਂ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੇ ਨਿਸ਼ਕਾਮ ਸੇਵਕ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ 'ਤੇ ਤਿਲਕ ਲਾ ਕੇ ਬਿਰਾਜਮਾਨ ਕੀਤਾ ਅਤੇ ਤੀਸਰੇ ਗੁਰੂ ਸਾਹਿਬਾਨ ਦਾ ਅੰਤਮ ਸੰਸਕਾਰ ਵੀ ਆਪਣੇ ਹੱਥਾਂ ਨਾਲ ਕੀਤਾ।



ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਨਗਰ ਦੀ ਸਥਾਪਨਾ ਕੀਤੀ ਅਤੇ ਸਰੋਵਰ ਦੀ ਖੁਦਾਈ ਦਾ ਕੰਮ ਬਾਬਾ ਬੁੱਢਾ ਜੀ ਦੇ ਕਰ ਕਮਲਾਂ ਦੁਆਰਾ ਕਰਵਾਇਆ। ਬਾਬਾ ਬੁੱਢਾ ਜੀ ਬੇਰੀ ਹੇਠਾਂ ਬੈਠ ਕੇ ਸਮੁੱਚੇ ਕੰਮਕਾਰ ਦੀ ਦੇਖ-ਰੇਖ ਕਰਦੇ ਅਤੇ ਹੁਣ ਇਹ ਬੇਰੀ, ਬੇਰੀ ਬਾਬਾ ਬੁੱਢਾ ਜੀ ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਸੰਨ 1581 ਵਿਚ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਵੇਲੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਨਿਯੁਕਤ ਕੀਤਾ। ਉਸ ਸਮੇਂ ਬਾਬਾ ਬੁੱਢਾ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਅਤੇ ਸੰਗਤਾਂ ਨੂੰ ਪੜ੍ਹ ਕੇ ਸਰਵਣ ਕਰਵਾਇਆ। ਮਾਤਾ ਗੰਗਾ ਜੀ ਬਾਬਾ ਬੁੱਢਾ ਜੀ ਕੋਲ ਮਿੱਸੇ ਪ੍ਰਸ਼ਾਦੇ ਲੈ ਕੇ ਗਏ ਅਤੇ ਉਨ੍ਹਾਂ ਤੋਂ ਪੁੱਤਰ ਦੀ ਦਾਤ ਮੰਗੀ। ਉਸ ਸਮੇਂ ਬਾਬਾ ਬੁੱਢਾ ਜੀ ਨੇ ਕਿਹਾ ਕਿ ਤੁਹਾਡੇ ਘਰ ਮਹਾਂਬਲੀ ਯੋਧਾ ਪੈਦਾ ਹੋਵੇਗਾ, ਜਿਹੜਾ ਜ਼ਾਲਮਾਂ ਦਾ ਖਾਤਮਾ ਕਰੇਗਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰਾਜ ਤਿਲਕ ਲਗਾਇਆ ਅਤੇ ਗੁਰੂ ਜੀ ਨੇ ਸੰਨ 1609 ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਨੀਂਹ ਬਾਬਾ ਬੁੱਢਾ ਜੀ ਤੋਂ ਰਖਵਾਈ ਅਤੇ ਬਾਬਾ ਬੁੱਢਾ ਜੀ ਨੂੰ ਸਮੁੱਚੀ ਜ਼ਿੰਮੇਵਾਰੀ ਸੌਂਪ ਦਿੱਤੀ। ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ ਅਤੇ 65 ਤਰ੍ਹਾਂ ਦੀ ਗੁਰੂ ਵਿੱਦਿਆ ਦਿੱਤੀ। ਗਵਾਲੀਅਰ ਦੇ ਕਿਲ੍ਹੇ ਵਿਚ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਜਹਾਂਗੀਰ ਨੇ ਕੈਦ ਕਰਵਾ ਦਿੱਤਾ ਅਤੇ ਜਦੋਂ ਬਾਬਾ ਬੁੱਢਾ ਜੀ ਗਵਾਲੀਅਰ ਗਏ ਅਤੇ ਉੱਥੇ ਗੁਰੂ ਜੀ ਦੇ ਦਰਸ਼ਨ ਨਾ ਕਰ ਸਕੇ। ਗੁਰੂ ਹਰਗੋਬਿੰਦ ਸਾਹਿਬ ਕਿਲੇ ਵਿਚੋਂ ਰਿਹਾਅ ਹੋਏ, ਤਾਂ ਬਾਬਾ ਬੁੱਢਾ ਜੀ ਨੇ ਸਾਰੇ ਸ਼ਹਿਰ ਵਿਚ ਦੀਪਮਾਲਾ ਕਰਵਾਈ। ਜਦੋਂ ਬਾਬਾ ਬੁੱਢਾ ਜੀ ਬਿਰਧ ਅਵਸਥਾ ਵਿਚ ਆਏ, ਤਾਂ ਉਹ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਆਪਣੇ ਪਿੰਡ ਰਮਦਾਸ ਪਹੁੰਚ ਗਏ। ਸੰਨ 16 ਨਵੰਬਰ 1631 ਈ: ਨੂੰ ਬਾਬਾ ਬੁੱਢਾ ਜੀ 125 ਸਾਲ ਦੀ ਉਮਰ ਬਤੀਤ ਕਰਨ ਉਪਰੰਤ ਅਕਾਲ ਚਲਾਣਾ ਕਰ ਗਏ। ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਹੱਥਾਂ ਨਾਲ ਬਾਬਾ ਬੁੱਢਾ ਜੀ ਦਾ ਅੰਤਿਮ ਸੰਸਕਾਰ ਕੀਤਾ। ਗੁਰਦੁਆਰਾ ਬਾਬਾ ਬੁੱਢਾ ਜੀ ਦੇ ਦਰ 'ਤੇ ਅੱਜ ਵੀ ਅਰਦਾਸ ਕਰਕੇ ਬੱਚਿਆਂ ਦੀ ਦਾਤ ਮਿਲਦੀ ਹੈ।

# ਭਗਤੀ ਤੇ ਸ਼ਕਤੀ ਦੇ ਅਵਤਾਰ : ਗੁਰੂ ਗੋਬਿੰਦ ਸਿੰਘ ਜੀ

ਪ੍ਰੋ. ਨਵ ਸੰਗੀਤ ਸਿੰਘ
# 1, ਲਤਾ ਗਰੀਨ ਇਨਕਲੇਵ,
ਪਟਿਆਲਾ-147002.
(9417692015)
ਪੰਜਾਬ ਮੇਲ USA





ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੇ ਇਤਿਹਾਸ ਵਿਚ ਉਹ ਮਹਾਨ ਹਸਤੀ ਹੋਏ ਹਨ, ਜਿਨ੍ਹਾਂ ਦੀਆਂ ਦੇਸ਼, ਧਰਮ ਤੇ ਕੌਮ ਦੀ ਖਾਤਰ ਕੀਤੀਆਂ ਲਾਸਾਨੀ ਕੁਰਬਾਨੀਆਂ ਸੁਰਜਵਤ ਰੌਸ਼ਨ ਹਨ। ਆਪ ਜੀ ਦਾ ਜਨਮ ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨਾ ਸ਼ਹਿਰ ਵਿਖੇ 26 ਦਸੰਬਰ 1666 ਈ. ਨੂੰ ਹੋਇਆ।

ਬਾਲਾ-ਪ੍ਰੀਤਮ ਦੇ ਬਾਲਵਰੇਸ ਵਿਚ ਕੀਤੇ ਚਮਤਕਾਰਾਂ ਤੋਂ ਹੀ ਉਨ੍ਹਾਂ ਦੀ ਮਹਾਨਤਾ ਦੀ ਝਲਕ ਪੈਂਦੀ ਸੀ। ਬੱਚਿਆਂ ਦੀਆਂ ਨਕਲੀ ਲੜਾਈਆਂ ਤੋਂ ਪਤਾ ਚੱਲਦਾ ਸੀ ਕਿ ਉਹ ਆਗਾਮੀ ਜੀਵਨ ਵਿਚ ਇੱਕ ਨਿਧੜਕ ਜਰਨੈਲ ਤੇ ਮਹਾਨ ਤਲਵੱਰੀਏ ਬਣਨਗੇ। ਪੰਜ ਸਾਲ ਪਟਨਾ ਰਹਿਣ ਪਿੱਛੋਂ ਆਪ ਜੀ ਨੂੰ ਅਨੰਦਪੁਰ ਲਿਆਂਦਾ ਗਿਆ। ਹਿੰਦੀ, ਫ਼ਾਰਸੀ ਤੇ ਅੰਗਰੇਜ਼ੀ ਤੋਂ ਛੁੱਟ ਆਪ ਨੂੰ ਸ਼ਸਤਰ ਵਿਦਿਆ ਦੀ ਸਿੱਖਿਆ ਵੀ ਦਿੱਤੀ ਗਈ।

1675 ਵਿਚ 9 ਵਰ੍ਹਿਆਂ ਦੀ ਬਾਲ ਉਮਰੇ ਆਪ ਨੇ ਮੁਸਲਮਾਨੀ ਅੱਤਿਆਚਾਰਾਂ ਦੇ ਸਤਾਏ ਦੁਖੀਆਂ ਦੀ ਪੁਕਾਰ ਸੁਣ ਕੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਚ ਸ਼ਹੀਦ ਹੋਣ ਲਈ ਤੋਰ ਦਿੱਤਾ। ਤਿਲਕ ਤੇ ਜੰਞੂ ਦੀ ਰੱਖਿਆ ਖਾਤਰ ਕੀਤਾ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਕਲਿਯੁੱਗ ਅੰਦਰ ਇੱਕ ਮਹਾਨ ਸਾਕਾ ਸੀ। ਔਰੰਗਜ਼ੇਬੀ ਜ਼ੁਲਮਾਂ ਤੇ ਅੱਤਿਆਚਾਰਾਂ ਦੀ ਹੱਦ ਹੋ ਚੁੱਕੀ ਸੀ। ਮਰ ਚੁੱਕੀ ਕੌਮ ਅੰਦਰ ਜਾਗ੍ਰਿਤੀ ਲਿਆਉਣ ਲਈ ਗੁਰੂ ਜੀ ਨੇ ਬੀਰ ਰਸੀ ਕਵਿਤਾਵਾਂ ਤੇ ਵਾਰਾਂ ਦਾ ਹੜ੍ਹ ਵਗਾ ਦਿੱਤਾ। ਦੁਸ਼ਟ ਦਮਨ ਦਸ਼ਮੇਸ਼ ਗੁਰੂ ਨੇ ਸ਼ਸਤਰਾਂ ਦੀ ਸਰਦਾਰ ਤਲਵਾਰ ਨੂੰ ਯੁੱਧ ਦੀ ਦੇਵੀ ਚੰਡੀ ਕਹਿ ਕੇ ਨਮਸਕਾਰ ਕੀਤੀ :

ਯਹੀ ਚੰਡਕਾ ਦੰਡਕਾ ਦੁਸ਼ਟ ਦਮਨੀ।
ਹਰੇ ਦੁਸ਼ਟ ਦੇਖੀ ਯਹੀ ਜਵਾਲ ਬਮਨੀ।
ਰਹੇ ਮਿਆਨ ਮਧੰ ਸਮੇਂ ਦੁਸ਼ਟ ਘਾਵੈ।
ਯਹੀ ਆਦਿ ਸ਼ਕਤੀ ਭਵਾਨੀ ਕਹਾਵੈ।

ਇਸੇ ਭਗੌਤੀ ਦੀ ਜੈ-ਜੈਕਾਰ ਇਨ੍ਹਾਂ ਗੁੰਜਾਰ ਭਰੇ ਸ਼ਬਦਾਂ ਵਿਚ ਵਰਣਨ ਕੀਤੀ :

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤ ਰਣ ਮੰਡੰ ਵਰਬੰਡੰ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤ ਅਮੰਡੰ ਭਾਨ ਪ੍ਰਭੰ।
ਸੁਖ ਸੰਤਹ ਕਰਣੰ ਦੁਰਮਤ ਦਰਣੰ ਕਿਲਵਿਖ ਹਰਣੰ ਅਸ ਸਰਣੰ।
ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।

ਅਜਿਹੀਆਂ ਕਵਿਤਾਵਾਂ ਤੇ ਚੰਡੀ ਦੀ ਵਾਰ ਵਰਗੀਆਂ ਅਮਰ ਰਚਨਾਵਾਂ ਨਾਲ ਕਾਇਰ ਤੇ ਡਰਪੋਕ ਜਨਤਾ ਵਿਚ ਦੇਸ਼ ਪਿਆਰ ਤੇ ਸੂਰਬੀਰਤਾ ਦੇ ਭਾਂਬੜ ਮੱਚ ਉੱਠੇ।

ਅਨੰਦਪੁਰ ਦੀਆਂ ਪਹਾੜੀਆਂ ਰਣਜੀਤ ਨਗਾਰੇ ਦੀਆਂ ਚੋਟਾਂ ਨਾਲ ਗੂੰਜ ਉੱਠੀਆਂ। ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਗੁਰੂ ਜੀ ਦੀਆਂ ਸ਼ਸਤਰ ਝੁਨਕਾਰਾਂ ਵਿਚੋਂ ਬਗਾਵਤ ਦੀ ਬੂ ਆ ਰਹੀ ਸੀ। ਉਨ੍ਹਾਂ ਨੇ ਅੱਤਿਆਚਾਰਾਂ ਤੋਂ ਨਿਜਾਤ ਦਿਵਾਉਣ ਵਾਲੇ ਮੁਕਤੀ-ਦਾਤੇ ਨਾਲ ਹੀ ਲੜਾਈ ਛੇੜ ਲਈ। ਭੰਗਾਣੀ ਦੇ ਸਥਾਨ ਤੇ ਦਸ਼ਮੇਸ਼ ਸੈਨਾ ਨੇ ਪਹਾੜੀਆਂ ਦੇ ਲਸ਼ਕਰ ਨੂੰ ਲੱਕ-ਤੋੜਵੀਂ ਹਾਰ ਦਿੱਤੀ।

ਗੁਰੂ ਜੀ ਮਾਨਵ ਧਰਮ ਦੇ ਰਾਖੇ ਸਨ। ਉਹ ਨਿਰਵੈਰ ਤਲਵੱਰੀਏ ਸਨ। ਇਸ ਰਾਜ਼ ਨੂੰ ਸਢੌਰੇ ਦਾ ਉੱਘਾ ਮੁਸਲਮਾਨ ਪੀਰ ਸੱਯਦ ਬੁੱਧੂ ਸ਼ਾਹ ਚੰਗੀ ਤਰ੍ਹਾਂ ਜਾਣਦਾ ਸੀ। ਇਸੇ ਲੜਾਈ ਵਿਚ ਉਸਨੇ ਆਪਣੇ ਦੋ ਪੁੱਤਰ ਗੁਰੂ ਜੀ ਦੀ ਹਮਾਇਤ ਕਰਦਿਆਂ ਸ਼ਹੀਦ ਕਰਵਾ ਕੇ ਆਖਿਆ :

ਅੱਜ ਸਪੁਤਾ ਹੋ ਗਿਆ, ਬੁੱਧੂ ਸ਼ਾਹ ਫ਼ਕੀਰ।
ਬੇਟੇ ਚਰਨੀਂ ਲਾ ਲਏ, ਕਲਗੀਆਂ ਵਾਲੇ ਪੀਰ।

1699 ਈ. ਨੂੰ ਵਿਸਾਖੀ ਦੇ ਸੁਭਾਗੇ ਪੁਰਬ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਲੱਥ ਤੇ ਸਰਫ਼ਰੋਸ਼ ਪਰਵਾਨਿਆਂ ਦੀ ਉਸ ਸੂਰਬੀਰ ਤੇ ਸਰਦਾਰ ਖਾਲਸਾ ਕੌਮ ਨੂੰ ਜਨਮ ਦਿੱਤਾ, ਜਿਸਨੇ ਮਜ਼ਲੂਮ ਤੇ ਪੀੜਤ ਜਨਤਾ ਲਈ ਜਿੰਦੜੀਆਂ ਵਾਰਨਾ ਆਪਣਾ ਮੁੱਖ ਉੱਦੇਸ਼ ਮਿਥ ਲਿਆ। ਕੇਸਗੜ੍ਹ ਦੀ ਉੱਚੀ ਪਹਾੜੀ ਤੋਂ ਸੀਸ ਭੇਟ ਮੰਗ ਰਿਹਾ ਗੁਰੂ ਮੌਤ ਤੋਂ ਜੀਵਨ ਦੇਣ ਦਾ ਅਨੋਖਾ ਨੁਸਖਾ ਦੱਸ ਰਿਹਾ ਸੀ। ਉਨ੍ਹਾਂ ਨੇ ਐਲਾਨ ਕੀਤਾ :

ਜਿਨਕੀ ਜ਼ਾਤ ਔਰ ਕੁੱਲ ਮਾਹੀਂ
ਸਰਦਾਰੀ ਨਹਿੰ ਭਈ ਕਦਾਹੀਂ।
ਉਨਹੀਂ ਕੋ ਸਰਦਾਰ ਬਣਾਵੌਂ
ਤਬੈ ਗੋਬਿੰਦ ਸਿੰਘ ਨਾਮ ਸਦਾਵੌਂ।

ਸਦੀਆਂ ਤੋਂ ਲਤਾੜੇ ਆ ਰਹੇ ਅਛੂਤਾਂ ਨੂੰ ਅੱਜ ਪਹਿਲੀ ਵੇਰ ਮਨੁੱਖ ਹੋਣ ਦਾ ਅਹਿਸਾਸ ਹੋਇਆ। ਇੱਕੋ ਬਾਟੇ ਵਿਚੋਂ ਸਦੀਵੀ ਜੀਵਨ ਦੇਣ ਵਾਲੇ ਅੰਮ੍ਰਿਤ ਨੂੰ ਛਕ ਕੇ 'ਰੰਘਰੇਟੇ' ਸੱਚਮੁੱਚ 'ਗੁਰੂ ਕੇ ਬੇਟੇ' ਬਣ ਗਏ। ਇਸ ਆਬੇ-ਹਯਾਤ ਨੇ ਚਿੜੀਆਂ ਤੋਂ ਬਾਜ਼ ਤੁੜਵਾਉਣ ਤੇ ਗਿੱਦੜਾਂ ਤੋਂ ਸ਼ੇਰ ਮਰਵਾਉਣ ਦੀ ਅਨੋਖੀ ਕਰਾਮਾਤ ਕਰ ਵਿਖਾਈ।

ਜਦੋਂ ਪੰਥ ਦਾ ਵਾਲੀ ਕੌਮ-ਨਿਰਮਾਤਾ ਹੋ ਕੇ ਆਪਣੇ ਹੀ ਚੇਲਿਆਂ ਅੱਗੇ ਅੰਮ੍ਰਿਤ-ਅਭਿਲਾਖੀ ਹੋਣ ਲਈ ਜੋਦੜੀ ਕਰ ਰਿਹਾ ਸੀ, ਤਾਂ ਲੋਕਾਈ ਅਸ਼-ਅਸ਼ ਕਰ ਉੱਠੀ। 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੀ ਧੁਨੀ ਨਾਲ ਧਰਤੀ-ਆਕਾਸ਼ ਗੂੰਜ ਉੱਠੇ।

ਹਰ ਸਾਫ਼ ਤੇ ਸਵੱਛ ਇਨਸਾਨ ਨੂੰ, ਹਰ ਸੱਚੇ ਤੇ ਸੁੱਚੇ ਹਿੰਦੂ ਮੁਸਲਮਾਨ ਨੂੰ ਗੁਰੂ ਗੋਬਿੰਦ ਸਿੰਘ ਸਾਖਿਆਤ ਰਾਮ ਤੇ ਰਹੀਮ ਵਿਖਾਈ ਦਿੰਦੇ ਸਨ। ਸੱਯਦ ਬੇਗ ਵਰਗੇ ਸੈਨਾਪਤੀ ਗੁਰੂ ਜੀ ਦੇ ਨੂਰਾਨੀ ਮੱਥੇ ਦੀ ਤਾਬ ਨਾ ਝੱਲ ਸਕੇ। ਗੁਰੂ ਜੀ ਨੂੰ ਮਾਰਨ ਲਈ ਆਏ ਸੈਦ ਖਾਂ ਦੇ ਕਦਮ ਡਗਮਗਾ ਗਏ, ਉਸਦੇ ਹੱਥ ਥਰਥਰਾ ਗਏ ਤੇ ਉਸਦਾ ਮੱਥਾ ਇਸ ਮਹਾਨ ਪੈਗੰਬਰ ਦੇ ਮੁਤਬੱਰਿਕ ਚਰਨ ਕੰਵਲਾਂ ਵਿਚ ਸਿਜਦੇ ਲਈ ਝੁਕ ਗਿਆ। ਤਲਵਾਰ ਦੀ ਧਾਰ ਦੇ ਵਾਰ ਨਾਲੋਂ ਗੁਰੂ ਜੀ ਦੇ ਪਿਆਰ ਦੀ ਮਾਰ ਕਿੰਨੀ ਪ੍ਰਬਲ ਸੀ। ਸੰਸਾਰ ਦਾ ਇਤਿਹਾਸ ਅਜਿਹੀ ਅਦੁੱਤੀ ਤੇ ਅਨੁਪਮ ਮਿਸਾਲ ਪੇਸ਼ ਕਰਨੋਂ ਅਸਮਰਥ ਰਿਹਾ ਹੈ।

ਗੁਰੂ ਜੀ ਦੀਆਂ ਲੜਾਈਆਂ ਜ਼ਰ, ਜ਼ੋਰੂ ਜਾਂ ਜ਼ਮੀਨ ਦੀ ਖਾਤਰ ਨਹੀਂ ਸਨ, ਸਗੋਂ ਉਹ ਤਾਂ 'ਧਰਮ ਚਲਾਵਣ ਸੰਤ ਉਬਾਰਣ ਦੁਸ਼ਟ ਸਭਨ ਕੋ ਮੂਲ ਉਪਾਰਨ' ਲਈ ਯੁੱਧ ਭੂਮੀ ਵਿਚ ਨਿੱਤਰੇ ਸਨ। ਮਜ਼ਲੂਮਾਂ ਦੀ ਰੱਖਿਆ ਖਾਤਰ ਉਹ ਜ਼ਾਲਮ ਦੇ ਵਿਰੁੱਧ ਡਟ ਜਾਂਦੇ ਸਨ। ਹਿੰਦੂ ਜਾਂ ਮੁਸਲਮਾਨ ਦਾ ਉਨ੍ਹਾਂ ਦੀ ਨਿਗਾਹ ਵਿਚ ਕੋਈ ਵਿਤਕਰਾ ਨਹੀਂ ਸੀ। ਉਨ੍ਹਾਂ ਦਾ ਫ਼ਰਮਾਨ ਤਾਂ ਸਾਫ਼ ਤੇ ਸਪੱਸ਼ਟ ਸੀ :

ਮਾਨਸ ਕੀ ਜਾਤ ਸਭੈ ਏਕੈ ਹੀ ਪਹਿਚਾਨਬੋ।

ਭਾਈ ਘਨੱਈਏ ਵਰਗੇ ਮਹਾਨ ਸਮਦਰਸ਼ੀ ਤੇ ਪੂਰਨ ਬ੍ਰਹਮ ਗਿਆਨੀ ਗੁਰੂ ਜੀ ਦੇ ਉੱਚ ਆਦਰਸ਼ ਨੂੰ ਭਲੀ-ਭਾਂਤ ਸਮਝ ਚੁੱਕੇ ਸਨ। ਉਹ ਪੱਖਪਾਤ ਤੇ ਵਿਤਕਰੇ ਨੂੰ ਭੁਲਾ ਕੇ ਅਨੰਦਪੁਰ ਦੀ ਭਿਆਨਕ ਤੇ ਲਹੂ ਡੋਲ੍ਹਵੀਂ ਘਮਸਾਨ ਦੀ ਲੜਾਈ ਵਿਚ ਦੁਸ਼ਮਣਾਂ ਨੂੰ ਵੀ ਦੋਸਤ ਸਮਝ ਕੇ ਪਾਣੀ ਪਿਆ ਰਹੇ ਸਨ। ਭੁੱਲੜਾਂ ਨੇ ਸ਼ਿਕਾਇਤ ਕੀਤੀ। ਨਿਰਵੈਰ ਗੁਰੂ ਦੇ ਸਨਮੁਖ ਖਲੋਤੇ ਭਾਈ ਘਨੱਈਆ ਜੀ ਸਪੱਸ਼ਟ ਸ਼ਬਦਾਂ ਵਿਚ ਆਖ ਰਹੇ ਸਨ :

ਸੱਚੇ ਪਾਤਸ਼ਾਹ ਸਾਰੇ ਮੈਦਾਨ ਅੰਦਰ,
ਤੇਰੇ ਬਿਨਾਂ ਦੂਜਾ ਨਜ਼ਰ ਆਇਆ ਹੀ ਨਹੀਂ।
ਜਿੱਥੇ ਚੋਵਾਂ ਪਾਣੀ ਤੇਰਾ ਮੁੱਖ ਦਿੱਸੇ,
ਕਿਸੇ ਗੈਰ ਦੇ ਮੂੰਹ ਵਿਚ ਪਾਇਆ ਹੀ ਨਹੀਂ।

1704 ਈ. ਨੂੰ ਨੀਲੇ ਦਾ ਸ਼ਾਹ-ਅਸਵਾਰ ਅਨੰਦਪੁਰੀ ਨੂੰ ਛੱਡ ਕੇ ਕੁਰਬਾਨੀਆਂ ਦੇਣ ਲਈ ਨਿਕਲ ਤੁਰਿਆ। 22 ਦਸੰਬਰ ਨੂੰ ਆਪਣੀਆਂ ਅੱਖਾਂ ਸਾਹਵੇਂ ਵੱਡੇ ਪੁੱਤਰਾਂ (ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ) ਦੀ ਜੋੜੀ ਚਮਕੌਰ ਦੀ ਕਰਬਲਾ ਅੰਦਰ ਹੱਸ-ਹੱਸ ਕੇ ਸ਼ਹੀਦ ਕਰਵਾ ਦਿੱਤੀ। ਇਸ ਤੋਂ ਪੰਜ ਦਿਨ ਪਿੱਛੋਂ, 27 ਦਸੰਬਰ ਨੂੰ, ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਵਜ਼ੀਰ ਖਾਂ ਸੂਬਾ ਸਰਹਿੰਦ ਦੇ ਹੁਕਮ ਨਾਲ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿੱਤੇ ਗਏ। ਪੋਹ ਦੀਆਂ ਠੰਡੀਆਂ ਰਾਤਾਂ ਵਿਚ ਗੁਰੂ ਜੀ ਮਾਛੀਵਾੜੇ ਦੇ ਕੰਡਿਆਲੇ ਜੰਗਲਾਂ ਵਿਚ ਵਿਚਰ ਰਹੇ ਸਨ। ਉਨ੍ਹਾਂ ਦੇ ਪੈਰਾਂ ਵਿਚ ਛਾਲੇ ਹੀ ਛਾਲੇ ਸਨ। ਚੜ੍ਹਦੀ ਕਲਾ ਦੇ ਅਵਤਾਰ ਦੇ ਚਿਹਰੇ ਤੇ ਮੱਲਾਲ ਦੀ ਥਾਂ ਤੇ ਜੱਲਾਲ ਸੀ। ਉਨ੍ਹਾਂ ਦੇ ਬੁੱਲ੍ਹਾਂ 'ਤੇ ਸ਼ੁਕਰਾਨੇ ਦਾ ਮਧੁਰ ਸੰਗੀਤ ਸੀ। ਉਹ ਗਾ ਰਹੇ ਸਨ :

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ।
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।

ਇੱਥੇ ਗਨੀ ਖਾਂ ਤੇ ਨਬੀ ਖਾਂ ਨੇ 'ਉੱਚ ਦੇ ਪੀਰ' ਲਈ ਆਪਣੀਆਂ ਸੇਵਾਵਾਂ ਭੇਟ ਕੀਤੀਆਂ। ਰਾਇ ਕੱਲਾ ਇੱਕ ਹੋਰ ਸੱਚਾ ਮੁਸਲਮਾਨ ਸੀ, ਜਿਸਨੂੰ ਕਲਗੀਧਰ ਦੀ ਅਜ਼ਮਤ ਤੇ ਦ੍ਰਿੜ੍ਹ ਵਿਸ਼ਵਾਸ ਸੀ। ਦੀਨੇ ਪਿੰਡ ਤੋਂ ਸਰਬੰਸਦਾਨੀ ਤੇ ਮਹਾਨ ਸੈਨਾਨੀ ਸਤਿਗੁਰੂ ਨੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਨੂੰ ਇੱਕ ਇਤਿਹਾਸਕ ਪੱਤ੍ਰਿਕਾ ਲਿਖੀ। ਚਿੱਠੀ ਦਾ ਸਿਰਲੇਖ ਸੀ - 'ਜ਼ਫ਼ਰਨਾਮਾ'। ਉਸ ਵਿਚ ਗੁਰੂ ਜੀ ਨੇ ਅੱਤਿਆਚਾਰੀ ਔਰੰਗਜ਼ੇਬ ਨੂੰ ਲਲਕਾਰ ਕੇ ਆਖਿਆ ਸੀ :

ਚਿਹਾ ਸ਼ੁਦ ਕਿ ਚੂੰ ਬਚੱਗਾ ਕੁਸ਼ਤਾ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।

ਇਸੇ ਵਿਜੇ ਪੱਤਰ ਵਿਚ ਚੜ੍ਹਦੀ ਕਲਾ ਦੇ ਅਵਤਾਰ ਨੇ ਤਅੱਸਬੀ ਔਰੰਗਜ਼ੇਬ ਨੂੰ ਫਿਟਕਾਰ ਤੇ ਧਿਰਕਾਰ ਪਾਉਂਦਿਆਂ ਲਿਖਿਆ ਸੀ :

ਨਾਜ਼ੇਬਦ ਤੁਰਾ ਨਾਮ ਔਰੰਗਜ਼ੇਬ
ਕਿ ਔਰੰਗਜ਼ੇਬਾਂ ਨ ਬਾਇਦ ਫ਼ਰੇਬ।

ਚਿੱਠੀ ਦੇ ਜੋਸ਼ੀਲੇ ਤੇ ਭੜਕੀਲੇ ਸ਼ਬਦ ਪੜ੍ਹ ਕੇ ਔਰੰਗਜ਼ੇਬ ਵਰਗਾ ਪੱਥਰ ਦਿਲ ਇਨਸਾਨ ਵੀ ਪੰਘਰ ਗਿਆ।

1705 ਈ. ਵਿਚ ਮੁਕਤਸਰ ਦੇ ਅਸਥਾਨ ਤੇ ਸ਼ਾਹੀ ਸੈਨਾਵਾਂ ਨਾਲ ਗੁਰੂ ਜੀ ਦੀ ਅੰਤਿਮ ਲੜਾਈ ਹੋਈ। ਭਾਈ ਮਹਾਂ ਸਿੰਘ ਦੇ ਸਾਹਮਣੇ ਬੇਦਾਵੇ ਦਾ ਕਾਗਜ਼ ਪਾੜ ਕੇ ਗੁਰੂ ਜੀ ਲੱਖੀ ਜੰਗਲ ਵਿਚੋਂ ਦੀ ਹੁੰਦੇ ਹੋਏ ਚੌਧਰੀ ਡੱਲੇ ਦੀ ਤਲਵੰਡੀ ਜਾ ਬਿਰਾਜੇ। ਇਸ ਸੁਭਾਗੀ ਧਰਤੀ 'ਤੇ ਗੁਰੂ ਜੀ ਨੇ 9 ਮਹੀਨੇ 9 ਦਿਨ ਦਾ ਲੰਮਾ ਸਮਾਂ ਬਿਸਰਾਮ ਕੀਤਾ। ਇਸੇ ਪੁਨੀਤ ਤੇ ਪਵਿੱਤਰ ਭੂਮੀ ਤੇ ਗੁਰੂ ਜੀ ਨੇ ਭਾਈ ਮਨੀ ਸਿੰਘ ਦੇ ਹੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਤਿਆਰ ਕਰਵਾਈ। ਲਿਖਣਸਰ ਦੇ ਸਰੋਵਰ ਵਿਚ ਗੁਰੂ ਜੀ ਕਲਮਾਂ ਘੜ-ਘੜ ਕੇ ਸੁੱਟ ਰਹੇ ਸਨ ਤੇ ਇਸ ਧਰਮੱਗ ਧਰਤੀ ਨੂੰ ਆਪਣੀਆਂ ਸ਼ੁਭਕਾਮਨਾਵਾਂ ਨਾਲ ਵਰੋਸਾਉਂਦੇ ਹੋਏ ਆਖ ਰਹੇ ਸਨ :

ਇਹ ਹੈ ਪ੍ਰਗਟ ਹਮਾਰੀ ਕਾਸ਼ੀ
ਪੜ੍ਹ ਹੈਂ ਈਹਾਂ ਢੇਰ ਮਤਰਾਸੀ।
ਲੇਖਕ ਗੁਨੀ ਕਵਿੰਦ ਗਿਆਨੀ
ਬੁਧ ਸਿੰਧ ਹੈਂ ਹੈਂ ਇਤਿਆਨੀ।
ਤਿਨ ਕੇ ਕਾਰਨ ਕਲਮ ਗਢ
ਦੇਤ ਪ੍ਰਗਟ ਹਮ ਡਾਰ।
ਸਿਖ ਸਖਾ ਸਭ ਪੜ੍ਹੈਂਗੇ
ਹਮਰੇ ਕਈ ਹਜ਼ਾਰ।

ਇਸੇ ਸਰਜ਼ਮੀਨ 'ਤੇ ਗੁਰੂ ਜੀ ਦਾ ਦਰਬਾਰ ਸੁਸ਼ੋਭਿਤ ਸੀ, ਜਦੋਂ ਦਿੱਲੀ ਤੋਂ ਗੁਰੂ ਮਹਿਲ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ) ਕਲਗੀਧਰ ਦੀ ਹਜ਼ੂਰੀ ਵਿਚ ਹਾਜ਼ਰ ਹੋਏ। ਮਾਤਾਵਾਂ ਨੇ ਪੁੱਤਰਾਂ ਬਾਰੇ ਪੁੱਛ ਕੀਤੀ, ਤਾਂ ਗੁਰੂ ਜੀ ਨੇ ਭਰੀ ਹੋਈ ਖਾਲਸਾ ਸੰਗਤ ਵੱਲ ਸੰਕੇਤ ਕਰਕੇ ਫ਼ਰਮਾਇਆ :

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਅਖੀਰ ਸਿਰਲੱਥ ਸੂਰਬੀਰ ਬਾਬਾ ਦੀਪ ਸਿੰਘ ਨੂੰ ਦਮਦਮਾ ਸਾਹਿਬ, ਤਲਵੰਡੀ ਸਾਬੋ ਦੀ ਸੇਵਾ-ਸੰਭਾਲ ਸੌਂਪ ਕੇ ਆਪ ਬਹਾਦਰ ਸ਼ਾਹ ਦੇ ਸੱਦੇ 'ਤੇ ਦੱਖਣ ਵੱਲ ਚਲੇ ਗਏ। ਉੱਥੋਂ (ਨਦੇੜ, ਹਜ਼ੂਰ ਸਾਹਿਬ ਤੋਂ) ਹੀ ਮਾਧੋ ਦਾਸ ਬੈਰਾਗੀ ਨੂੰ ਬੰਦਾ ਸਿੰਘ ਬਹਾਦਰ ਵਜੋਂ ਸਿੰਘ ਸਜਾ ਕੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਤੋਰਿਆ ਤੇ ਆਪ ਗੋਦਾਵਰੀ ਨਦੀ ਦੇ ਕਿਨਾਰੇ ਅਬਚਲ ਨਗਰ ਹਜ਼ੂਰ ਸਾਹਿਬ ਵਿਖੇ 42 ਵਰ੍ਹੇ ਦੀ ਸੰਸਾਰ ਯਾਤਰਾ ਪੂਰੀ ਕਰਕੇ 1708 ਵਿਚ ਆਪਣੀ ਜੋਤ ਨੂੰ ਗੁਰੂ ਗ੍ਰੰਥ ਪੰਥ ਵਿਚ ਲੀਨ ਕਰਕੇ ਅੰਤਿਮ ਫ਼ਤਹਿ ਬੁਲਾ ਗਏ।

ਸੱਚਾਈ ਤੇ ਬੀਰਤਾ ਦੇ ਅਵਤਾਰ ਦਸ਼ਮੇਸ਼ ਪਿਤਾ ਜੀ ਇੱਕ ਮਹਾਨ ਇਨਕਲਾਬੀ ਯੋਧੇ ਸਨ। ਜੋ ਆਪਣੇ ਉੱਚ ਆਦਰਸ਼ ਤੇ ਮਹਾਨ ਲਕਸ਼ ਦੀ ਖਾਤਰ ਉਮਰ ਭਰ ਜ਼ੁਲਮ ਦੇ ਵਿਰੁੱਧ ਸੰਘਰਸ਼ ਕਰਦੇ ਰਹੇ। ਆਪ ਦੀ ਗੌਰਵਮਈ ਗਾਥਾ ਸਦਾ ਹਨੇਰੇ ਜੀਵਨਾਂ ਨੂੰ ਰੁਸ਼ਨਾਉਂਦੀ ਰਹੇਗੀ ਅਤੇ ਕਾਇਰ ਤੇ ਕਮਜ਼ੋਰ ਮਨਾਂ ਅੰਦਰ ਸੂਰਬੀਰਤਾ ਦਾ ਸੰਚਾਰ ਕਰਦੀ ਰਹੇਗੀ।

'ਗੰਜ-ਏ-ਸ਼ਹੀਦਾਂ' ਦੇ ਕਰਤਾ ਜੋਗੀ ਅੱਲਾ ਯਾਰ ਖਾਂ ਨੇ ਗੁਰੂ ਜੀ ਦੀ ਸਿਫ਼ਤੋ-ਸਾਲਾਹ ਕਰਦਿਆਂ ਲਿਖਿਆ ਹੈ :

ਕਰਤਾਰ ਕੀ ਸੌਗੰਦ ਹੈ, ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ, ਤਾਰੀਫ਼ ਵੁਹ ਕਮ ਹੈ।
ਹਰਚੰਦ ਮੇਰੇ ਹਾਥ ਮੇਂ, ਪੁਰਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ਼, ਕਹਾਂ ਤਾਬੇ-ਰਕਮ ਹੈ।
..... ..... ..... ..... .....
ਐ ਸਤਿਗੁਰੂ ਗੋਬਿੰਦ ਤੂ ਵੁਹ ਅਬਰ-ਏ-ਕਰਮ ਹੈ।
ਐ ਸਤਿਗੁਰ ਗੋਬਿੰਦ ਤੂ ਵੁਹ ਆਲੀ-ਹਮਮ ਹੈ।
ਸਾਨੀ ਤੇਰਾ ਦਾਰਾ ਥਾ ਸਕੰਦਰ ਹੈ ਨਾ ਜਮ ਹੈ।
ਖਾਤਾ ਤੇਰਾ ਕਰਮੋਂ ਕੀ ਫ਼ਰੀਦੂੰ ਬੀ ਕਸਮ ਹੈ।

ਭਾਈ ਸੰਤੋਖ ਸਿੰਘ 'ਚੂੜਾਮਣਿ' ਨੇ ਗੁਰੂ ਜੀ ਦੇ ਆਗਮਨ ਬਾਰੇ ਕਿੰਨਾ ਸਹੀ ਲਿਖਿਆ ਹੈ :

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ
ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ ਧਰਮ ਧਸੱਕ ਜਾਤੇ
ਬਰਨ ਗਰੱਕ ਜਾਤੇ ਸਹਿਤ ਬਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ
ਮੂਰਤਿ ਨਾ ਹੋਤੀ ਜੌ ਪੈ ਕਰੁਣਾ ਨਿਧਾਨ ਕੀ।

# ਸ਼ਹੀਦ ਭਾਈ ਸਤੀ ਦਾਸ ਜੀ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA





ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਭਾਈ ਸਤੀ ਦਾਸ ਜੀ ਦਾ ਜਨਮ ਪਿਤਾ ਭਾਈ ਨੰਦ ਲਾਲ ਜੀ ਦੇ ਗ੍ਰਹਿ ਵਿਖੇ 1621 ਈ. ਨੂੰ ਪਿੰਡ ਕਿਰਆਲਾ (ਕਿੜਆਲਾ) ਜੇਹਲਮ ਲਹਿੰਦੇ ਪੰਜਾਬ ਅੰਦਰ ਹੋਇਆ ਸੀ। ਭਾਈ ਸਤੀ ਦਾਸ ਜੀ ਭਾਈ ਮਤੀ ਦਾਸ ਜੀ ਦੇ ਸੱਕੇ ਭਰਾ ਸਨ। ਭਾਈ ਸਤੀ ਦਾਸ ਜੀ ਨੇ ਬਚਪਨ ਵਿਚ ਹੀ ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫ਼ਾਰਸੀ ਭਾਸ਼ਾ ਦਾ ਡੂੰਘਾ ਅਧਿਐਨ ਕੀਤਾ ਸੀ। ਭਾਈ ਮਤੀ ਦਾਸ ਜੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਦਰਬਾਰ ਵਿਚ ਦੀਵਾਨ ਸੀ ਅਤੇ ਭਾਈ ਸਤੀ ਦਾਸ ਇੱਕ ਉੱਚ ਕੋਟੀ ਦੇ ਲੇਖਕ ਅਤੇ ਅਨੁਵਾਦਕ ਦੇ ਤੌਰ 'ਤੇ ਗੁਰੂ ਘਰ ਵਿਖੇ ਸੇਵਾ ਨਿਭਾਉਂਦੇ ਸਨ। ਆਪ ਫਾਰਸੀ ਭਾਸ਼ਾ ਦੇ ਮਾਹਿਰ ਪੰਡਿਤ ਸੀ। ਆਪ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀਆਂ ਉਚਾਰਣਾਂ ਨੂੰ ਫਾਰਸੀ ਵਿਚ ਅਨੁਵਾਦ ਕਰਦੇ ਸਨ, ਜੋ ਬਾਅਦ ਵਿਚ ਗੁਰਮੁਖੀ ਲਿਪੀ ਵਿਚ ਅਨੁਵਾਦਿਤ ਕੀਤੀਆਂ ਜਾਂਦੀਆਂ ਸਨ।

ਭਾਈ ਸਤੀ ਦਾਸ ਤੀਸਰੇ ਅਤੇ ਆਖਰੀ ਸਿੱਖ ਸਨ, ਜਿਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਨਾਲ ਮੁਗਲ ਹੁਕਮਰਾਨ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਗ੍ਰਿਫਤਾਰ ਕੀਤਾ ਗਿਆ। ਭਾਈ ਮਤੀ ਦਾਸ ਅਤੇ ਭਾਈ ਦਿਆਲਾ ਨੂੰ ਭਾਈ ਸਤੀ ਦਾਸ ਦੀਆਂ ਅੱਖਾਂ ਦੇ ਸਾਹਮਣੇ ਬਹੁਤ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਧਰਮ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਭਾਈ ਪਰਾਗਾ ਜੀ ਪਿੰਡ ਕੜਿਆਲ ਦੇ ਛਿੱਬੜ ਬ੍ਰਾਹਮਣ ਸਨ ਅਤੇ ਆਪ ਜੀ ਦੇ ਪਿਤਾ ਦਾ ਨਾਂ ਮਹਾਤਮਾ ਗੌਤਮ ਸੀ। ਭਾਈ ਪਰਾਗਾ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੱਖ ਧਰਮ ਆਪਣਾ ਲਿਆ ਸੀ। ਭਾਈ ਪਰਾਗਾ ਜੀ ਦੇ ਚਾਰ ਸਪੁੱਤਰ ਸਨ, ਜਿਨ੍ਹਾਂ ਦਾ ਨਾਮ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਜਤੀ ਦਾਸ ਤੇ ਭਾਈ ਸਖੀ ਦਾਸ ਸੀ। ਭਾਈ ਮਤੀ ਦਾਸ ਭਾਈ ਪਰਾਗੇ ਦੇ ਜੇਠੇ ਸਪੁੱਤਰ ਸੀ।

ਇਤਿਹਾਸਿਕ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਮਤੀ ਦਾਸ ਜੀ ਦੇ ਦਾਦਾ ਗੌਤਮ ਦਾਸ ਜੀ ਇਲਾਕੇ ਵਿਚ ਰਸੂਖਦਾਰ ਵਿਅਕਤੀ ਸਨ। ਇਲਾਕੇ ਦੀਆਂ ਸੰਗਤਾਂ ਗੌਤਮ ਦਾਸ ਜੀ ਪਾਸ ਆਪਣੀਆਂ ਨਿੱਕੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਅਕਸਰ ਆਇਆ ਜਾਇਆ ਕਰਨੀਆਂ ਸਨ। ਗੌਤਮ ਦਾਸ ਜੀ ਦਾ ਮੇਲ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਨਾਲ ਹੋਇਆ। ਸਤਿਗੁਰੂ ਸ੍ਰੀ ਅਰਜਨ ਦੇਵ ਜੀ ਮਹਾਰਾਜ ਤੋਂ ਗੌਤਮ ਦਾਸ ਜੀ ਬਹੁਤ ਪ੍ਰਭਾਵਿਤ ਹੋਏ ਤੇ ਆਪ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ।

ਸੰਨ 1978 'ਚ ਗਿਆਨੀ ਮੋਤਾ ਸਿੰਘ ਚਕਵਾਲੀਆ ਜੀ ਦਿੱਲੀ ਨੇ ਹਰਿਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਤੋਂ ਭਾਈ ਮਤੀਦਾਸ ਤੇ ਭਾਈ ਸਤੀਦਾਸ ਬਾਰੇ ਸੰਪੂਰਨ ਜਾਣਕਾਰੀ ਹਾਸਲ ਕਰਕੇ ਮਿਤੀ 2 ਫਰਵਰੀ ਸੰਨ 1978 ਦੇ ਖਾਲਸਾ ਸਮਾਚਾਰ ਅੰਮ੍ਰਿਤਸਰ ਅਖ਼ਬਾਰ ਦੇ ਵਿਚ ਇੱਕ ਲੇਖ ਪ੍ਰਕਾਸ਼ਿਤ ਕੀਤਾ ਸੀ। ਇਸ ਲੇਖ ਨੂੰ ਬਤੌਰ ਇਤਿਹਾਸਿਕ ਦਸਤਾਵੇਜ਼ ਖੰਗਾਲਦੇ ਹੋਏ ਇਹ ਜਾਣਕਾਰੀ ਮਿਲਦੀ ਹੈ ਕਿ ਪਾਂਡਿਆਂ ਦੀਆਂ ਵਹੀਆਂ ਵਿਚ ਭਾਈ ਮਤੀ ਦਾਸ ਦੇ ਦਸਤਖ਼ਤ ਗੁਰਮੁਖੀ ਵਿਚ ਸਨ ਅਤੇ ਪਰਿਵਾਰਿਕ ਜਾਣਕਾਰੀ ਅਨੁਸਾਰ ਇਸ ਪਰਿਵਾਰ ਦਾ ਮੁਖੀਆ ਭਾਈ ਪਰਾਗਾ ਸੀ। ਭਾਈ ਪਰਾਗਾ ਦੇ ਸਪੁੱਤਰ ਦਾ ਨਾਂ ਭਾਈ ਦਵਾਰਕਾ ਦਾਸ ਸੀ ਅਤੇ ਭਾਈ ਦਵਾਰਕਾ ਦਾਸ ਦੇ ਚਾਰ ਸਪੁੱਤਰ ਸਨ। ਇਨ੍ਹਾਂ ਚਾਰਾਂ ਵਿਚੋਂ ਇੱਕ ਪੁੱਤਰ ਦਾ ਨਾਂ ਭਾਈ ਕਬੂਲ ਦਾਸ ਸੀ ਅਤੇ ਕਬੂਲ ਦਾਸ ਤੇ ਤਿੰਨ ਪੁੱਤਰਾਂ ਦਾ ਨਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਜਤੀ ਦਾਸ ਜੀ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਤਿਹਾਸਿਕ ਨਗਰ ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਦਾ ਕਾਰਜ ਭਾਈ ਮਤੀ ਦਾਸ ਜੀ ਦੇ ਜ਼ਿੰਮੇ ਲਗਾਇਆ ਹੋਇਆ ਸੀ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਧਰਮ ਪ੍ਰਚਾਰ ਲਈ ਭਾਰਤ ਫੇਰੀ ਨਿਕਲੇ, ਤਾਂ ਭਾਈ ਮਤੀ ਦਾਸ ਜੀ ਨੇ ਭਾਈ ਸਤੀ ਦਾਸ ਜੀ ਨੇ ਆਪਣੇ ਕੋਲ ਬੁਲਾ ਲਿਆ ਸੀ। ਭਾਈ ਸਤੀ ਦਾਸ ਜੀ ਬਤੌਰ ਸਹਾਇਕ ਦੀਵਾਨ ਅਨੰਦਪੁਰ ਸਾਹਿਬ ਦੀ ਉਸਾਰੀ ਦਾ ਕਾਰਜ ਵੇਖਦੇ ਸਨ ਅਤੇ ਆਪਣੇ ਸਵੇਰੇ ਸ਼ਾਮ ਦੇ ਸਮੇਂ ਨੂੰ ਨਾਮ ਬਾਣੀ ਵਿਚ ਬਤੀਤ ਕਰਦੇ ਸਨ।

ਸੰਨ 1675 ਈਸਵੀ ਵਿਚ ਮੁਗ਼ਲ ਹੁਕਮਰਾਨ ਔਰੰਗਜ਼ੇਬ ਨੇ ਜ਼ੁਲਮ ਤੇ ਜਬਰ ਦੀ ਹਨੇਰੀ ਝੁਲਾ ਦਿੱਤੀ ਅਤੇ ਸਾਰੇ ਗੈਰ ਮੁਸਲਮਾਨਾਂ ਨੂੰ ਧੱਕੇ ਨਾਲ ਮੁਸਲਮਾਨ ਧਰਮ ਵਿਚ ਤਬਦੀਲ ਕਰਵਾਉਣ ਦਾ ਟੀਚਾ ਮਿੱਥ ਲਿਆ। ਇਸ ਨਾਜ਼ੁਕ ਮੌਕੇ ਕਸ਼ਮੀਰੀ ਪੰਡਿਤਾਂ ਦੀ ਪ੍ਰਤੀ ਬੇਨਤੀ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦੇਣ ਦਾ ਫੈਸਲਾ ਕੀਤਾ।

ਦੁਖੀਏ ਬਿਪਰ ਜੁ ਚਲ ਆਏ ਪੁਰੀ ਅਨੰਦ।
ਬਾਂਹ ਸਾਡੀ ਪਕੜੀਏ ਗੁਰੂ ਹਰਿ ਗੋਬਿੰਦ ਕੇ ਚੰਦ।

ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੂੰ ਪੰਜ ਸਿੱਖਾਂ ਸਮੇਤ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਸਿੰਘਾਂ ਨੂੰ ਧਰਮ ਤਬਦੀਲ ਕਰਨ ਲਈ ਹਰ ਤਰ੍ਹਾਂ ਦਾ ਡਰ ਅਤੇ ਧਮਕੀਆਂ ਤੇ ਡਰਾਵੇ ਦਿੱਤੇ। ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਸਿੱਖ ਆਪਣੇ ਇਮਾਨ ਤੇ ਅਡੋਲ ਰਹੇ। ਔਰੰਗਜ਼ੇਬ ਨੇ ਜਦੋਂ ਆਪਣੀ ਵਾਹ ਚਲਦੀ ਨਾ ਵੇਖੀ, ਤਾਂ ਉਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦੇਣ ਅਤੇ ਭਾਈ ਦਿਆਲਾ ਜੀ ਨੂੰ ਬਲਦੀ ਦੇਗ ਵਿਚ ਬਿਠਾਉਣ ਦਾ ਫ਼ਤਵਾ ਜਾਰੀ ਕਰ ਦਿੱਤਾ। ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਭਾਈ ਸਤੀ ਦਾਸ ਜੀ ਦੇ ਸਨਮੁੱਖ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥1105 ॥

ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਤੋਂ ਬਾਅਦ ਭਾਈ ਸਤੀ ਦਾਸ ਜੀ ਨੂੰ ਜਿਉਂਦੇ ਜੀ ਸਾੜ ਦੇਣ ਦਾ ਫ਼ਰਮਾਨ ਔਰੰਗਜ਼ੇਬ ਨੇ ਕਾਜ਼ੀਆਂ ਦੀ ਸਲਾਹ 'ਤੇ ਜਾਰੀ ਕੀਤਾ। ਭਾਈ ਸਤੀ ਦਾਸ ਜੀ ਨੂੰ ਕੈਦਖਾਨੇ ਵਿਚੋਂ ਕੱਢ ਕੇ ਖੁੱਲ੍ਹੀ ਥਾਂ ਲਿਜਾ ਕੇ ਥੰਮ੍ਹ ਨਾਲ ਬੰਨ੍ਹ ਦਿੱਤਾ ਗਿਆ। ਜ਼ਲਾਦਾਂ ਨੇ ਉਨ੍ਹਾਂ ਦੇ ਸਰੀਰ ਦੇ ਆਲੇ-ਦੁਆਲੇ ਰੂੰ ਲਪੇਟ ਕੇ ਤੇਲ ਛਿੜਕ ਦਿੱਤਾ ਅਤੇ ਅੱਗ ਲਗਾ ਦਿੱਤੀ। ਭਾਈ ਸਤੀ ਦਾਸ ਜੀ ਸ਼ਾਂਤਚਿੱਤ ਹੋ ਕੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ ਅਤੇ ਉਨ੍ਹਾਂ ਦਾ ਸਰੀਰ ਜਿਉਂਦੇ ਜੀ ਸੜਨ ਲੱਗ ਪਿਆ। ਇਸ ਖੌਫਨਾਕ ਮੰਜ਼ਰ ਨੂੰ ਵੇਖ ਕੇ ਲੋਕਾਂ ਨੇ ਆਪਣੇ ਦੰਦਾਂ ਥੱਲੇ ਉਂਗਲਾਂ ਦੇ ਲਈਆਂ ਤੇ ਉਨ੍ਹਾਂ ਨੇ ਗੁਰੂ ਸਾਹਿਬ ਦੀ ਸਿੱਖਿਆ ਅਤੇ ਸਿੱਖਾਂ ਦੇ ਸਬਰ ਨੂੰ ਦਿਲੋਂ ਸਿਜਦਾ ਕੀਤਾ। ਕੁਝ ਸਮੇਂ ਦੇ ਵਕਫੇ ਨਾਲ ਭਾਈ ਸਤੀ ਦਾਸ ਜੀ ਦੀ ਸ਼ਹਾਦਤ ਹੋ ਗਈ ਅਤੇ ਸਿੱਖ ਇਤਿਹਾਸ ਵਿਚ ਕੁਰਬਾਨੀਆਂ ਦਾ ਇੱਕ ਨਵਾਂ ਇਤਿਹਾਸ ਦਰਜ ਹੋ ਗਿਆ ਸੀ।

ਫ਼ਲ਼ਦੇ ਫ਼ੁਲ਼ਦੇ ਨੇ ਕੌਮਾਂ ਦੇ ਬ੍ਰਿਛ ਉਹੋ,
ਕੌਮਾਂ ਉਨ੍ਹਾਂ ਦੀ ਹੀ ਛਾਵੇਂ ਬਹਿੰਦੀਆਂ ਨੇ।
ਵਿਚ ਔੜ ਦੇ ਵੀ ਜੜ੍ਹਾਂ ਜਿਨ੍ਹਾਂ ਦੀਆਂ,
ਨਾਲ ਰੱਤ ਦੇ ਗਿਲੀਆਂ ਰਹਿੰਦੀਆਂ ਨੇ।

ਉਪਰੋਕਤ ਖਿਆਲ ਵਿਚ ਕਿਸੇ ਸ਼ਾਇਰ ਨੇ ਕੌਮ ਬਾਬਤ ਬਿਆਨ ਕੀਤਾ ਹੈ ਕਿ ਜਿਸ

# ਰੱਬਾ ਮੈਨੂੰ ਮਾਫ਼ ਕਰੀਂ

## ਹੱਡ ਬੀਤੀ ਸੱਚੀ ਘਟਨਾ

-ਸੇਵਾ ਸਿੰਘ
"ਨੂਰਪੁਰੀ"
ਪੰਜਾਬ ਮੇਲ USA



ਮੈਂ ਦੇਸ਼ ਦੇ ਇੱਕ ਸਰਕਾਰੀ ਬੈਂਕ ਵਿਚ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਵਿਖੇ ਅਕਾਊਂਟੈਂਟ ਦੇ ਤੌਰ 'ਤੇ ਕੰਮ ਕਰ ਰਿਹਾ ਸੀ। ਮਈ ਚੌਰਾਸੀ ਦੇ ਪਹਿਲੇ ਹਫ਼ਤੇ ਮੈਨੂੰ ਤਰੱਕੀ ਦੇ ਕੇ ਇੱਕ ਛੋਟੇ ਜਿਹੇ ਪਿੰਡ ਦੀ ਬਰਾਂਚ ਵਿਚ ਬਤੌਰ ਮੈਨੇਜਰ ਲਾ ਦਿੱਤਾ ਗਿਆ। ਪਹਿਲੇ ਪਹਿਲ ਬਰਾਂਚ ਮੈਨੇਜਰ ਬਣਨ ਦਾ ਬੜਾ ਚਾਅ ਸੀ ਤੇ ਖੁਸ਼ੀ-ਖੁਸ਼ੀ ਅਹੁਦਾ ਸੰਭਾਲਿਆ। ਹਰ ਚੀਜ਼ ਬਦਲੀ-ਬਦਲੀ ਲੱਗਦੀ ਸੀ। ਪਹਿਲਾਂ ਜਿੱਥੇ ਕਿਸੇ ਦਾ ਹੁਕਮ ਵਜਾਉਣਾ ਪੈਂਦਾ ਸੀ, ਉੱਥੇ ਹੁਣ ਗੁੰਡੀ ਰੰਨ ਪ੍ਰਧਾਨ ਵਾਂਗਰਾਂ ਹੁਕਮ ਸੁਣਾਉਣਾ ਤੇ ਮੰਨਵਾਉਣਾ ਹੁੰਦਾ ਸੀ। ਹਰ ਪਾਸੇ ਸਲਾਮਾਂ ਪੈਂਦੀਆਂ ਸਨ ਤੇ ਮਨ ਨਸ਼ਿਆਇਆ ਰਹਿੰਦਾ ਸੀ। ਕੁੱਝ ਦਿਨ ਹੀ ਲੰਘੇ ਸਨ ਕਿ ਇੱਕ ਦਿਨ ਸਵੇਰੇ-ਸਵੇਰੇ ਬੈਂਕ ਦੇ ਰਿਜਨਲ ਮੈਨੇਜਰ ਸਾਹਿਬ ਦੀ ਗੱਡੀ ਗੇਟ ਸਾਹਮਣੇ ਆਣ ਰੁਕੀ, ਤਾਂ ਉੱਪਰਲਾ ਸਾਹ ਉੱਪਰ ਤੇ ਥੱਲੇ ਦਾ ਸਾਹ ਥੱਲੇ ਰਹਿ ਗਿਆ। ਖ਼ੈਰ ਉਹ ਆਪਣੇ ਸਹਿਯੋਗੀ ਨਾਲ਼ ਅੰਦਰ ਆਏ ਤੇ ਮੈਂ ਉਨ੍ਹਾਂ ਨੂੰ ਆਪਣੇ ਦਫ਼ਤਰ ਵਿਚ ਸਾਹਮਣੇ ਵਾਲ਼ੀ ਕੁਰਸੀ 'ਤੇ ਬਿਠਾ ਲਿਆ। ਗੱਲਬਾਤ ਸ਼ੁਰੂ ਹੋਈ ਤੇ ਬਰਾਂਚ ਦਾ ਨਿਰੀਖਣ ਕੀਤਾ ਤੇ ਮੈਨੂੰ ਆਪਣੇ ਤਜ਼ੁਰਬੇ 'ਚੋਂ ਕਈ ਨੁਕਤੇ ਸਮਝਾਏ। ਫਿਰ ਅਸੀਂ ਚਾਹ ਪੀਤੀ ਤੇ ਜਾਣ ਲੱਗੇ ਕਹਿੰਦੇ ਕਿ ਬੈਂਕ ਨੂੰ ਤੇਰੇ ਕੋਲ਼ੋਂ ਬਹੁਤ ਉਮੀਦਾਂ ਹਨ, ਖਰਾ ਉਤਰਨ ਦੀ ਕੋਸ਼ਿਸ਼ ਕਰੀਂ। ਮੈਂ 'ਹਾਂ' ਵਿਚ ਸਿਰ ਹਿਲਾਇਆ ਤੇ ਦੇਖਦਿਆਂ ਹੀ ਉਨ੍ਹਾਂ ਦੀ ਗੱਡੀ ਔਹ ਗਈ ਔਹ ਗਈ।

ਪਰ ਜਿੱਦਾਂ ਸਿਆਣੇ ਆਖਦੇ ਨੇ ਕਿ ਸਿਰ ਮੁੰਨਾਂਦਿਆਂ ਹੀ ਔਲ਼ੇ ਪਏ, ਇਹ ਭਾਣਾ ਸਾਡੇ ਨਾਲ਼ ਵਰਤ ਗਿਆ। ਤਿੰਨ ਜੂਨ ਚੌਰਾਸੀ ਨੂੰ ਸਵੇਰੇ ਉੱਠ ਕੇ ਰੇਡੀਓ ਸੁਣਿਆਂ ਤਾਂ ਪਤਾ ਲੱਗਿਆ ਕਿ ਸਾਰੇ ਪੰਜਾਬ ਵਿਚ ਕਰਫ਼ਿਊ ਲੱਗ ਗਿਆ ਸੀ ਤੇ ਸਾਇਕਲ, ਸਕੂਟਰ, ਮੋਟਰ ਸਾਇਕਲ, ਟੈਮਪੋ, ਕਾਰਾਂ, ਬੱਸਾਂ ਰੇਲ ਗੱਡੀਆਂ ਆਦਿ ਸਭ ਦੇ ਚੱਲਣ 'ਤੇ ਪਾਬੰਦੀ ਸੀ। ਕੋਈ ਵੀ ਸਮਾਜਿਕ ਇਕੱਠ ਕਰਨਾ ਗੈਰ ਕਾਨੂੰਨੀ ਕਰ ਦਿੱਤਾ ਗਿਆ ਤੇ ਸਾਰੀਆਂ ਦੁਕਾਨਾਂ, ਦਫ਼ਤਰ, ਬੈਂਕ, ਸਕੂਲ, ਕਾਲਜ ਤੇ ਕਾਰਖ਼ਾਨੇ ਆਦਿਕ ਖੁੱਲ੍ਹਣ 'ਤੇ ਅਨਿਸ਼ਚਿਤ ਸਮੇਂ ਲਈ ਪਾਬੰਦੀ ਲਾ ਦਿੱਤੀ। ਲੋਕਾਂ ਨੂੰ ਪਹਿਲਾਂ ਤਾਂ ਇਹ ਸਮਝ ਹੀ ਨਹੀਂ ਆਇਆ ਕਿ ਕੀ ਭਾਣਾ ਵਾਪਰ ਗਿਆ ਅਤੇ ਕਿਉਂ ਸਾਰਾ ਪੰਜਾਬ ਇੰਞ ਨੂੜ ਦਿੱਤਾ ਸੀ। ਪਰ ਹੌਲ਼ੀ-ਹੌਲ਼ੀ ਮੂੰਹੋਂ-ਮੂੰਹ ਤੇ ਰੇਡੀਓ 'ਤੇ ਖ਼ਬਰ ਆਉਣ ਲੱਗੀ ਕਿ ਹਰਿਮੰਦਿਰ ਸਾਹਿਬ ਤੋਂ ਇਲਾਵਾ ਲਗਭਗ ਹੋਰ ਇੱਕ ਸੌ ਗੁਰਦੁਆਰਿਆਂ ਵਿਚ ਫ਼ੌਜ ਦਾਖ਼ਲ ਹੋ ਗਈ ਸੀ। ਇੰਞ ਬਲਿਊ ਸਟਾਰ ਓਪਰੇਸ਼ਨ ਸ਼ੁਰੂ ਹੋਇਆ ਸੀ ਤੇ ਸਾਰੇ ਕਾਰੋਬਾਰ ਠੱਪ ਹੋ ਕੇ ਰਹਿ ਗਏ ।

ਇੱਕ ਪਾਸੇ ਨਵੀਂ-ਨਵੀਂ ਮੈਨੇਜਰੀ ਦਾ ਚਾਅ ਤੇ ਜੋਸ਼ ਸੀ, ਤਾਂ ਦੂਸਰੇ ਪਾਸੇ ਬਲਿਊ ਸਟਾਰ ਓਪਰੇਸ਼ਨ ਦੀ ਮਾਰ ਦਿਖਾਈ ਦੇਣ ਲੱਗੀ।

ਸਰਕਾਰ ਦੇ ਇਸ ਚੰਦਰੇ ਕਾਰੇ ਕਰਕੇ ਸਮੂਹ ਪੰਜਾਬੀਆਂ ਖਾਸ ਕਰਕੇ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਧਰੇ ਗਏ ਤੇ ਉਨ੍ਹਾਂ ਦੇ ਮਨਾਂ ਵਿਚ ਸਰਕਾਰ ਪ੍ਰਤੀ ਰੋਸ ਅਤੇ ਗੁੱਸੇ ਦੀ ਭਾਵਨਾ ਘਰ ਗਈ ਸੀ ਤੇ ਅੱਲ੍ਹੇ ਜ਼ਖਮਾਂ 'ਤੇ ਮਲ੍ਹਮ ਲੱਗਦੀ ਨਜ਼ਰ ਨਹੀਂ ਸੀ ਆ ਰਹੀ। ਵਿਦੇਸ਼ਾਂ ਵਿਚ ਵੱਸਦੇ ਭਰਾਵਾਂ ਨੇ ਖ਼ਫ਼ਾ ਹੋ ਕੇ ਭਾਰਤ ਨਾਲ਼ ਆਰਥਿਕ ਬਾਈਕਾਟ ਕਰਨ ਦਾ ਮਨ ਬਣਾ ਲਿਆ ਸੀ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੇ ਇੱਕ ਤਰ੍ਹਾਂ ਪੰਜਾਬ ਨੂੰ ਪੈਸੇ ਭੇਜਣੇ ਬੰਦ ਹੀ ਨਹੀਂ ਕੀਤੇ, ਸਗੋਂ ਜੋ ਪੈਸੇ ਪਹਿਲਾਂ ਜਮ੍ਹਾਂ ਸਨ, ਉਹ ਵਾਪਸ ਲਿਜਾਣੇ ਜਾਂ ਇਧਰ ਆ ਕੇ ਖਰਚਣੇ ਸ਼ੁਰੂ ਕਰ ਦਿੱਤੇ। ਕਿਉਂਕਿ ਮੇਰੀ ਬਰਾਂਚ ਦੋਆਬੇ ਦੇ ਪੇਂਡੂ ਇਲਾਕੇ ਵਿਚ ਸੀ, ਇਸਦਾ ਸਿੱਧਾ ਅਸਰ ਮੇਰੀ ਬਰਾਂਚ ਦੇ ਕਾਰੋਬਾਰ 'ਤੇ ਭੀ ਪੈਣ ਲੱਗਾ ਤੇ ਕੰਮਕਾਜ ਵਿਚ ਘੱਟਣ ਦੀ ਰਫ਼ਤਾਰ ਦੇਖ ਕੇ ਮੇਰੀ ਪੁੱਛ-ਪੜਤਾਲ ਹੋਣੀ ਸ਼ੁਰੂ ਹੋ ਗਈ। ਮੈਨੂੰ ਇੰਞ ਮਹਿਸੂਸ ਹੋਇਆ ਕਿ ਮੇਰੀ ਕਾਰਗੁਜ਼ਾਰੀ ਤੋਂ ਮੇਰਾ ਬੌਸ ਨਾਰਾਜ਼ ਸੀ ਤੇ ਨਾਕਾਮੀ ਦਾ ਦੋਸ਼ ਮੇਰੇ ਸਿਰ ਮੜ੍ਹ ਰਿਹਾ ਸੀ। ਮੈਂ ਬਥੇਰੀ ਸਫ਼ਾਈ ਦੇਵਾਂ ਕਿ ਮੈਨੂੰ ਦੋਹਰੀ ਮਾਰ ਪੈ ਰਹੀ ਸੀ ਪਰ ਰਿਜਨਲ ਮੈਨੇਜਰ ਟੱਸ ਤੋਂ ਮੱਸ ਨਹੀਂ ਸੀ ਹੋ ਰਿਹਾ। ਉੱਤੋਂ ਆਖੇ ਕਿ ਮੈਂ ਝੂਠੇ ਬਹਾਨੇ ਬਣਾ ਰਿਹਾ ਸਾਂ।

ਪਰ ਆਪਾਂ ਭੀ ਹਿੰਮਤ ਨਹੀਂ ਹਾਰੀ, ਸਗੋਂ ਨਵੇਂ-ਨਵੇਂ ਗਾਹਕ ਲੱਭਣ ਲਈ ਪਿੰਡਾਂ ਵਿਚ ਘਰ ਜਾ ਕੇ ਨਵੇਂ ਖਾਤੇ ਖੋਲ੍ਹਣ ਦੀ ਮੁਹਿੰਮ ਅਧੀਨ ਆਪਣੇ ਸਹਿਯੋਗੀਆਂ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ, ਜਿਸ ਦੇ ਚੰਗੇ ਨਤੀਜੇ ਆਉਣ ਲੱਗੇ। ਇਸੇ ਹੀ ਲੜੀ ਵਿਚ ਇੱਕ ਦਿਲਚਸਪ ਪਰ ਮੈਨੇਜਰ ਦੀ ਖ਼ੁਦਗਰਜ਼ੀ ਦਾ ਕਿੱਸਾ ਜੁੜ ਗਿਆ। ਹੋਇਆ ਇੰਞ ਕਿ ਮੇਰੇ ਸਹਿਯੋਗੀਆਂ ਨੇ ਆ ਕੇ ਮੈਨੂੰ ਜਾਣਕਾਰੀ ਦਿੱਤੀ ਕਿ

"ਪਿੰਡ ਦੀ ਫਲਾਣੀ ਬਦਨਸੀਬ ਕੁੜੀ ਦੀ ਸਹੁਰਿਆਂ ਨਾਲ਼ ਅਣਬਣ ਹੋ ਗਈ ਹੈ ਤੇ ਅਦਾਲਤ ਵਿਚ ਤਲਾਕ ਦਾ ਕੇਸ ਚੱਲ ਰਿਹਾ ਹੈ, ਜਿਸ ਦੀ ਫੈਸਲੇ ਦੀ ਆਖਰੀ ਤਰੀਕ ਨੇੜੇ ਹੈ ਅਤੇ ਉਸਨੂੰ ਇੱਕ-ਮੁਸ਼ਤ ਪੈਸੇ ਮਿਲਣੇ ਹਨ।" ਸੋ ਮੈਂ ਵੀ ਪ੍ਰਧਾਨ ਮੰਤਰੀ ਮੋਦੀ ਦੀ ਤਰ੍ਹਾਂ 'ਆਵਦਾ ਵਿੱਚ ਅਵਸਰ' ਸਮਝ ਕੇ ਉਸ ਬਿਚਾਰੀ ਦਾ ਬੱਚਤ ਖਾਤਾ ਖੋਲ੍ਹਣ ਉਸ ਦੇ ਘਰ ਖ਼ੁਦ ਗਿਆ ਤੇ ਫ਼ੈਸਲੇ ਦੇ ਦਿਨ ਦੀ ਬੇਸਬਰੀ ਨਾਲ਼ ਉਡੀਕ ਕਰਨ ਲੱਗਾ। ਮੈਂ ਸੋਚਾਂ ਕਿ ਜਲਦੀ-ਜਲਦੀ ਤਲਾਕ ਹੋਵੇ ਤੇ ਫਟਾ-ਫਟ ਪੈਸੇ ਮਿਲਣ। ਅੰਤ ਨੂੰ ਦਿਨ ਆਣ ਢੁੱਕਿਆ ਤੇ ਮੈਂ ਆਪਣੇ ਹੈੱਡ ਕੈਸ਼ੀਅਰ ਸ਼੍ਰੀ ਮਾਲਾ ਰਾਮ ਜੀ ਨੂੰ ਕੁੜੀ ਦੇ ਘਰ ਦਿਆਂ ਨਾਲ਼ ਕਚਿਹਰੀ ਨੂੰ ਤੋਰ ਦਿੱਤਾ, ਤਾਂਕਿ ਪੈਸੇ ਉੱਥੋਂ ਕਾਬੂ ਆ ਜਾਣ। ਉਸ ਵੇਲ਼ੇ ਦੇ ਪੰਜਾਹ ਹਜ਼ਾਰ ਦਾ ਸਵਾਲ ਸੀ, ਜੋ ਕਿ ਅੱਜ ਦੇ ਪੱਚੀ ਲੱਖ ਤੋਂ ਘੱਟ ਨਹੀਂ ਸੀ।

ਉਪਰੋਕਤ ਘਟਨਾ ਨੂੰ ਭਾਵੇਂ ਇਕਤਾਲ਼ੀ ਸਾਲ ਹੋ ਗਏ ਪਰ ਮੇਰੇ ਅੱਖਾਂ ਅੱਗੇ ਹੁਣ ਵੀ ਫਿਲਮ ਵਾਂਗੂੰ ਘੁੰਮ ਜਾਂਦੇ ਹਨ ਤੇ ਮੇਰੀ ਜ਼ਮੀਰ ਨੂੰ ਇੱਕ ਦਮ ਝੰਜੋੜ ਜਾਂਦੇ ਹਨ। ਇਹ ਸੋਚਕੇ ਮੈਂ ਕਈ ਵਾਰ 'ਕੱਲਾ ਹੀ ਹੱਸਦਾ ਹਾਂ ਤੇ ਸ਼ਰਮਿੰਦਗੀ ਭੀ ਮਹਿਸੂਸ ਕਰਦਾ ਹਾਂ ਕਿ ਮੈਨੇਜਰ ਕਦੇ ਖ਼ੁਦ.ਗਰਜ਼ੀ ਵਿਚ ਇੰਨਾ ਭੀ ਘਟੀਆ ਸੋਚ ਸਕਦਾ ਹੈ ਕਿ ਉਹ ਬੈਂਕ ਦੀ ਖ਼ਾਤਿਰ ਕਿਸੇ ਦੀ ਜ਼ਿੰਦਗੀ ਵਿਚ ਭਲੇ ਦੀ ਥਾਂ ਬੁਰਾ ਲੋਚ ਸਕਦਾ ਹੈ। ਹੇ ਰੱਬਾ ਮੈਨੂੰ ਮਾਫ਼ ਕਰੀਂ!

ਸੰਦੀਪ ਕੁਮਾਰ
ਰੂਪਨਗਰ
70098-07121
ਪੰਜਾਬ ਮੇਲ USA



# ਨਵਾਂ ਅਕਾਲੀ ਦਲ ਬਨਾਮ ਅਸਲ ਅਕਾਲੀ ਦਲ

*ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ ਅਤੇ ਵੱਖਰੇ ਧੜਿਆਂ ਦੀ ਸਥਾਪਨਾ ਕੋਈ ਨਵੀਂ ਗੱਲ ਨਹੀਂ ਹੈ। ਸਮੇਂ-ਸਮੇਂ 'ਤੇ, ਪਾਰਟੀ ਦੇ ਨੇਤਾਵਾਂ ਨੇ ਨਿੱਜੀ ਲਾਲਸਾ ਅਤੇ ਸਿਆਸੀ ਫਾਇਦਿਆਂ ਲਈ ਵੱਖਰੇ ਧੜੇ ਬਣਾਏ ਹਨ। ਸਾਲ 1994 ਵਿਚ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਥਾਪਨਾ ਕੀਤੀ, ਜਿਸ ਨੇ 1989 ਦੀਆਂ ਸੰਸਦੀ ਚੋਣਾਂ ਵਿਚ ਪੰਜਾਬ ਦੀਆਂ 13 ਵਿਚੋਂ 7 ਸੀਟਾਂ ਜਿੱਤ ਕੇ ਸਫਲਤਾ ਹਾਸਲ ਕੀਤੀ। ਪਰ ਇਸ ਧੜੇ ਦੀ ਸਫਲਤਾ ਸੀਮਤ ਰਹੀ ਅਤੇ ਇਹ ਮੁੱਖ ਅਕਾਲੀ ਦਲ ਨੂੰ ਚੁਣੌਤੀ ਨਹੀਂ ਦੇ ਸਕਿਆ। ਸਿਮਰਨਜੀਤ ਸਿੰਘ ਮਾਨ ਨੇ ਨਿੱਜੀ ਪੱਧਰ 'ਤੇ ਸਿਆਸੀ ਪਛਾਣ ਬਣਾਈ, ਪਰ ਉਨ੍ਹਾਂ ਦੇ ਸਮਰਥਕ ਵੋਟਰਾਂ ਨੂੰ ਇਸ ਦਾ ਖਾਸ ਫਾਇਦਾ ਨਹੀਂ ਮਿਲਿਆ।*

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਸਿਆਸਤ ਦਾ ਇੱਕ ਅਜਿਹਾ ਸਤੰਭ ਹੈ, ਜੋ ਸਿੱਖ ਪਛਾਣ, ਪੰਜਾਬੀ ਵਿਰਸੇ ਅਤੇ ਖੇਤਰੀ ਹਿੱਤਾਂ ਦੀ ਰਾਖੀ ਦਾ ਪ੍ਰਤੀਕ ਰਿਹਾ ਹੈ। ਸਾਲ 1920 ਵਿਚ ਸਥਾਪਿਤ ਇਹ ਪਾਰਟੀ ਸਿੱਖ ਪੰਥ ਦੀ ਆਵਾਜ਼ ਅਤੇ ਪੰਜਾਬ ਦੀ ਸਿਆਸੀ ਸ਼ਕਤੀ ਦਾ ਮੁੱਖ ਸੋਮਾ ਬਣੀ। ਪਰ ਸਮੇਂ ਦੇ ਨਾਲ, ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ ਅਤੇ ਨੇਤਾਵਾਂ ਦੀ ਨਿੱਜੀ ਲਾਲਸਾ ਨੇ ਇਸ ਦੀ ਏਕਤਾ ਨੂੰ ਚੁਣੌਤੀ ਦਿੱਤੀ। ਹਾਲ ਦੇ ਸਾਲਾਂ ਵਿਚ, ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਰੁੱਧ ਬਗਾਵਤੀ ਸੁਰਾਂ ਨੇ ਇੱਕ ਨਵੇਂ ਅਕਾਲੀ ਦਲ ਦੀ ਸਥਾਪਨਾ ਨੂੰ ਜਨਮ ਦਿੱਤਾ, ਜਿਸ ਦੀ ਅਗਵਾਈ ਸਾਬਕਾ ਅਕਾਲ ਤਖਤ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਭਾਲੀ। ਇਹ ਲੇਖ ਅਸਲ ਅਕਾਲੀ ਦਲ ਦੀ ਸਥਾਪਨਾ, ਇਸ ਦੀਆਂ ਪ੍ਰਾਪਤੀਆਂ, ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਪੰਜਾਬ ਦੀ ਸਿਆਸਤ ਵਿਚ ਇਸ ਦੀ ਮਜ਼ਬੂਤ ਪਕੜ ਅਤੇ ਨਵੇਂ ਅਕਾਲੀ ਦਲ ਦੀ ਹੋਂਦ ਦੀ ਤੁਲਨਾਤਮਕ ਸਮੀਖਿਆ ਕਰਦਾ ਹੈ। ਇਸ ਦੇ ਨਾਲ ਹੀ ਇਹ ਵੀ ਵਿਚਾਰਿਆ ਜਾਵੇਗਾ ਕਿ ਸਮੇਂ-ਸਮੇਂ 'ਤੇ ਵੱਖ-ਵੱਖ ਅਕਾਲੀ ਧੜਿਆਂ ਦੀ ਸਥਾਪਨਾ ਦੀਆਂ ਕੋਸ਼ਿਸ਼ਾਂ ਨਿੱਜੀ ਪ੍ਰਾਪਤੀਆਂ ਦੀ ਸਿਆਸਤ ਬਣ ਕੇ ਰਹਿ ਗਈਆਂ ਅਤੇ ਨਵਾਂ ਅਕਾਲੀ ਦਲ ਵੀ ਸ਼ਾਇਦ ਇਸੇ ਪੈਟਰਨ ਦਾ ਸ਼ਿਕਾਰ ਹੋ ਸਕਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਸੰਦਰਭ ਵਿਚ ਹੋਈ, ਜਿਸ ਦਾ ਮਕਸਦ ਸਿੱਖ ਧਾਰਮਿਕ ਸੰਸਥਾਵਾਂ ਨੂੰ ਮਹੰਤਾਂ ਅਤੇ ਬਾਹਰੀ ਹਕੂਮਤ ਦੇ ਕੰਟਰੋਲ ਤੋਂ ਮੁਕਤ ਕਰਵਾਉਣਾ ਸੀ। ਮਾਸਟਰ ਤਾਰਾ ਸਿੰਘ ਅਤੇ ਬਾਬਾ ਖੜਕ ਸਿੰਘ ਵਰਗੇ ਨੇਤਾਵਾਂ ਦੀ ਅਗਵਾਈ ਵਿਚ, ਅਕਾਲੀ ਦਲ ਨੇ ਸਿੱਖ ਪੰਥ ਦੀ ਆਵਾਜ਼ ਨੂੰ ਮਜ਼ਬੂਤ ਕੀਤਾ ਅਤੇ ਗੁਰਦੁਆਰਿਆਂ ਦੀ ਸੁਤੰਤਰਤਾ ਲਈ ਸੰਘਰਸ਼ ਕੀਤਾ। ਸਾਲ 1925 ਵਿਚ ਸਿੱਖ ਗੁਰਦੁਆਰਾ ਐਕਟ ਦੀ ਪ੍ਰਾਪਤੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦਾ ਮਾਰਗ ਪ੍ਰਸਤ ਕੀਤਾ, ਜੋ ਸਿੱਖ ਧਰਮ ਦੀ ਸਰਵਉੱਚ ਸੰਸਥਾ ਵਜੋਂ ਸਥਾਪਿਤ ਹੋਈ। ਅਕਾਲੀ ਦਲ ਨੇ ਇਸ ਸੰਘਰਸ਼ ਦੌਰਾਨ ਸਿੱਖ ਸਮੁਦਾਏ ਦੀ ਏਕਤਾ ਅਤੇ ਸਿਆਸੀ ਸ਼ਕਤੀ ਨੂੰ ਮਜ਼ਬੂਤ ਕੀਤਾ। ਸਾਲ 1966 ਵਿਚ ਪੰਜਾਬੀ ਸੂਬੇ ਦੀ ਸਥਾਪਨਾ ਅਕਾਲੀ ਦਲ ਦੀ ਇੱਕ ਹੋਰ ਵੱਡੀ ਪ੍ਰਾਪਤੀ ਸੀ, ਜਿਸ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਮੁੱਖ ਧਾਰਾ ਵਿਚ ਲਿਆਂਦਾ। ਇਸ ਤੋਂ ਬਾਅਦ, ਪਾਰਟੀ ਨੇ ਪੰਜਾਬ ਦੇ ਪਾਣੀ ਦੇ ਅਧਿਕਾਰ, ਖੇਤੀਬਾੜੀ ਸੁਧਾਰ ਅਤੇ ਸਿੱਖ ਸਮੁਦਾਏ ਦੀ ਸੁਰੱਖਿਆ ਵਰਗੇ ਮੁੱਦਿਆਂ 'ਤੇ ਲਗਾਤਾਰ ਸੰਘਰਸ਼ ਕੀਤਾ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਨੇ ਪੰਜਾਬ ਦੀ ਸਿਆਸਤ ਵਿਚ ਇੱਕ ਅਹਿਮ ਸਥਾਨ ਹਾਸਲ ਕੀਤਾ, ਜਿਸ ਨੇ ਪਾਰਟੀ ਨੂੰ ਰਾਸ਼ਟਰੀ ਪੱਧਰ 'ਤੇ ਵੀ ਪਛਾਣ ਦਿਵਾਈ।

ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦੀ ਸਿਆਸਤ ਦਾ ਸਭ ਤੋਂ ਪ੍ਰਭਾਵਸ਼ਾਲੀ ਨੇਤਾ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਪੰਜ ਵਾਰ (1970-71, 1977-80, 1997-2002, 2007-12, ਅਤੇ 2012-17) ਪੰਜਾਬ ਦੇ ਮੁੱਖ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ। ਉਨ੍ਹਾਂ ਦੀ ਅਗਵਾਈ ਵਿਚ ਅਕਾਲੀ ਦਲ ਨੇ ਪੰਜਾਬ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਇਆ, ਖਾਸਕਰ ਪੇਂਡੂ ਖੇਤਰਾਂ ਵਿਚ ਸੜਕਾਂ, ਸਕੂਲਾਂ, ਹਸਪਤਾਲਾਂ ਅਤੇ ਖੇਤੀ ਸੁਧਾਰਾਂ ਦੇ ਪ੍ਰੋਜੈਕਟਾਂ ਨੂੰ ਅੱਗੇ ਵਧਾਇਆ। ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਸੱਭਿਆਚਾਰ ਦੀ ਸੰਭਾਲ, ਸ੍ਰੀ ਦਰਬਾਰ ਸਾਹਿਬ ਦੀ ਸੇਵਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁਤੰਤਰਤਾ ਨੂੰ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀ ਸਿਆਸੀ ਸੂਝਬੂਝ ਨੇ ਅਕਾਲੀ ਦਲ ਨੂੰ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਦੁਆਰਾ ਕੇਂਦਰੀ ਸਿਆਸਤ ਵਿਚ ਵੀ ਮਜ਼ਬੂਤ ਸਥਾਨ ਦਿੱਤਾ। ਇਸ ਗਠਜੋੜ ਨੇ ਪੰਜਾਬ ਦੇ ਮੁੱਦਿਆਂ, ਜਿਵੇਂ ਕਿ ਖੇਤੀਬਾੜੀ ਅਤੇ ਪੰਜਾਬ ਦੇ ਪਾਣੀ ਦੇ ਅਧਿਕਾਰ ਨੂੰ ਰਾਸ਼ਟਰੀ ਪੱਧਰ 'ਤੇ ਉਠਾਉਣ ਵਿਚ ਮਦਦ ਕੀਤੀ। ਪ੍ਰਕਾਸ਼ ਸਿੰਘ ਬਾਦਲ ਦੀ ਨੀਤੀਆਂ ਨੇ ਜੱਟ ਸਿੱਖ ਸਮੁਦਾਏ ਨੂੰ ਮਜ਼ਬੂਤ ਕੀਤਾ ਅਤੇ ਪੇਂਡੂ ਵੋਟਰਾਂ ਵਿਚ ਅਕਾਲੀ ਦਲ ਦੀ ਪਕੜ ਨੂੰ ਮਜ਼ਬੂਤ ਬਣਾਇਆ। ਉਨ੍ਹਾਂ ਦੀ ਸਿਆਸੀ ਵਿਰਾਸਤ ਨੇ ਅਕਾਲੀ ਦਲ ਨੂੰ ਪੰਜਾਬ ਦੀ ਸਿਆਸਤ ਵਿਚ ਇੱਕ ਅਹਿਮ ਸ਼ਕਤੀ ਵਜੋਂ ਸਥਾਪਿਤ ਕੀਤਾ, ਜਿਸ ਦੀ ਮਜ਼ਬੂਤੀ ਅੱਜ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਜਾਰੀ ਹੈ।




ਸਾਲ 2008 ਵਿਚ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਸੰਭਾਲੀ ਅਤੇ ਪਾਰਟੀ ਨੂੰ ਆਧੁਨਿਕ ਸਿਆਸੀ ਸੰਗਠਨ ਵਜੋਂ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਨੌਜਵਾਨ ਨੇਤਾਵਾਂ ਨੂੰ ਅੱਗੇ ਲਿਆਉਣ, ਸੋਸ਼ਲ ਮੀਡੀਆ ਦੀ ਵਰਤੋਂ ਅਤੇ ਵਿਕਾਸ ਪ੍ਰੋਜੈਕਟਾਂ 'ਤੇ ਜ਼ੋਰ ਦਿੱਤਾ। ਸਾਲ 2007-2017 ਦੇ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਨੇ ਅੰਮ੍ਰਿਤਸਰ ਦੇ ਵਿਰਾਸਤੀ ਮੁੜ-ਵਿਕਾਸ, ਸੜਕਾਂ ਦਾ ਜਾਲ ਅਤੇ ਸਿੱਖਿਆ ਸੁਧਾਰ ਵਰਗੇ ਪ੍ਰੋਜੈਕਟ ਸ਼ੁਰੂ ਕੀਤੇ। ਸੁਖਬੀਰ ਦੀ ਅਗਵਾਈ ਵਿਚ ਅਕਾਲੀ ਦਲ ਨੇ ਪੰਜਾਬ ਦੇ ਪੇਂਡੂ ਖੇਤਰਾਂ, ਖਾਸਕਰ ਜੱਟ ਸਿੱਖ ਸਮੁਦਾਏ ਵਿਚ ਆਪਣੀ ਪਕੜ ਨੂੰ ਮਜ਼ਬੂਤ ਰੱਖਿਆ। ਹਾਲਾਂਕਿ, ਸੁਖਬੀਰ ਦੀ ਅਗਵਾਈ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਸਾਲ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਪੁਲਿਸ ਕਾਰਵਾਈ ਨੇ ਪੰਥਕ ਸਮੁਦਾਏ ਵਿਚ ਅਸੰਤੋਸ਼ ਪੈਦਾ ਕੀਤਾ, ਜਿਸ ਦਾ ਨਤੀਜਾ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਹਾਰ ਵਜੋਂ ਸਾਹਮਣੇ ਆਇਆ। ਇਸ ਦੇ ਬਾਵਜੂਦ, ਸੁਖਬੀਰ ਨੇ ਪਾਰਟੀ ਦੀ ਅਗਵਾਈ ਨੂੰ ਸੰਭਾਲੀ ਰੱਖਿਆ ਅਤੇ 12 ਅਪ੍ਰੈਲ 2025 ਨੂੰ ਮੁੜ ਪ੍ਰਧਾਨ ਚੁਣੇ ਗਏ। ਉਨ੍ਹਾਂ ਦੀ ਟੀਮ, ਜਿਸ ਵਿਚ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਬਲਵਿੰਦਰ ਸਿੰਘ ਭੂੰਦੜ ਵਰਗੇ ਨੇਤਾ ਸ਼ਾਮਲ ਹਨ, ਨੇ ਪੰਜਾਬ ਦੇ ਕਿਸਾਨੀ ਮੁੱਦਿਆਂ, ਬੰਦੀ ਸਿੰਘਾਂ ਦੀ ਰਿਹਾਈ ਅਤੇ ਪਾਣੀ ਦੇ ਅਧਿਕਾਰਾਂ ਵਰਗੇ ਮਸਲਿਆਂ 'ਤੇ ਸਰਗਰਮੀ ਨਾਲ ਕੰਮ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਅਕਾਲੀ ਦਲ ਦੀ ਮਜ਼ਬੂਤ ਪਕੜ ਅਤੇ ਪੇਂਡੂ ਵੋਟਰਾਂ ਵਿਚ ਸਮਰਥਨ ਨੇ ਪਾਰਟੀ ਨੂੰ ਪੰਜਾਬ ਦੀ ਸਿਆਸਤ ਵਿਚ ਅਜੇ ਵੀ ਇੱਕ ਮਹੱਤਵਪੂਰਨ ਸ਼ਕਤੀ ਬਣਾਈ ਰੱਖਿਆ ਹੈ।

ਅਕਾਲੀ ਦਲ ਦੀ ਅੰਦਰੂਨੀ ਧੜੇਬੰਦੀ ਅਤੇ ਵੱਖਰੇ ਧੜਿਆਂ ਦੀ ਸਥਾਪਨਾ ਕੋਈ ਨਵੀਂ ਗੱਲ ਨਹੀਂ ਹੈ। ਸਮੇਂ-ਸਮੇਂ 'ਤੇ, ਪਾਰਟੀ ਦੇ ਨੇਤਾਵਾਂ ਨੇ ਨਿੱਜੀ ਲਾਲਸਾ ਅਤੇ ਸਿਆਸੀ ਫਾਇਦਿਆਂ ਲਈ ਵੱਖਰੇ ਧੜੇ ਬਣਾਏ ਹਨ। ਸਾਲ 1994 ਵਿਚ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਥਾਪਨਾ ਕੀਤੀ, ਜਿਸ ਨੇ 1989 ਦੀਆਂ ਸੰਸਦੀ ਚੋਣਾਂ ਵਿਚ ਪੰਜਾਬ ਦੀਆਂ 13 ਵਿਚੋਂ 7 ਸੀਟਾਂ ਜਿੱਤ ਕੇ ਸਫਲਤਾ ਹਾਸਲ ਕੀਤੀ। ਪਰ ਇਸ ਧੜੇ ਦੀ ਸਫਲਤਾ ਸੀਮਤ ਰਹੀ ਅਤੇ ਇਹ ਮੁੱਖ ਅਕਾਲੀ ਦਲ ਨੂੰ ਚੁਣੌਤੀ ਨਹੀਂ ਦੇ ਸਕਿਆ। ਸਿਮਰਨਜੀਤ ਸਿੰਘ ਮਾਨ ਨੇ ਨਿੱਜੀ ਪੱਧਰ 'ਤੇ ਸਿਆਸੀ ਪਛਾਣ ਬਣਾਈ, ਪਰ ਉਨ੍ਹਾਂ ਦੇ ਸਮਰਥਕ ਵੋਟਰਾਂ ਨੂੰ ਇਸ ਦਾ ਖਾਸ ਫਾਇਦਾ ਨਹੀਂ ਮਿਲਿਆ। ਇਸੇ ਤਰ੍ਹਾਂ, ਸਾਲ 2021 ਵਿਚ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਨੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੀ ਸਥਾਪਨਾ ਕੀਤੀ, ਜੋ ਅਕਾਲੀ ਦਲ (ਟਕਸਾਲੀ) ਅਤੇ ਅਕਾਲੀ ਦਲ (ਡੈਮੋਕਰੈਟਿਕ) ਦੇ ਮਰਜਰ ਦਾ ਨਤੀਜਾ ਸੀ। ਇਸ ਧੜੇ ਨੇ ਵੀ ਪੰਥਕ ਮੁੱਦਿਆਂ 'ਤੇ ਜ਼ੋਰ ਦਿੱਤਾ, ਪਰ ਇਹ ਮੁੱਖ ਅਕਾਲੀ ਦਲ ਦੀ ਸੰਗਠਨਾਤਮਕ ਸਮਰੱਥਾ ਦੇ ਸਾਹਮਣੇ ਕਮਜ਼ੋਰ ਸਾਬਤ ਹੋਇਆ। ਇਨ੍ਹਾਂ ਧੜਿਆਂ ਦੀ ਸਥਾਪਨਾ ਨੇ ਨੇਤਾਵਾਂ ਨੂੰ ਨਿੱਜੀ ਪੱਧਰ 'ਤੇ ਸਿਆਸੀ ਮੁੜ-ਵਾਪਸੀ ਦਾ ਮੌਕਾ ਦਿੱਤਾ, ਪਰ ਪੰਜਾਬ ਦੇ ਵੋਟਰਾਂ, ਖਾਸਕਰ ਪੰਥਕ ਸਮਰਥਕਾਂ, ਨੂੰ ਇਸ ਦਾ ਕੋਈ ਠੋਸ ਲਾਭ ਨਹੀਂ ਮਿਲਿਆ। ਅਕਸਰ, ਇਹ ਧੜੇ ਨਿੱਜੀ ਫਾਇਦਿਆਂ ਦੀ ਸਿਆਸਤ ਬਣ ਕੇ ਰਹਿ ਗਏ, ਜਿਸ ਨੇ ਸਿੱਖ ਸਿਆਸਤ ਨੂੰ ਵੰਡਿਆ ਅਤੇ ਮੁੱਖ ਅਕਾਲੀ ਦਲ ਦੀ ਮਜ਼ਬੂਤੀ ਨੂੰ ਚੁਣੌਤੀ ਦੇਣ ਵਿਚ ਅਸਫਲ ਰਹੇ।

ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਰੁੱਧ ਅੰਦਰੂਨੀ ਅਸੰਤੋਸ਼ ਅਤੇ ਅਕਾਲ ਤਖਤ ਦੇ 2 ਦਸੰਬਰ 2024 ਦੇ ਹੁਕਮਨਾਮੇ ਨੇ ਇੱਕ ਨਵੇਂ ਅਕਾਲੀ ਦਲ ਦੀ ਸਥਾਪਨਾ ਦਾ ਮਾਰਗ ਉਜਾਗਰ ਕੀਤਾ। ਇਸ ਹੁਕਮਨਾਮੇ ਵਿਚ ਸੁਖਬੀਰ ਸਿੰਘ ਬਾਦਲ ਅਤੇ ਹੋਰ ਨੇਤਾਵਾਂ ਨੂੰ 2007-2017 ਦੀ ਅਕਾਲੀ ਸਰਕਾਰ ਦੌਰਾਨ ਹੋਈਆਂ ਗਲਤੀਆਂ, ਖਾਸਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਲਈ "ਤਨਖਾਈਆ" ਐਲਾਨਿਆ ਗਿਆ। ਅਕਾਲ ਤਖਤ ਨੇ ਇੱਕ ਸੱਤ ਮੈਂਬਰੀ ਕਮੇਟੀ ਬਣਾਈ, ਜਿਸ ਵਿਚ ਪ੍ਰੇਮ ਸਿੰਘ ਚੰਦੂਮਾਜਰਾ, ਇਕਬਾਲ ਸਿੰਘ ਝੂੰਦਾ, ਸੁੱਚਾ ਸਿੰਘ ਛੋਟੇਪੁਰ, ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸੰਤਾ ਸਿੰਘ ਉਮੈਦਪੁਰੀ ਸ਼ਾਮਲ ਸਨ। ਇਸ ਤੋਂ ਬਾਅਦ, 11 ਅਗਸਤ 2025 ਨੂੰ ਅੰਮ੍ਰਿਤਸਰ ਦੇ ਗੁਰਦੁਆਰਾ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਡੈਲੀਗੇਟ ਸੈਸ਼ਨ ਵਿਚ ਗਿਆਨੀ ਹਰਪ੍ਰੀਤ ਸਿੰਘ ਨੂੰ ਸਰਬਸੰਮਤੀ ਨਾਲ ਇਸ ਨਵੇਂ ਅਕਾਲੀ ਦਲ ਦਾ ਪ੍ਰਧਾਨ ਚੁਣਿਆ ਗਿਆ। ਗਿਆਨੀ ਹਰਪ੍ਰੀਤ ਸਿੰਘ, ਜੋ ਸਾਬਕਾ ਅਕਾਲ ਤਖਤ ਜਥੇਦਾਰ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਰਹਿ ਚੁੱਕੇ ਹਨ, ਪਹਿਲੇ ਦਲਿਤ ਸਿੱਖ ਹਨ, ਜੋ ਅਕਾਲੀ ਦਲ ਦੇ ਕਿਸੇ ਧੜੇ ਦੇ ਪ੍ਰਧਾਨ ਬਣੇ। ਸਤਵੰਤ ਕੌਰ ਨੂੰ ਪੰਥਕ ਕੌਂਸਲ ਦੀ ਚੇਅਰਪਰਸਨ ਨਿਯੁਕਤ ਕੀਤਾ ਗਿਆ। ਇਸ ਨਵੇਂ ਅਕਾਲੀ ਦਲ ਨੇ ਆਪਣੇ ਆਪ ਨੂੰ "ਅਸਲੀ" ਅਕਾਲੀ ਦਲ ਵਜੋਂ ਪੇਸ਼ ਕੀਤਾ, ਜੋ 1920 ਦੀਆਂ ਪੰਥਕ ਪ੍ਰੰਪਰਾਵਾਂ ਨੂੰ ਮੁੜ ਸਥਾਪਤ ਕਰਨ ਦਾ ਦਾਅਵਾ ਕਰਦਾ ਹੈ। ਪਰ, ਇਸ ਨਵੇਂ ਅਕਾਲੀ ਦਲ ਦੀ ਸਥਾਪਨਾ ਨੂੰ ਵੇਖਦੇ ਹੋਏ, ਇੱਕ ਸਪੱਸ਼ਟ ਸਵਾਲ ਉੱਠਦਾ ਹੈ, ਕੀ ਇਹ ਸੱਚਮੁੱਚ ਪੰਥਕ ਮੁੱਦਿਆਂ ਦੀ ਰਾਖੀ ਲਈ ਹੈ, ਜਾਂ ਇਹ ਪੁਰਾਣੇ ਅਕਾਲੀ ਨੇਤਾਵਾਂ ਦੀ ਸਿਆਸੀ ਮੁੜ-ਵਾਪਸੀ ਦੀ ਇੱਕ ਚਾਲ ਹੈ? ਪ੍ਰੇਮ ਸਿੰਘ ਚੰਦੂਮਾਜਰਾ, ਇਕਬਾਲ ਸਿੰਘ ਝੂੰਦਾ ਅਤੇ ਸੁੱਚਾ ਸਿੰਘ ਛੋਟੇਪੁਰ ਵਰਗੇ ਨੇਤਾ, ਜਿਨ੍ਹਾਂ ਦਾ ਸੁਖਬੀਰ ਬਾਦਲ ਦੀ ਅਗਵਾਈ ਵਿਚ ਪ੍ਰਭਾਵ ਘਟਿਆ ਸੀ, ਨੇ ਗਿਆਨੀ ਹਰਪ੍ਰੀਤ ਸਿੰਘ ਦੇ ਧਾਰਮਿਕ ਅਥਾਰਟੀ ਦੇ ਮੋਢੇ ਦੀ ਵਰਤੋਂ ਕਰਕੇ ਆਪਣੀ ਸਿਆਸੀ ਪਾਰੀ ਦੀ ਨਵੀਂ ਸ਼ੁਰੂਆਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਅਕਾਲੀ ਦਲ ਦੇ ਅੰਦਰ ਅਜਿਹੀ ਧੜੇਬੰਦੀ ਹੋਈ ਹੈ। ਪਿਛਲੇ ਧੜਿਆਂ ਵਾਂਗ, ਇਹ ਨਵਾਂ ਅਕਾਲੀ ਦਲ ਵੀ ਸ਼ਾਇਦ ਨਿੱਜੀ ਲਾਲਸਾ ਦੀ ਸਿਆਸਤ ਬਣ ਕੇ ਰਹਿ ਜਾਵੇ।

ਅਜਿਹੀ ਸੰਭਾਵਨਾ ਵੀ ਹੈ ਕਿ ਜੇ ਇਹ ਨਵਾਂ ਧੜਾ ਸਿਆਸੀ ਸਫਲਤਾ ਹਾਸਲ ਕਰਦਾ ਹੈ, ਤਾਂ ਪੁਰਾਣੇ ਨੇਤਾ, ਜੋ ਪਿੱਛੇ ਰਹਿ ਕੇ ਕਮਾਂਡ ਕਰ ਰਹੇ ਹਨ, ਗਿਆਨੀ ਹਰਪ੍ਰੀਤ ਸਿੰਘ ਨੂੰ ਮੱਖਣ ਵਿਚੋਂ ਬਾਲ ਦੀ ਤਰ੍ਹਾਂ ਅਲੱਗ ਕਰਕੇ ਆਪਣੇ ਆਪ ਨੂੰ ਅੱਗੇ ਲਿਆ ਸਕਦੇ ਹਨ। ਇਸ ਦੀ ਸੰਭਾਵਨਾ ਇਸ ਲਈ ਵੀ ਜ਼ਿਆਦਾ ਹੈ ਕਿਉਂਕਿ ਪੰਜਾਬ ਦੀ ਸਿਆਸਤ ਵਿਚ ਅਜਿਹੇ ਮਾਮਲੇ ਪਹਿਲਾਂ ਵੀ ਵੇਖੇ ਗਏ ਹਨ। ਸਿਮਰਨਜੀਤ ਸਿੰਘ ਮਾਨ ਅਤੇ ਸੁਖਦੇਵ ਸਿੰਘ ਢੀਂਡਸਾ ਵਰਗੇ ਨੇਤਾਵਾਂ ਨੇ ਵੀ ਵੱਖਰੇ ਧੜਿਆਂ ਦੀ ਸਥਾਪਨਾ ਕਰਕੇ ਨਿੱਜੀ ਸਿਆਸੀ ਪਛਾਣ ਤਾਂ ਬਣਾਈ, ਪਰ ਉਨ੍ਹਾਂ ਦੇ ਸਮਰਥਕ ਵੋਟਰਾਂ ਨੂੰ ਇਸ ਦਾ ਕੋਈ ਠੋਸ ਲਾਭ ਨਹੀਂ ਮਿਲਿਆ। ਗਿਆਨੀ ਹਰਪ੍ਰੀਤ ਸਿੰਘ ਦੀ ਧਾਰਮਿਕ ਸਾਖ ਅਤੇ ਪਹਿਲੇ ਦਲਿਤ ਪ੍ਰਧਾਨ ਵਜੋਂ ਨਿਯੁਕਤੀ ਨਵੇਂ ਅਕਾਲੀ ਦਲ ਨੂੰ ਪੰਥਕ ਅਤੇ ਨਾਨ-ਜੱਟ ਵੋਟਰਾਂ ਵਿਚ ਆਕਰਸ਼ਣ ਦੇ ਸਕਦੀ ਹੈ, ਪਰ ਸੁਖਬੀਰ ਬਾਦਲ ਦੀ ਮਜ਼ਬੂਤ ਸੰਗਠਨਾਤਮਕ ਮਸ਼ੀਨਰੀ ਅਤੇ ਪੰਜਾਬ ਦੀ ਵੰਡੀ ਹੋਈ ਸਿਆਸਤ ਇਸ ਨਵੇਂ ਧੜੇ ਲਈ ਵੱਡੀ ਚੁਣੌਤੀ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਸਲ ਅਕਾਲੀ ਦਲ ਪੰਜਾਬ ਦੀ ਸਿਆਸਤ ਵਿਚ ਅਜੇ ਵੀ ਇੱਕ ਮਜ਼ਬੂਤ ਸ਼ਕਤੀ ਹੈ। ਪਾਰਟੀ ਦਾ ਸੰਗਠਨਾਤਮਕ ਢਾਂਚਾ, ਵਿੱਤੀ ਸਰੋਤ ਅਤੇ ਪੇਂਡੂ ਵੋਟਰਾਂ, ਖਾਸਕਰ ਜੱਟ ਸਿੱਖ ਸਮੁਦਾਏ ਵਿਚ ਡੂੰਘੀ ਪਕੜ ਨੇ ਇਸ ਨੂੰ ਮੁੱਖ ਸਿਆਸੀ ਸ਼ਕਤੀ ਵਜੋਂ ਕਾਇਮ ਰੱਖਿਆ ਹੈ। ਸੁਖਬੀਰ ਦੀ ਟੀਮ ਨੇ 2020-21 ਦੇ ਕਿਸਾਨ ਅੰਦੋਲਨ, ਬੰਦੀ ਸਿੰਘਾਂ ਦੀ ਰਿਹਾਈ ਅਤੇ ਪੰਜਾਬ ਦੇ ਪਾਣੀ ਦੇ ਅਧਿਕਾਰਾਂ ਵਰਗੇ ਮੁੱਦਿਆਂ 'ਤੇ ਸਰਗਰਮੀ ਨਾਲ ਕੰਮ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਅਕਾਲੀ ਦਲ ਦੀ ਪਕੜ ਨੇ ਪੰਥਕ ਵੋਟਰਾਂ ਨੂੰ ਜੋੜੀ ਰੱਖਿਆ ਹੈ, ਜਿਸ ਨੇ ਪਾਰਟੀ ਨੂੰ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਨਾਲ ਮੁਕਾਬਲੇ ਵਿਚ ਰੱਖਿਆ ਹੈ।

ਇਸ ਦੇ ਮੁਕਾਬਲੇ, ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਨਵਾਂ ਅਕਾਲੀ ਦਲ ਅਜੇ ਸ਼ੁਰੂਆਤੀ ਪੜਾਅ ਵਿਚ ਹੈ। ਇਸ ਨੂੰ ਸੁਖਬੀਰ ਬਾਦਲ ਦੀ ਮਜ਼ਬੂਤ ਸੰਗਠਨਾਤਮਕ ਸਮਰੱਥਾ, ਪੰਜਾਬ ਦੀ ਵੰਡੀ ਹੋਈ ਸਿਆਸਤ ਅਤੇ ਅੰਦਰੂਨੀ ਸਿਆਸੀ ਖਿੱਚੋ-ਤਾਣ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਨਵੇਂ ਅਕਾਲੀ ਦਲ ਦੀ ਸਥਾਪਨਾ ਵਿਚ ਸ਼ਾਮਲ ਪੁਰਾਣੇ ਨੇਤਾਵਾਂ ਦੀ ਲਾਲਸਾ ਸਪੱਸ਼ਟ ਹੈ ਅਤੇ ਇਹ ਸੰਭਾਵਨਾ ਮੌਜੂਦ ਹੈ ਕਿ ਉਹ ਗਿਆਨੀ ਹਰਪ੍ਰੀਤ ਸਿੰਘ ਦੀ ਧਾਰਮਿਕ ਸਾਖ ਦਾ ਫਾਇਦਾ ਉਠਾ ਕੇ ਆਪਣੀ ਸਿਆਸੀ ਵਾਪਸੀ ਦੀ ਰਣਨੀਤੀ ਬਣਾ ਰਹੇ ਹਨ। ਜੇ ਇਹ ਧੜਾ ਸਫਲ ਹੋਇਆ, ਤਾਂ ਇਹ ਸੰਭਵ ਹੈ ਕਿ ਪੁਰਾਣੇ ਨੇਤਾ ਗਿਆਨੀ ਜੀ ਨੂੰ ਅਲੱਗ ਕਰਕੇ ਆਪਣੇ ਆਪ ਨੂੰ ਅੱਗੇ ਲਿਆਉਣ। ਇਹ ਰਾਜਨੀਤੀ ਦੀ ਇੱਕ ਆਮ ਖੇਡ ਹੈ, ਜਿਸ ਵਿਚ ਨਵੇਂ ਚਿਹਰੇ ਨੂੰ ਸਾਹਮਣੇ ਰੱਖ ਕੇ ਸਿਆਸੀ ਮਕਸਦ ਪੂਰੇ ਕੀਤੇ ਜਾਂਦੇ ਹਨ ਅਤੇ ਬਾਅਦ ਵਿਚ ਉਸ ਚਿਹਰੇ ਨੂੰ ਸਾਈਡਲਾਈਨ ਕਰ ਦਿੱਤਾ ਜਾਂਦਾ ਹੈ।

ਸ਼੍ਰੋਮਣੀ ਅਕਾਲੀ ਦਲ, ਜਿਸ ਨੂੰ ਅਸਲ ਅਕਾਲੀ ਦਲ ਵਜੋਂ ਜਾਣਿਆ ਜਾਂਦਾ ਹੈ, ਨੇ ਪੰਜਾਬ ਦੀ ਸਿਆਸਤ ਵਿਚ ਇੱਕ ਮਜ਼ਬੂਤ ਸਥਾਨ ਬਣਾਇਆ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਵਿਰਾਸਤ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੇ ਪਾਰਟੀ ਨੂੰ ਪੰਜਾਬ ਦੇ ਪੇਂਡੂ ਅਤੇ ਸਿੱਖ ਸਮੁਦਾਏ ਵਿਚ ਅਟੱਲ ਪਕੜ ਪ੍ਰਦਾਨ ਕੀਤੀ ਅਤੇ ਅਗਰ ਪੰਜਾਬ ਦੇ ਲੋਕਾਂ ਵਿਚ ਮਕਬੂਲੀਅਤ ਦੀ ਗੱਲ ਕਰੀਏ, ਤਾਂ ਜਦੋਂ ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਸੀ, ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਆਪਣੇ ਲੋਕਾਂ ਦੇ ਨਾਲ ਖੜ੍ਹੀ ਨਜ਼ਰ ਆਈ। ਦੂਜੇ ਪਾਸੇ, ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਨਵਾਂ ਅਕਾਲੀ ਦਲ ਪੰਥਕ ਸਿਧਾਂਤਾਂ ਨੂੰ ਮੁੜ ਸਥਾਪਤ ਕਰਨ ਦਾ ਦਾਅਵਾ ਕਰਦਾ ਹੈ, ਪਰ ਇਸ ਦੀ ਸਥਾਪਨਾ ਪੁਰਾਣੇ ਨੇਤਾਵਾਂ ਦੀ ਸਿਆਸੀ ਮੁੜ-ਵਾਪਸੀ ਦੀ ਇੱਕ ਚਾਲ ਜਾਪਦੀ ਹੈ। ਪਿਛਲੇ ਧੜਿਆਂ ਦੀ ਤਰ੍ਹਾਂ, ਇਹ ਨਵਾਂ ਅਕਾਲੀ ਦਲ ਵੀ ਨਿੱਜੀ ਲਾਲਸਾ ਨੂੰ ਪੂਰੀ ਕਰਨ ਦੀ ਸਿਆਸਤ ਬਣ ਸਕਦਾ ਹੈ, ਜਿਸ ਦਾ ਫਾਇਦਾ ਸਮਰਥਕ ਵੋਟਰਾਂ ਨੂੰ ਨਹੀਂ ਮਿਲੇਗਾ। ਸੁਖਬੀਰ ਬਾਦਲ ਦੀ ਮਜ਼ਬੂਤ ਸੰਗਠਨਾਤਮਕ ਸਮਰੱਥਾ ਅਤੇ ਪੰਜਾਬ ਦੀ ਸਿਆਸਤ ਵਿਚ ਅਸਲ ਅਕਾਲੀ ਦਲ ਦੀ ਡੂੰਘੀ ਪਕੜ ਦੇ ਸਾਹਮਣੇ, ਨਵੇਂ ਅਕਾਲੀ ਦਲ ਨੂੰ ਆਪਣੀ ਸਥਾਪਨਾ ਅਤੇ ਸਫਲਤਾ ਲਈ ਸਖਤ ਸੰਘਰਸ਼ ਕਰਨਾ ਪਵੇਗਾ। ਸਮਾਂ ਹੀ ਦੱਸੇਗਾ ਕਿ ਅਸਲ ਅਕਾਲੀ ਦਲ ਦੀ ਸਿਆਸੀ ਵਿਰਾਸਤ ਜਾਰੀ ਰਹਿੰਦੀ ਹੈ, ਜਾਂ ਨਵਾਂ ਅਕਾਲੀ ਦਲ ਇੱਕ ਨਵੀਂ ਸ਼ਕਤੀ ਵਜੋਂ ਉਭਰਦਾ ਹੈ।

# ਨਵੀਂ ਪੀੜ੍ਹੀ ਲਈ ਧਾਰਮਿਕ ਸਿੱਖਿਆ ਦੇ ਮੁਜੱਸਮੇ ਵਜੋਂ ਕੰਮ ਕਰ ਰਹੇ ਪੰਥਕ ਅਦਾਰਿਆਂ ਨੂੰ ਸਿਜਦਾ..

**ਭਾਵੇਂ ਅਜਿਹੀਆਂ ਸ਼ਖਸੀਅਤਾਂ ਅਤੇ ਜਥੇਬੰਦੀਆਂ ਘੱਟ ਜ਼ਰੂਰ ਹਨ ਪਰ ਜਿਹੜੀਆਂ ਹੈਗੀਆਂ ਉਨ੍ਹਾਂ ਵੱਲੋਂ ਆਪਣਾ ਕੰਮ ਕੀਤਾ ਜਾ ਰਿਹਾ ਹੈ। ਅਜਿਹੀ ਹੀ ਇੱਕ ਧਾਰਮਿਕ ਸੰਸਥਾ ਅਮਰੀਕਾ ਵਿਚ ਕੰਮ ਕਰ ਰਹੀ ਹੈ। ਅਮਰੀਕਾ ਦੇ ਸ਼ਹਿਰ ਫਰਿਜ਼ਨੋ ਵਿਖੇ ਸਥਿਤ ਗੁਰਦੁਆਰਾ ਸਾਹਿਬ ਗੁਰ ਮਿਲਾਪ ਵੱਲੋਂ ਨੌਜਵਾਨ ਪੀੜ੍ਹੀ ਦੇ ਨਾਲ-ਨਾਲ ਛੋਟੇ ਬੱਚਿਆਂ ਨੂੰ ਧਾਰਮਿਕ ਖੇਤਰ ਵੱਲ ਮੋੜਨ ਦੇ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ।**

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਅਮਰੀਕਾ
559-285-0841
ਪੰਜਾਬ ਮੇਲ USA



ਅੱਜ ਦੇ ਸਮੇਂ ਸਾਡੇ ਸਮਾਜ ਅੰਦਰ ਨੌਜਵਾਨ ਵਰਗ ਧਾਰਮਿਕ ਖੇਤਰ ਤੋਂ ਇੱਕ ਪਾਸੇ ਹੋ ਕੇ ਆਪਣੀ ਜ਼ਿੰਦਗੀ ਬਤੀਤ ਕਰਦਾ ਨਜ਼ਰੀਂ ਪੈਂਦਾ ਹੈ। ਪੰਜਾਬ ਤੋਂ ਇਲਾਵਾ ਭਾਰਤ ਦੇਸ਼ ਅਤੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਦੇ ਅੰਦਰ ਅੱਜ ਜਦੋਂ ਅਸੀਂ ਸਰਸਰੀ ਨਜ਼ਰ ਮਾਰਦੇ ਹਾਂ, ਤਾਂ ਨੌਜਵਾਨ ਵਰਗ ਪੰਥ ਖੇਤਰ ਤੋਂ ਅਲਹਿਦਾ ਹੋ ਕੇ ਜ਼ਿੰਦਗੀ ਬਤੀਤ ਕਰ ਰਿਹਾ ਹੈ। ਇਹ ਕੋਈ ਇੱਕ ਘਟਨਾ ਨਹੀਂ ਹੈ, ਪੂਰੀ ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਦੇ ਵਿਚ ਨੌਜਵਾਨ ਵਰਗ ਦੀ ਧਾਰਮਿਕ ਪੱਖ ਤੋਂ ਕਮਜ਼ੋਰੀ ਸਾਡੇ ਸਾਹਮਣੇ ਜੱਗ ਜ਼ਾਹਰ ਹੈ। ਬਹੁਤ ਸਾਰੇ ਖਿਤਿਆਂ ਦੇ ਅੰਦਰ ਨੌਜਵਾਨ ਵਰਗ ਪੰਥਕ ਖੇਤਰ ਤੋਂ ਦੂਰ ਹੋ ਕੇ ਇੱਕ ਪਾਸੇ ਤਾਂ ਜਾ ਹੀ ਰਿਹਾ ਹੈ ਅਤੇ ਨਾਲ ਦੀ ਨਾਲ ਦੂਜੇ ਧਰਮਾਂ ਵੱਲ ਵੀ ਆਕਰਸ਼ਿਤ ਹੋ ਕੇ ਆਪਣਾ ਚਿਹਰਾ-ਮੋਹਰਾ ਵੀ ਬਦਲ ਰਿਹਾ ਹੈ। ਇਹੋ ਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਸਾਡੇ ਸਮਾਜ ਅੰਦਰ ਵਾਪਰ ਰਹੀਆਂ ਹਨ।

ਪਰ ਜੇ ਇਸ ਸਾਰੇ ਦੇ ਮੁਕਾਬਲੇ 'ਤੇ ਸੋਚੀਏ ਤਾਂ ਕੁਝ ਸ਼ਖਸੀਅਤਾਂ ਸਾਡੇ ਸਮਾਜ ਅੰਦਰ ਉਹ ਹੁੰਦੀਆਂ ਨੇ, ਜੋ ਬਿਨਾਂ ਸ਼ੱਕ ਦਿਲ ਤੋਂ ਲਾ ਕੇ ਸਮਾਜ ਸੇਵਾ ਦੇ ਨਾਲ-ਨਾਲ ਆਪਣੇ ਕੌਮੀ ਪੰਥਕ ਖੇਤਰ ਅੰਦਰ ਵੀ ਆਪਣੀ ਆਉਣ ਵਾਲੀ ਪੀੜ੍ਹੀ ਅਤੇ ਨੌਜਵਾਨਾਂ ਨੂੰ ਸਿੱਖਿਆ ਦੇ ਨਾਲ ਜੋੜਨ ਦਾ ਯਤਨ ਕਰਦੀਆਂ ਹਨ ਅਤੇ ਇਤਿਹਾਸਿਕ ਦਸਤਾਵੇਜ਼ਾਂ ਰਾਹੀਂ ਆਉਣ ਵਾਲੀ ਪੀੜ੍ਹੀ ਨੂੰ ਪੰਥਕ ਖੇਤਰ ਦਾ ਹਿੱਸਾ ਬਣਾਉਣ ਲਈ ਯਤਨਸ਼ੀਲ ਰਹਿੰਦੀਆਂ ਹਨ। ਭਾਵੇਂ ਅਜਿਹੀਆਂ ਸ਼ਖਸੀਅਤਾਂ ਅਤੇ ਜਥੇਬੰਦੀਆਂ ਘੱਟ ਜ਼ਰੂਰ ਹਨ ਪਰ ਜਿਹੜੀਆਂ ਹੈਗੀਆਂ ਉਨ੍ਹਾਂ ਵੱਲੋਂ ਆਪਣਾ ਕੰਮ ਕੀਤਾ ਜਾ ਰਿਹਾ ਹੈ। ਅਜਿਹੀ ਹੀ ਇੱਕ ਧਾਰਮਿਕ ਸੰਸਥਾ ਅਮਰੀਕਾ ਵਿਚ ਕੰਮ ਕਰ ਰਹੀ ਹੈ। ਅਮਰੀਕਾ ਦੇ ਸ਼ਹਿਰ ਫਰਿਜ਼ਨੋ ਵਿਖੇ ਸਥਿਤ ਗੁਰਦੁਆਰਾ ਸਾਹਿਬ ਗੁਰ ਮਿਲਾਪ ਵੱਲੋਂ ਨੌਜਵਾਨ ਪੀੜ੍ਹੀ ਦੇ ਨਾਲ-ਨਾਲ ਛੋਟੇ ਬੱਚਿਆਂ ਨੂੰ ਧਾਰਮਿਕ ਖੇਤਰ ਵੱਲ ਮੋੜਨ ਦੇ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ। ਸਿੰਘ ਸਾਹਿਬ ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਕੌਮੀ ਜਜ਼ਬੇ ਵਿਚ ਗੜੁੱਚ ਹੋ ਕੇ ਕੀਤੇ ਜਾ ਰਹੇ ਕਾਰਜ ਵਿਲੱਖਣ ਹਨ।

ਇਸ ਦੇ ਕਰਤਾ-ਧਰਤਾ ਸਿੰਘ ਸਾਹਿਬ ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਅਮਰੀਕਾ ਦੇ ਫਰਿਜ਼ਨੋ ਵਿਖੇ ਕੀਤੇ ਜਾ ਰਹੇ ਪੰਥਕ ਕਾਰਜਾਂ ਤੋਂ ਇਲਾਵਾ ਰਾਜਸਥਾਨ ਦੇ ਸ਼ਹਿਰ ਅਲਬਰ ਦੇ ਨੇੜਲੇ ਪਿੰਡ ਲਿਵਾਰੀ ਵਿਖੇ ਵੀ ਛੋਟੇ ਬੱਚਿਆਂ ਨੂੰ ਧਾਰਮਿਕ ਅਤੇ ਪੰਜਾਬੀ ਮਾਂ ਬੋਲੀ ਦੀ ਸਿੱਖਿਆ ਦਿੱਤੀ ਜਾ ਰਹੀ ਹੈ। ਇਸ ਸੰਸਥਾ ਦਾ ਇੱਕ ਵੱਡਾ ਪੱਖ ਇਹ ਵੀ ਹੈ ਕਿ ਇਨ੍ਹਾਂ ਵੱਲੋਂ ਬਿਨਾਂ ਸ਼ੱਕ ਵੱਡੇ ਪੱਧਰ 'ਤੇ ਕਾਰਜ ਕੀਤੇ ਜਾਂਦੇ ਹਨ।






ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਸਾਰੇ ਕਾਰਜ ਧਾਰਮਿਕ ਪੱਖ ਨੂੰ ਮੁੱਖ ਰੱਖ ਕੇ ਕੀਤੇ ਜਾ ਰਹੇ ਹਨ। ਉਨ੍ਹਾਂ ਵੱਲੋਂ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਦਾ ਯਤਨ ਵੀ ਕੀਤਾ ਜਾ ਰਿਹਾ ਹੈ। ਛੋਟੇ ਬੱਚਿਆਂ ਨੂੰ ਕੀਰਤਨ, ਕਥਾ, ਰਾਗ ਵਿਦਿਆ, ਪੰਜਾਬੀ ਮਾਂ ਬੋਲੀ ਅਤੇ ਇਤਿਹਾਸਿਕ ਗਿਆਨ ਦਿੱਤਾ ਜਾਂਦਾ ਹੈ, ਜਿਸ ਦੀ ਅਮਰੀਕਾ ਅਤੇ ਪੰਜਾਬ ਦੇ ਸਿੱਖਾਂ ਵੱਲੋਂ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ। ਲੋਕ ਅਕਸਰ ਗੱਲਬਾਤ ਰਾਹੀਂ ਭਾਈ ਜਗਦੀਸ਼ ਸਿੰਘ ਹੋਰਾਂ ਦੀ ਸਿਫ਼ਤ ਜ਼ਰੂਰ ਕਰਦੇ ਰਹਿੰਦੇ ਹਨ। ਕਿਉਂਕਿ ਉਨ੍ਹਾਂ ਦਾ ਉਪਰਾਲਾ ਧਾਰਮਿਕ ਖੇਤਰ ਦੇ ਅੰਦਰ ਬਹੁਤ ਵੱਡਾ ਤੇ ਵਿਲੱਖਣ ਹੈ।

ਜੋ ਪੰਥਕ ਕਾਰਜ ਗੁਰਦੁਆਰਾ ਗੁਰ ਮਿਲਾਪ ਫਰਿਜ਼ਨੋ ਤੇ ਸਿੰਘ ਸਾਹਿਬ ਭਾਈ ਜਗਦੀਸ਼ ਸਿੰਘ ਹੋਰਾਂ ਵੱਲੋਂ ਦੁਨੀਆਂ ਦੇ ਅੰਦਰ ਚਲਾਏ ਜਾ ਰਹੇ ਹਨ, ਬਿਨਾਂ ਸ਼ੱਕ ਇਹ ਇੱਕ ਬੜੀ ਵੱਡੀ ਗੱਲ ਹੈ। ਕਿਉਂਕਿ ਕੋਈ ਵੀ ਇਨਸਾਨ ਅੱਜ ਦੇ ਪਦਾਰਥਵਾਦੀ ਯੁੱਗ ਦੇ ਅੰਦਰ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਧਾਰਮਿਕ ਅਤੇ ਪੰਜਾਬੀ ਮਾਂ ਬੋਲੀ ਦੇ ਨਾਲ ਜੋੜਨ ਦੇ ਲਈ ਇਨਾਂ ਯਤਨਸ਼ੀਲ ਨਹੀਂ ਰਹਿੰਦਾ, ਜਿੰਨਾ ਯਤਨਸ਼ੀਲ ਗੁਰਦੁਆਰਾ ਸਾਹਿਬ ਗੁਰਮਿਲਾਪ ਦੇ ਪ੍ਰਬੰਧਕ ਹਨ। ਪ੍ਰਬੰਧਕਾਂ ਦੇ ਇਸ ਅਵੱਲੇ ਕਾਰਜ ਨੂੰ ਸਿਜਦਾ ਕਰਨਾ ਬਣਦਾ ਹੈ। ਨਹੀਂ ਤਾਂ ਅੱਜ ਦੇ ਸਮੇਂ ਅੰਦਰ ਅਸੀਂ ਸਾਰੇ ਆਪਣੇ ਨਿੱਜੀ ਮੁਫਾਦਾਂ ਨੂੰ ਲੈ ਕੇ ਪਦਾਰਥਵਾਦੀ ਯੁੱਗ ਦੇ ਅੰਦਰ ਵਿਚਰਦੇ ਹੋਏ ਆਪਣੇ ਕੰਮ ਧੰਦਿਆਂ ਵਿਚ ਵਿਅਸਤ ਰਹਿੰਦੇ ਹਾਂ ਪਰ ਰਾਜਸਥਾਨ ਵਰਗੇ ਸੂਬੇ ਦੇ ਵਿਚ ਜਾ ਕੇ ਗੁਰਦੁਆਰਾ ਗੁਰ ਮਿਲਾਪ ਦੇ ਪ੍ਰਬੰਧਕਾਂ ਵੱਲੋਂ ਕੀਤੇ ਜਾ ਰਹੇ ਕਾਰਜ ਆਪਣੇ ਆਪ ਵਿਚ ਵੱਖਰੀ ਮਿਸਾਲ ਹਨ।

ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਵੀ ਇਹੋ ਜਿਹੀਆਂ ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੀ ਸਿਫਤ ਕਰਦੇ ਰਹੀਏ। ਕਿਉਂਕਿ ਅੱਜ ਦੇ ਸਮੇਂ ਅੰਦਰ ਬਹੁਤ ਸਾਰੇ ਘੱਟ ਇਨਸਾਨ ਹਨ, ਜੋ ਅਜਿਹੇ ਕਾਰਜ ਕਰ ਰਹੇ ਹਨ, ਨਹੀਂ ਤਾਂ ਅਸੀਂ ਸਾਰੇ ਆਪਣੀਆਂ ਨਿੱਜੀ ਗਰਜਾਂ ਤੋਂ ਪਾਸੇ ਨਹੀਂ ਜਾ ਰਹੇ। ਗੁਰਦੁਆਰਾ ਗੁਰ ਮਿਲਾਪ ਜਿੱਥੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇ ਰਹੀ ਹੈ, ਉਥੇ ਹੀ ਪੰਜਾਬੀ ਮਾਂ ਬੋਲੀ ਦੀ ਗੱਲ ਵੀ ਕੀਤੀ ਜਾ ਰਹੀ ਹੈ, ਬੱਚਿਆਂ ਨੂੰ ਕੀਰਤਨ ਸਿਖਾਇਆ ਜਾ ਰਿਹਾ ਹੈ। ਬੱਚੇ ਕਥਾ ਕਰ ਰਹੇ ਹਨ। ਇੱਕ ਪਾਸੇ ਗੁਰੂ ਸਾਹਿਬ ਵੱਲੋਂ ਬਖਸ਼ੀ ਪਾਵਨ ਗੁਰਬਾਣੀ ਦੀ ਵਿਆਖਿਆ ਵੀ ਸਿਖਾਈ ਜਾ ਰਹੀ ਹੈ। ਇਹ ਸਭ ਕੁਝ ਕਿੰਨੇ ਕੁ ਅਦਾਰਿਆਂ ਵਿਚ ਅੱਜ ਸਾਨੂੰ ਵੇਖਣ ਨੂੰ ਮਿਲਦਾ ਹੈ, ਕਹਿਣ ਦੀ ਗੱਲ ਨਹੀਂ। ਆਓ ਸਾਰੇ ਅਜਿਹੀਆਂ ਜਥੇਬੰਦੀਆਂ ਦਾ ਸਾਥ ਦੇਈਏ, ਤਾਂ ਕਿ ਸਾਡੀ ਨਵੀਂ ਪੀੜ੍ਹੀ ਗੁਰੂ ਸਾਹਿਬ ਦੇ ਲੜ ਲੱਗ ਸਕੇ। ਬਿਨਾਂ ਸ਼ੱਕ ਗੁਰਦੁਆਰਾ ਸਾਹਿਬ ਗੁਰਮਿਲਾਪ ਫਰਿਜ਼ਨੋ ਦੇ ਪ੍ਰਬੰਧਕ ਭਾਈ ਜਗਦੀਸ਼ ਸਿੰਘ ਸਿਫ਼ਤ ਦੇ ਹੱਕਦਾਰ ਹਨ।



# ਬੋਲੀ ਆਪਣੀ ਦਿਲੋਂ ਭੁਲਾਈ ਜਾਂਦੇ !

## ਪੰਜਾਬੀ ਮਾਹ 'ਤੇ ਵਿਸ਼ੇਸ਼

ਬਲਜਿੰਦਰ ਮਾਨ
ਹੁਸ਼ਿਆਰਪੁਰ
98150-18947
ਪੰਜਾਬ ਮੇਲ USA





ਇਕੋ ਗੱਲ ਮਾੜੀ, ਇਹਦੇ ਛੈਲ ਬਾਂਕੇ,
ਬੋਲੀ ਆਪਣੀਂ ਦਿਲੋਂ ਭੁਲਾਈ ਜਾਂਦੇ।
ਪਿੱਛੇ ਲੱਗ ਸਿੱਪੀਆਂ ਦੇ ਖਾਂਦੇ ਫਿਰਨ ਗੋਤੇ,
ਪੰਜ-ਆਬ ਦਾ ਰਤਨ ਰੁਲਾਈ ਜਾਂਦੇ।

ਜੇਕਰ ਅੱਜ ਸਾਡੀ ਸਾਰੀ ਦੁਨੀਆਂ ਵਿਚ ਪਹਿਚਾਣ ਹੈ, ਤਾਂ ਉਹ ਕੇਵਲ ਤੇ ਕੇਵਲ ਸਾਡੀ ਮਾਂ ਬੋਲੀ ਕਰਕੇ ਹੀ ਹੈ। ਮਾਂ ਬੋਲੀ ਤੋਂ ਭਾਵ ਉਸ ਬੋਲੀ ਤੋਂ ਹੈ, ਜਿਸ ਬੋਲੀ ਵਿਚ ਸਾਡੀ ਮਾਤਾ ਸਾਨੂੰ ਲੋਰੀਆਂ ਦਿੰਦੀ ਹੋਈ ਸਾਡੇ ਨਾਲ ਲਾਡ ਲਡਾਉਂਦੀ ਹੈ। ਉਸਦੀ ਇਹ ਮਿੱਠੀ ਬੋਲੀ ਸਾਨੂੰ ਸਿਰਫ ਬੋਲਣਾ ਹੀ ਨਹੀਂ ਸਿਖਾਉਂਦੀ, ਸਗੋਂ ਜ਼ਿੰਦਗੀ 'ਚ ਸਫ਼ਲ ਹੋਣ ਦੀ ਰਾਹ ਵੀ ਦਿਖਾਉਂਦੀ ਹੈ। ਇਸ ਕਰਕੇ ਸਾਡੀ ਹੋਂਦ ਮਾਂ ਬੋਲੀ ਸਦਕਾ ਹੀ ਹੈ। ਪਰ ਜਦੋਂ ਅਸੀਂ ਪੰਜਾਬ ਵਿਚ ਆਲੇ-ਦੁਆਲੇ ਝਾਤੀ ਮਾਰਦੇ ਹਾਂ, ਤਾਂ ਸਾਨੂੰ ਅੰਗਰੇਜ਼ੀ ਸਕੂਲਾਂ ਦੀ ਭਰਮਾਰ ਅਤੇ ਅੰਗਰੇਜ਼ੀ 'ਚ ਲੱਗੇ ਵੱਡੇ-ਵੱਡੇ ਬੋਰਡ ਦਿਖਾਈ ਦਿੰਦੇ ਹਨ। ਇਹ ਦ੍ਰਿਸ਼ ਦੇਖ ਕੇ ਸਾਨੂੰ ਪੰਜਾਬ, ਪੰਜਾਬ ਹੀ ਦਿਖਾਈ ਨਹੀਂ ਦਿੰਦਾ, ਸਗੋਂ ਕੋਈ ਹੋਰ ਸੂਬਾ ਲੱਗਦਾ ਹੈ। ਜਿਸਦੀ ਮਾਤ ਭਾਸ਼ਾ ਅੰਗਰੇਜ਼ੀ ਲੱਗਦੀ ਹੈ। ਹਰ ਕੋਈ ਉਸਦਾ ਦੀਵਾਨਾ ਬਣਿਆ ਫਿਰਦਾ ਹੈ।

ਪੰਜਾਬੀ ਨੂੰ ਪਟਰਾਣੀ ਬਨਾਉਣ ਵਾਲੇ ਪੰਜਾਬ ਦੇ ਤਤਕਲੀਨ ਮੁੱਖ ਮੰਤਰੀ ਸ. ਲਛਮਣ ਸਿੰਘ ਗਿੱਲ ਨੂੰ ਬੜੇ ਆਦਰ ਅਤੇ ਸਤਿਕਾਰ ਨਾਲ ਯਾਦ ਕਰਨਾ ਬਣਦਾ ਹੈ। ਸਮੇਂ-ਸਮੇਂ ਦੀਆਂ ਸਰਕਾਰਾਂ ਨੇ ਮਾਤ ਭਾਸ਼ਾ ਨੂੰ ਪੂਰਨ ਰੂਪ 'ਚ ਲਾਗੂ ਕਰਨ ਲਈ ਕਾਨੂੰਨਾਂ 'ਚ ਸੋਧਾਂ ਕਰਦਿਆਂ ਸਜ਼ਾਵਾਂ ਦਾ ਪ੍ਰਬੰਧ ਕੀਤਾ ਪਰ ਐਨਾ ਸਮਾਂ ਬੀਤਣ ਦੇ ਬਾਵਜੂਦ ਵੀ ਪੰਜਾਬੀ ਨੂੰ ਉਹ ਦਰਜਾ ਹਾਸਲ ਨਹੀਂ ਹੋ ਸਕਿਆ, ਜੋ ਹੋਣਾ ਚਾਹੀਦਾ ਹੈ। ਪੰਜਾਬ ਦੇ ਹੀ ਕਈ ਨਿੱਜੀ ਸਕੂਲਾਂ ਵਿਚ ਪੰਜਾਬੀ ਬੋਲਣ ਦੀ ਮਨਾਹੀ ਕੀਤੀ ਹੋਈ ਹੈ। ਇਥੋਂ ਤੱਕ ਕਿ ਸੀ.ਬੀ.ਐੱਸ.ਈ. ਬੋਰਡ ਨੇ ਤਾਂ ਪੰਜਾਬੀ ਨੂੰ ਅਖਤਿਆਰੀ ਵਿਸ਼ੇ ਵਿਚ ਸ਼ਾਮਲ ਕਰ ਕੀਤਾ ਹੋਇਆ ਹੈ। ਇਥੋਂ ਇਹ ਸਾਬਿਤ ਹੁੰਦਾ ਹੈ ਕਿ ਜਿਨ੍ਹਾਂ ਵਿੱਦਿਅਕ ਸੰਸਥਾਵਾਂ ਨੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਯਤਨ ਕਰਨੇ ਹਨ, ਉਹੀ ਇਸ ਤੋਂ ਮੁੱਖ ਮੋੜੀ ਬੈਠੀਆਂ ਹਨ।

ਵਿਦੇਸ਼ੀ ਧਰਤੀਆਂ ਦੀ ਖਿੱਚ ਨੇ ਨਵੀਂ ਪੀੜ੍ਹੀ 'ਚੋਂ ਮਾਤ ਭਾਸ਼ਾ ਦੇ ਮੋਹ ਨੂੰ ਗਾਇਬ ਕਰ ਦਿੱਤਾ ਹੈ। ਅੱਜ ਪੰਜਾਬ ਦਾ ਹਰ ਨੌਜਵਾਨ ਆਈਲੈਟਸ ਕਰਕੇ ਅਮਰੀਕਾ, ਕੈਨੇਡਾ ਜਾਣ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਾਨੂੰ ਪੰਜਾਬ ਜਾਂ ਭਾਰਤ 'ਚ ਰੁਜ਼ਗਾਰ ਨਹੀਂ ਮਿਲਦਾ, ਤਾਂ ਵਿਦੇਸ਼ਾਂ ਵਿਚ ਜਾਣਾ ਸਾਡੀ ਮਜਬੂਰੀ ਹੈ। ਇਥੋਂ ਇਹ ਸਾਬਿਤ ਹੁੰਦਾ ਹੈ ਕਿ ਅਸੀਂ ਆਪਣੀ ਮਾਤ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਨਹੀਂ ਬਣਾ ਸਕੇ। ਦੂਜੇ ਕਾਰੋਬਾਰੀ ਅਦਾਰਿਆਂ 'ਚ ਵੀ ਸਭ ਕੰਮਕਾਰ ਅੰਗਰੇਜ਼ੀ ਵਿਚ ਕੀਤੇ ਜਾ ਰਹੇ ਹਨ। ਇਥੇ ਹੀ ਬੱਸ ਨਹੀਂ, ਸਗੋਂ ਪੰਜਾਬ ਦੀਆਂ ਅਦਾਲਤਾਂ ਵਿਚ ਵਕੀਲ ਵੀ ਅੰਗਰੇਜ਼ੀ ਵਿਚ ਬਹਿਸ ਕਰਦੇ ਦੇਖੇ ਜਾ ਸਕਦੇ ਹਨ। ਬਹੁਤ ਸਾਰੀਆਂ ਸਰਕਾਰੀ ਚਿੱਠੀਆਂ ਵੀ ਅੰਗਰੇਜ਼ੀ ਵਿਚ ਜਾਰੀ ਹੁੰਦੀਆਂ ਹਨ। ਇਨ੍ਹਾਂ ਉਦਾਹਰਨਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਰਕਾਰਾਂ ਕਾਨੂੰਨ ਤਾਂ ਬਣਾ ਦਿੰਦੀਆਂ ਹਨ ਪਰ ਉਨ੍ਹਾਂ ਨੂੰ ਲਾਗੂ ਕਰਨ ਲਈ ਬਹੁਤੀ ਖੇਚਲ ਨਹੀਂ ਕਰਦੀਆਂ। ਇਹ ਵਰਤਾਰਾ ਦੇਖ ਕੇ ਇੰਜ ਮਹਿਸੂਸ ਹੋਣ ਲੱਗਦਾ ਹੈ, ਜਿਵੇਂ ਸਭ ਆਖ ਰਜੇ ਹੋਣ:

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ,
ਤੂੰ ਲੈਣਾ ਪੰਜਾਬੀ ਦਾ ਨਾਂ ਛੱਡਦੇ।
ਗੋਦੀ ਜਿਹਦੀ ਵਿਚ ਪਲ਼ਕੇ ਜਵਾਨ ਹੋਇਓਂ,
ਉਹ ਮਾਂ ਛੱਡ ਦੇ ਤੇ ਗਰਾਂ ਛੱਡਦੇ।
ਜੇ ਪੰਜਾਬੀ ਪੰਜਾਬੀ ਹੀ ਕੂਕਣਾ ਏ,
ਜਿੱਥੇ ਖਲੋਤਾਂ ਏ ਉਹ ਥਾਂ ਛੱਡਦੇ।
ਮੈਨੂੰ ਇੰਝ ਲੱਗਦਾ ਲੋਕੀਂ ਆਖਦੇ ਨੇ,
ਤੂੰ ਪੁੱਤਰਾ ਆਪਣੀ ਮਾਂ ਛੱਡਦੇ।

ਸਾਡੇ ਮਾਪੇ ਵੀ ਮਾਤ ਭਾਸ਼ਾ ਦੇ ਮਹੱਤਵ ਤੋਂ ਕੋਰੇ ਹਨ। ਉਹ ਬੱਚਿਆਂ ਨੂੰ ਮਹਿੰਗੇ-ਮਹਿੰਗੇ ਖਿਡੌਣੇ ਤਾਂ ਖਰੀਦ ਕੇ ਦਿੰਦੇ ਹਨ ਪਰ ਉਨ੍ਹਾਂ ਦੇ ਉਮਰ ਗੁੱਟ ਅਨੁਸਾਰ ਮਾਤ ਭਾਸ਼ਾ 'ਚ ਬਾਲ ਪੁਸਤਕਾਂ ਅਤੇ ਬਾਲ ਰਸਾਲੇ ਕਦੀ ਖਰੀਦ ਕੇ ਨਹੀਂ ਦਿੰਦੇ। ਰੌਚਕ ਬਾਲ ਸਾਹਿਤ ਰਾਹੀਂ ਹੀ ਬੱਚਿਆਂ ਅੰਦਰ ਮਾਤ ਭਾਸ਼ਾ ਪ੍ਰਤੀ ਮੋਹ ਉਜਾਗਰ ਕੀਤਾ ਜਾ ਸਕਦਾ ਹੈ। ਇਥੋਂ ਤੱਕ ਕਿ ਇਕ ਸੰਤੁਲਿਤ ਸ਼ਖ਼ਸੀਅਤ ਦਾ ਨਿਰਮਾਣ ਵੀ ਨਰੋਏ ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਰਸਾਲਿਆਂ ਨਾਲ ਹੁੰਦਾ ਹੈ। ਜੇਕਰ ਇਹ ਨਵੀਂ ਪਨੀਰੀ ਆਪਣੀ ਮਾਤ ਭਾਸ਼ਾ ਨੂੰ ਪਿਆਰਨ ਅਤੇ ਸਤਿਕਾਰਨ ਲੱਗ ਪਈ ਫਿਰ ਕਾਨੂੰਨਾਂ ਰਾਹੀਂ ਸਜ਼ਾਵਾਂ ਦੇਣ ਦੀ ਕੋਈ ਲੋੜ ਨਹੀਂ ਰਹਿਣੀ। ਇਸ ਲਈ ਸਭ ਤੋਂ ਮਹੱਤਵਪੂਰਨ ਕੰਮ ਬਾਲ ਪਨੀਰੀ ਅੰਦਰ ਆਪਣੀ ਮਾਂ ਬੋਲੀ ਪ੍ਰਤੀ ਮੋਹ ਪੈਦਾ ਕਰਨਾ ਹੈ।



ਬਾਲ ਪਨੀਰੀ ਨੂੰ ਮਾਤ ਭਾਸ਼ਾ ਨਾਲ਼ ਜੋੜਨ ਲਈ ਰੌਚਕ ਬਾਲ ਪੁਸਤਕਾਂ ਅਤੇ ਬਾਲ ਰਸਾਲਿਆਂ ਦੀ ਬਹੁਤ ਲੋੜ ਹੈ। ਇਹ ਪੁਸਤਕਾਂ ਤੇ ਰਸਾਲੇ ਹਰ ਸਰਕਾਰੀ ਅਤੇ ਨਿੱਜੀ ਸਕੂਲ ਦੀ ਲਾਇਬ੍ਰੇਰੀ ਵਿਚ ਖੁੱਲ੍ਹੇ ਰੂਪ ਵਿਚ ਮਿਲਣੇ ਚਾਹੀਦੇ ਹਨ। ਸਰਕਾਰੀ ਸਕੂਲਾਂ ਵਿਚ ਤਾਂ ਲਾਇਬ੍ਰੇਰੀਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ ਹਨ ਪਰ ਅਜੇ ਨਿੱਜੀ ਸਕੂਲਾਂ 'ਚ ਲਾਇਬ੍ਰੇਰੀ ਕਲਚਰ ਪੈਦਾ ਕਰਨ ਦੀ ਵਿਸ਼ੇਸ਼ ਜ਼ਰੂਰਤ ਹੈ। ਜ਼ਿਲ੍ਹਾ ਪੱਧਰੀ ਲਾਇਬ੍ਰੇਰੀਆਂ ਵਿਚ ਖਜ਼ਾਨਾ ਭਰਿਆ ਪਿਆ ਹੈ ਪਰ ਸਟਾਫ਼ ਦੀ ਕਮੀ ਕਾਰਨ ਕਿਸੇ ਨੂੰ ਕੋਈ ਲਾਭ ਨਹੀਂ ਹੋ ਰਿਹਾ। ਪੰਜਾਬ ਸਰਕਾਰ ਵਲੋਂ 58 ਹੋਰ ਲਾਇਬ੍ਰੇਰੀਆਂ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ, ਜਦਕਿ ਪਹਿਲਾਂ ਮੌਜੂਦ 278 ਲਾਇਬ੍ਰੇਰੀਆਂ ਨੂੰ ਸਟਾਫ਼ ਸਮੇਤ ਸਮੇਂ ਦੇ ਹਾਣੀ ਬਨਾਉਣ ਦੀ ਲੋੜ ਹੈ। ਬਹੁਤੇ ਵਿੱਦਿਅਕ ਅਦਾਰਿਆਂ 'ਚ ਬਾਲ ਰਸਾਲੇ ਤਾਂ ਲੱਭਿਆਂ ਵੀ ਨਹੀਂ ਲੱਭਦੇ। ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬ ਵਰਗੇ ਅਮੀਰ ਸੂਬੇ ਵਿਚ ਵੀ ਪੰਜਾਬੀ ਵਿਚ ਛਪਣ ਵਾਲੇ ਰਸਾਲਿਆਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਜੋਗੀ ਵੀ ਨਹੀਂ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਤੋਂ ਬਾਅਦ ਨਿੱਜੀ ਖੇਤਰ ਦਾ ਇੱਕੋ-ਇੱਕ ਰਸਾਲੇ ਨਿੱਕੀਆਂ ਕਰੂੰਬਲਾਂ ਨਜ਼ਰੀਂ ਪੈਂਦਾ ਹੈ, ਜੋ 1995 ਤੋਂ ਇਨ੍ਹਾਂ ਸਤਰਾਂ ਦੇ ਲੇਖਕ ਦੁਆਰਾ ਨਿਰੰਤਰ ਸੰਪਾਦਿਤ ਤੇ ਪ੍ਰਕਾਸ਼ਿਤ ਕੀਤਾ ਜਾਣ ਕਰਕੇ ਇੰਡੀਆ ਬੁੱਕ ਆਫ ਰਿਕਾਰਡਸ 'ਚ ਸ਼ਾਮਲ ਹੋ ਚੁੱਕਾ ਹੈ। ਤ੍ਰੈਮਾਸਿਕ ਬਾਲ ਪੁਸਤਕ ਲੜੀ ਆੜੀ ਦਾ ਜ਼ਿਕਰ ਵੀ ਹੋਣ ਲੱਗ ਪਿਆ ਹੈ। ਦਿੱਲੀ ਦੀ ਇਕ ਧਾਰਮਿਕ ਸੰਸਥਾ ਦੁਆਰਾ ਬਾਲ ਰਸਾਲਾ ਹੰਸਤੀ ਦੁਨੀਆਂ ਵੀ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ ਜਾਂਦਾ ਹੈ। ਪਾਕਿਸਤਾਨ 'ਚ ਮਾਤ ਭਾਸ਼ਾ ਦੀ ਪ੍ਰਫੁੱਲਤਾ ਵਾਸਤੇ ਅਸ਼ਰਫ ਸੁਹੇਲ ਦੁਆਰਾ ਬਾਲ ਰਸਾਲਾ ਪੰਖੇਰੂ 1996 ਤੋਂ ਛਾਪਿਆ ਜਾ ਰਿਹਾ ਹੈ।

ਇੱਥੋਂ ਇਹ ਪਤਾ ਲੱਗਦਾ ਹੈ ਕਿ ਸਾਡਾ ਆਪਣੀ ਮਾਤ ਭਾਸ਼ਾ ਨਾਲ ਕਿੰਨਾ ਕੁ ਪ੍ਰੇਮ ਹੈ। ਜਦਕਿ ਬੰਗਾਲ ਵਰਗੇ ਪ੍ਰਾਂਤ ਇਸ ਮਾਮਲੇ ਵਿਚ ਸਾਥੋਂ ਕਿਤੇ ਅੱਗੇ ਹਨ। ਉੱਥੇ ਘਰ ਵਿਚ ਮਾਂ ਬੋਲੀ ਦੀ ਅਖ਼ਬਾਰ ਅਤੇ ਬਾਲ ਰਸਾਲੇ ਬੜੇ ਮਾਣ ਨਾਲ ਪੜ੍ਹੇ ਜਾ ਰਹੇ ਹਨ। ਵਿਦੇਸ਼ੀ ਧਰਤੀਆਂ ਦੇ ਲੋਕ ਤਾਂ ਸਾਥੋਂ ਕੋਹਾਂ ਅੱਗੇ ਇਸੇ ਕਰਕੇ ਨਿਕਲ ਚੁੱਕੇ ਹਨ ਕਿ ਉਹ ਆਪਣੀ ਔਲਾਦ ਨੂੰ ਮਾਤ ਭਾਸ਼ਾ ਦੇ ਨਰੋਏ ਅਤੇ ਰੌਚਕ ਬਾਲ ਸਾਹਿਤ ਰਾਹੀਂ ਜੀਵਨ ਸੰਘਰਸ਼ ਵਾਸਤੇ ਤਿਆਰ ਕਰਦੇ ਹਨ। ਜਦੋਂ ਤੱਕ ਸਾਡੀ ਮਾਤ ਭਾਸ਼ਾ ਰੁਜ਼ਗਾਰ, ਵਪਾਰ ਅਤੇ ਨਿਆਂ ਦੀ ਭਾਸ਼ਾ ਨਹੀਂ ਬਣਦੀ, ਉਦੋਂ ਤੱਕ ਅਨੇਕਾਂ ਸਮੱਸਿਆਵਾਂ ਨਾਲ ਜੂਝਦੇ ਰਹਿਣਾ ਪੈਣਾ ਹੈ। ਬਾਬਾ ਫਰੀਦ, ਸਾਂਈ ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਅਤੇ ਗੁਰੂਆਂ ਦੁਆਰਾ ਵਰਤੀ ਇਸ ਬੋਲੀ ਦੀ ਮਹਾਨਤਾ ਜਦ ਤੱਕ ਦੁਨੀਆਂ ਹੈ, ਤਦ ਤੱਕ ਬਣੀ ਰਹੇਗੀ। ਇਸਦੀ ਪੁਰਾਤਨਤਾ ਸਭ ਤੋਂ ਪੁਰਾਣੇ ਵੇਦ ਰਿਗਵੇਦ ਨਾਲ ਜਾ ਮਿਲਦੀ, ਭਾਵ ਇਹ ਭਾਸ਼ਾ ਪੰਜ ਹਜ਼ਾਰ ਸਾਲ ਪੁਰਾਣੀ ਹੈ। ਅਸੀਂ ਖੁਦ ਪੰਜਾਬੀ ਹੋ ਕੇ ਆਪਣੀ ਮਾਤ ਭਾਸ਼ਾ ਦੀ ਵਰਤੋਂ 'ਤੇ ਮਾਣ ਮਹਿਸੂਸ ਨਹੀਂ ਕਰ ਰਹੇ। ਇਸ ਲਈ ਅੱਜ ਸਾਨੂੰ ਸਭ ਨੂੰ ਆਪਣੀ ਮਾਤ ਭਾਸ਼ਾ ਬੋਲਣ ਅਤੇ ਲਿਖਣ 'ਚ ਮਾਣ ਮਹਿਸੂਸ ਕਰਨਾ ਚਾਹੀਦਾ ਹੈ, ਤਾਂ ਕਿ ਸਾਡੀ ਵਿਲੱਖਣ ਹੋਂਦ ਦੁਨੀਆਂ ਵਿਚ ਕਾਇਮ ਰਹਿ ਸਕੇ। ਬਾਬਾ ਨਜ਼ਮੀ ਦੀਆਂ ਇਹ ਸਤਰਾਂ ਹਰ ਪੰਜਾਬੀ ਨੂੰ ਆਪਣੇ ਮਨ ਅੰਦਰ ਵਸਾਉਣੀਆਂ ਚਾਹੀਦੀਆਂ ਹਨ। ਫਿਰ ਕਿਤੇ ਮਾਂ ਬੋਲੀ ਦੀ ਸਰਦਾਰੀ ਦੀ ਉਮੀਦ ਲਾਈ ਜਾ ਸਕਦੀ ਹੈ।


ਅੱਖਰਾਂ ਵਿਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ
ਝੱਖੜਾਂ ਦੇ ਵਿਚ ਰੱਖ ਦਿੱਤਾ ਏ ਦੀਵਾ ਬਾਲ਼ ਪੰਜਾਬੀ ਦਾ।
ਲੋਕੀਂ ਮੰਗ ਮੰਗਾ ਕੇ ਆਪਣਾ ਬੋਹਲ ਬਣਾ ਕੇ ਬਹਿ ਗਏ ਨੇ
ਅਸੀਂ ਤਾਂ ਮਿੱਟੀ ਕਰ ਦਿੱਤਾ ਏ ਸੋਨਾ ਗਾਲ਼ ਪੰਜਾਬੀ ਦਾ।
ਕੋਈ ਵੀ ਜਬਰਨ ਕਰ ਨਹੀਂ ਸਕਦਾ ਵਿੰਗਾ ਵਾਲ਼ ਪੰਜਾਬੀ ਦਾ,
ਅੱਖਰਾਂ ਵਿਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ।


ਵਿਦੇਸ਼ੀ ਧਰਤੀਆਂ ਦੀ ਖਿੱਚ ਨੇ ਨਵੀਂ ਪੀੜ੍ਹੀ 'ਚੋਂ ਮਾਤ ਭਾਸ਼ਾ ਦੇ ਮੋਹ ਨੂੰ ਗਾਇਬ ਕਰ ਦਿੱਤਾ ਹੈ। ਅੱਜ ਪੰਜਾਬ ਦਾ ਹਰ ਨੌਜਵਾਨ ਆਈਲੈਟਸ ਕਰਕੇ ਅਮਰੀਕਾ, ਕੈਨੇਡਾ ਜਾਣ ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਾਨੂੰ ਪੰਜਾਬ ਜਾਂ ਭਾਰਤ 'ਚ ਰੁਜ਼ਗਾਰ ਨਹੀਂ ਮਿਲਦਾ, ਤਾਂ ਵਿਦੇਸ਼ਾਂ ਵਿਚ ਜਾਣਾ ਸਾਡੀ ਮਜਬੂਰੀ ਹੈ। ਇਥੋਂ ਇਹ ਸਾਬਿਤ ਹੁੰਦਾ ਹੈ ਕਿ ਅਸੀਂ ਆਪਣੀ ਮਾਤ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਨਹੀਂ ਬਣਾ ਸਕੇ। ਦੂਜੇ ਕਾਰੋਬਾਰੀ ਅਦਾਰਿਆਂ 'ਚ ਵੀ ਸਭ ਕੰਮਕਾਰ ਅੰਗਰੇਜ਼ੀ ਵਿਚ ਕੀਤੇ ਜਾ ਰਹੇ ਹਨ। ਇਥੇ ਹੀ ਬੱਸ ਨਹੀਂ, ਸਗੋਂ ਪੰਜਾਬ ਦੀਆਂ ਅਦਾਲਤਾਂ ਵਿਚ ਵਕੀਲ ਵੀ ਅੰਗਰੇਜ਼ੀ ਵਿਚ ਬਹਿਸ ਕਰਦੇ ਦੇਖੇ ਜਾ ਸਕਦੇ ਹਨ।

# ਜਸਵੰਤ ਗਿੱਲ ਸਮਾਲਸਰ ਦਾ ਕਾਵਿ ਸੰਗ੍ਰਹਿ 'ਜ਼ਿੰਦਗੀ ਦੇ ਪਰਛਾਵੇਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA






**128 ਪੰਨਿਆਂ, 250 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਪ੍ਰੀਤ ਪਬਲੀਕੇਸ਼ਨ ਨਾਭਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ: ਜਸਵੰਤ ਗਿੱਲ ਸਮਲਸਰ: 9780451878**

ਉਸ ਦੀਆਂ ਕਵਿਤਾਵਾਂ ਸਮਾਜਿਕਤਾ ਦੀ ਗੱਲ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦੇ ਵਿਸ਼ੇ ਨਸ਼ੇ, ਕਿਸਾਨੀ ਖ਼ੁਦਕਸ਼ੀਆਂ, ਸਿਆਸਤਦਾਨਾਂ ਦੀਆਂ ਫ਼ਿਰਕੂ ਨੀਤੀਆਂ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਲਾਲਚ, ਧੋਖੇ, ਝੂਠੇ ਪੁਲਿਸ ਮੁਕਾਬਲੇ, ਪ੍ਰਸ਼ਾਸ਼ਨਿਕ ਮਸ਼ੀਨਰੀ ਸਰਕਾਰ ਦੀ ਕਠਪੁਤਲੀ, ਗਰਭਪਾਤ, ਸਰਮਾਏਦਾਰੀ, ਲੁੱਟ ਘਸੁੱਟ, ਪਰਿਵਾਰਿਕ ਰਿਸ਼ਤਿਆਂ ਵਿਚ ਖਟਾਸ, ਜ਼ੁਲਮ, ਪੁਲਿਸ ਵਧੀਕੀਆਂ, ਔਰਤ ਦੀ ਜ਼ਬਤ ਵਿਚ ਰਹਿੰਦਿਆਂ ਆਜ਼ਾਦੀ, ਧਾਰਮਿਕ ਕੁਰੀਤੀਆਂ, ਪਖੰਡਵਾਦ, ਜ਼ਾਤ-ਪਾਤ, ਮਹੰਤਵਾਦ, ਪੁਜਾਰੀਵਾਦ, ਰੂੜ੍ਹੀਵਾਦ, ਅੰਧਵਿਸ਼ਵਾਸ ਅਤੇ ਲੋਕਤੰਤਰ ਦੀ ਦੁਰਵਰਤੋਂ ਆਦਿ ਹਨ।

ਜਸਵੰਤ ਗਿੱਲ ਸਮਾਲਸਰ ਦਾ ਪਲੇਠਾ ਕਾਵਿ ਸੰਗ੍ਰਹਿ 'ਜ਼ਿੰਦਗੀ ਦੇ ਪਰਛਾਵੇਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਹੈ। ਇਸ ਕਾਵਿ ਸੰਗ੍ਰਹਿ ਵਿਚ 68 ਖੁੱਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ। ਸ਼ਾਇਰ ਆਪਣੀ ਕਵਿਤਾ ਵਿਚ ਖ਼ੁਦ ਲਿਖਦਾ ਹੈ ਕਿ ਅਜਿਹੀ ਕਵਿਤਾ ਸਾਰਥਿਕ ਨਹੀਂ ਹੋ ਸਕਦੀ, ਜਿਸਦਾ ਲੋਕਾਈ ਨੂੰ ਕੋਈ ਲਾਭ ਨਾ ਹੋਵੇ ਤੇ ਲੋਕਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਿਤ ਨਾ ਕਰਦੀ ਹੋਵੇ। ਉਹ ਪਿਆਰ ਦੀਆਂ ਪੀਂਘਾਂ ਪਾਉਣ ਵਾਲੀਆਂ ਕਵਿਤਾਵਾਂ ਨੂੰ ਲੋਕ ਹਿੱਤ ਦੀਆਂ ਨਹੀਂ ਸਮਝਦਾ। ਜਸਵੰਤ ਗਿੱਲ ਸਮਾਲਸਰ ਦੀਆਂ ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਲੋਕਾਂ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ। ਉਹ ਸੰਵੇਦਨਸ਼ੀਲ ਕਵੀ ਹੈ। ਸਿਆਸਤਦਾਨਾਂ ਨੇ ਧਰਮ ਦੇ ਹਥਿਆਰ ਰਾਹੀਂ ਲੋਕਾਂ ਦੇ ਹੱਕਾਂ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਹੈ। ਧਰਮ ਜੀਵਨ ਜਾਚ ਨਹੀਂ, ਸਗੋਂ ਕਰਮ ਕਾਂਡ ਬਣ ਗਿਆ ਹੈ। ਇਸ ਕਾਵਿ ਸੰਗ੍ਰਹਿ ਵਿਚੋਂ ਕਵੀ ਦੀ ਵਿਚਾਰਧਾਰਾ ਪ੍ਰਤੱਖ ਰੂਪ ਵਿਚ ਵਿਖਾਈ ਦਿੰਦੀ ਹੈ। ਕਵੀ ਬਹੁਤੀਆਂ ਕਵਿਤਾਵਾਂ ਵਿਚ ਸਮਾਜ ਦੇ ਦੱਬੇ-ਕੁਚਲੇ ਕਿਰਤੀਆਂ, ਕਾਮਿਆਂ, ਇਸਤਰੀਆਂ, ਮਜ਼ਦੂਰਾਂ ਤੇ ਮਿਹਨਤਕਸ਼ਾਂ ਨੂੰ ਲਾਮਬੰਦ ਹੋ ਕੇ ਇਨਕਲਾਬ ਲਿਆਉਣ ਦੀ ਪ੍ਰੇਰਨਾ ਦਿੰਦਾ ਰਹਿੰਦਾ ਹੈ। ਉਸ ਦੀਆਂ ਕਵਿਤਾਵਾਂ ਸਮਾਜਿਕਤਾ ਦੀ ਗੱਲ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦੇ ਵਿਸ਼ੇ ਨਸ਼ੇ, ਕਿਸਾਨੀ ਖ਼ੁਦਕਸ਼ੀਆਂ, ਸਿਆਸਤਦਾਨਾਂ ਦੀਆਂ ਫ਼ਿਰਕੂ ਨੀਤੀਆਂ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਲਾਲਚ, ਧੋਖੇ, ਝੂਠੇ ਪੁਲਿਸ ਮੁਕਾਬਲੇ, ਪ੍ਰਸ਼ਾਸ਼ਨਿਕ ਮਸ਼ੀਨਰੀ ਸਰਕਾਰ ਦੀ ਕਠਪੁਤਲੀ, ਗਰਭਪਾਤ, ਸਰਮਾਏਦਾਰੀ, ਲੁੱਟ ਘਸੁੱਟ, ਪਰਿਵਾਰਿਕ ਰਿਸ਼ਤਿਆਂ ਵਿਚ ਖਟਾਸ, ਜ਼ੁਲਮ, ਪੁਲਿਸ ਵਧੀਕੀਆਂ, ਔਰਤ ਦੀ ਜ਼ਬਤ ਵਿਚ ਰਹਿੰਦਿਆਂ ਆਜ਼ਾਦੀ, ਧਾਰਮਿਕ ਕੁਰੀਤੀਆਂ, ਪਖੰਡਵਾਦ, ਜ਼ਾਤ-ਪਾਤ, ਮਹੰਤਵਾਦ, ਪੁਜਾਰੀਵਾਦ, ਰੂੜ੍ਹੀਵਾਦ, ਅੰਧਵਿਸ਼ਵਾਸ ਅਤੇ ਲੋਕਤੰਤਰ ਦੀ ਦੁਰਵਰਤੋਂ ਆਦਿ ਹਨ। ਭਾਵੇਂ ਸਾਰੇ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਹਾਮੀ ਲੇਖਕਾਂ ਨੇ ਜਿਹੜੇ ਵਿਸ਼ੇ ਚੁਣੇ ਹਨ, ਉਹ ਹੀ ਜਸਵੰਤ ਗਿੱਲ ਸਮਾਲਸਰ ਨੇ ਚੁਣੇ ਹਨ, ਪ੍ਰੰਤੂ ਉਸਦਾ ਇਨ੍ਹਾਂ ਵਿਸ਼ਿਆਂ ਬਾਰੇ ਕਵਿਤਾ ਲਿਖਣ ਦਾ ਅੰਦਾਜ਼ ਬਾਕੀ ਸਾਰੇ ਸ਼ਾਇਰਾਂ ਨਾਲੋਂ ਵੱਖਰਾ ਹੈ। ਉਸਨੇ ਸਵਾਲ ਜਵਾਬ ਦੀ ਤਕਨੀਕ ਨਾਲ ਵੰਗਾਰਦੀਆਂ ਕਵਿਤਾਵਾਂ ਲਿਖੀਆਂ ਹਨ। ਸਰਕਾਰਾਂ ਵੱਲੋਂ ਪ੍ਰਗਤੀਸ਼ਲ ਚਿੰਤਕਾਂ ਨਾਲ ਕੀਤੀਆਂ ਗਈਆਂ ਅਣਮਨੁੱਖੀ ਹਰਕਤਾਂ ਕਰਕੇ ਉਸਨੇ ਆਪਣੀਆਂ ਕਵਿਤਾਵਾਂ ਵਿਚ ਚਿੰਤਾ ਪ੍ਰਗਟ ਕੀਤੀ ਹੈ। ਸਰਕਾਰ ਬੁੱਧੀਜੀਵੀਆਂ ਦੀ ਆਵਾਜ਼ ਦਬਾਉਣੀ ਚਾਹੁੰਦੀ ਹੈ, ਕਲਮਕਾਰਾਂ ਨੂੰ ਦੇਸ਼ ਧ੍ਰੋਹੀ, ਕਿਸਾਨਾਂ ਨੂੰ ਅੱਤਵਾਦੀ ਤੇ ਮਜ਼ਦੂਰਾਂ ਨੂੰ ਨਕਸਲਵਾਦੀ ਗਰਦਾਨਕੇ ਭੰਡਿਆ ਜਾ ਰਿਹਾ। ਉਸਦੀ ਕਵਿਤਾ ਕਿਸੇ ਹੋਰ ਸ਼ਾਇਰ ਦੇ ਪ੍ਰਭਾਵ ਅਧੀਨ ਨਹੀਂ ਲਿਖੀ ਗਈ, ਸਗੋਂ ਉਸਨੇ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਪੜ੍ਹਕੇ ਪਾਠਕ ਅੰਦਰ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ਼ ਉਠਾਉਣ ਲਈ ਇਕੱਲੀ ਜਾਗ੍ਰਤੀ ਹੀ ਪੈਦਾ ਨਹੀਂ ਹੁੰਦੀ, ਸਗੋਂ ਇਨਕਲਾਬ ਲਿਆਉਣ ਲਈ ਜੋਸ਼ ਵੀ ਪੈਦਾ ਹੁੰਦਾ ਹੈ। ਕਾਵਿ ਸੰਗ੍ਰਹਿ ਦੀ ਪਹਿਲੀ 'ਮੇਰੀ ਕਵਿਤਾ' ਦੇ ਸਿਰਲੇਖ ਵਾਲੀ ਕਵਿਤਾ ਵਿਚ ਹੀ ਕਵੀ ਕਵਿਤਾ ਨੂੰ ਲੋਕਾਂ ਹਿੱਤਾਂ ਦੀ ਪਹਿਰੇਦਾਰ ਵਜੋਂ ਪੇਸ਼ ਕਰਦਾ ਹੈ। 'ਕਵਿਤਾ ਦੀ ਤਾਕਤ' ਸਿਰਲੇਖ ਵਾਲੀ ਕਵਿਤਾ ਵਿਚ ਲਿਖਦਾ ਹੈ ਕਿ ਕਵਿਤਾ ਵਿਚ ਅਥਾਹ ਸ਼ਕਤੀ ਹੁੰਦੀ ਹੈ, ਜਿਹੜੀ ਇਨਸਾਨ ਦੀ ਜ਼ਿੰਦਗੀ ਤੇ ਰਾਜ ਭਾਗ ਬਦਲ ਸਕਦੀ ਹੈ। 'ਇਨਕਲਾਬ ਦੇ ਨਾਅਰੇ' ਸਿਰਲੇਖ ਵਾਲੀ ਕਵਿਤਾ ਵਿਚ ਪੰਜਾਬੀ ਭਾਸ਼ਾ ਦੀ ਅਣਵੇਖੀ ਲਈ, ਪੰਜਾਬੀ ਖਾਸ ਤੌਰ 'ਤੇ ਉਨ੍ਹਾਂ ਦੇ ਮਾਪੇ ਜ਼ਿੰਮੇਵਾਰ ਹਨ, ਜਿਹੜੇ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਕੇ ਮਾਂ ਦੇ ਦੁੱਧ ਨੂੰ ਦਾਗ਼ ਲਾਉਂਦੇ ਹਨ। ਇਸ ਕਵਿਤਾ ਵਿਚ ਕਵੀ ਨੇ ਪੁਰਸਕਾਰ ਪ੍ਰਾਪਤ ਕਰਨ ਵਾਲੇ ਮਾਂ ਬੋਲੀ ਦੇ ਸਾਹਿਤਕਾਰਾਂ ਨੂੰ ਵੀ ਤਿੱਖੇ ਤੀਰ ਮਾਰੇ ਹਨ, ਕਿਉਂਕਿ ਉਹ ਮਾਮੂਲੀ ਪੁਰਸਕਾਰਾਂ ਲਈ ਆਪਣੀ ਜ਼ਮੀਰ ਵੇਚ ਦਿੰਦੇ ਹਨ। 'ਵਕਤ ਦੇ ਬਦਲਾਅ' ਵਾਲੀ ਕਵਿਤਾ ਵਿਚ ਕਵੀ ਲਿਖਦਾ ਹੈ ਕਿ ਸਮੇਂ ਦੀ ਤਬਦੀਲੀ ਨਾਲ ਗ਼ਰੀਬਾਂ ਦੇ ਬੱਚੇ ਹੁਣ ਪਿਤਾ ਪੁਰਖੀ ਕੰਮ ਸਰਮਾਏਦਾਰਾਂ ਦੀ ਗ਼ੁਲਾਮੀ ਕਰਕੇ ਨਹੀਂ ਕਰਨਗੇ, ਕਿਉਂਕਿ ਉਹ ਹੁਣ ਪੜ੍ਹ-ਲਿਖ ਕੇ ਜਾਗ੍ਰਿਤ ਹੋ ਗਏ ਹਨ। ਉਹ ਸਮਾਜ ਦੇ ਦੱਬੇ-ਕੁਚਲੇ ਵਰਗਾਂ ਦੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਦਾ ਹੈ। 'ਲਲਕਾਰ' ਕਵਿਤਾ ਕਿਸਾਨੀ ਅੰਦਲਨ ਦੇ ਪ੍ਰਤੀਕਰਮ ਵਜੋਂ ਲਿਖੀ ਗਈ ਹੈ, ਜਿਸ ਵਿਚ ਸ਼ਾਇਰ ਕਿਸਾਨਾਂ ਤੇ ਮਜ਼ਦੂਰਾਂ ਦੀ ਏਕਤਾ ਦੇ ਫ਼ੈਸਲੇ ਦੀ ਵਕਾਲਤ ਕਰਦਾ ਹੈ, ਤਾਂ ਜੋ ਸਰਕਾਰਾਂ ਦੇ ਮਨਸੂਬੇ ਪੂਰੇ ਨਾ ਹੋ ਸਕਣ। 'ਤਹਿਜ਼ੀਬ' ਕਵਿਤਾ ਸਰਮਾਏਦਾਰਾਂ ਅਰਥਾਤ ਵੱਡੇ ਘਰਾਂ ਦੇ ਕਾਕਿਆਂ ਦੀਆਂ ਬਲਾਤਕਾਰ ਅਤੇ ਲੁੱਟਾਂ ਖੋਹਾਂ ਵਰਗੀਆਂ ਵਾਰਦਾਤਾਂ ਦਾ ਜ਼ਿਕਰ ਕਰਦਾ ਕਵੀ ਕਹਿੰਦਾ ਹੈ ਕਿ ਮਾਪਿਆਂ ਦਾ ਕਸੂਰ ਹੈ ਕਿ ਉਹ ਆਪਣੀ ਔਲਾਦ ਨੂੰ ਤਹਿਜ਼ੀਬ ਨਹੀਂ ਦੇ ਸਕੇ। ਉਨ੍ਹਾਂ ਤਹਿਜ਼ੀਬ ਨੂੰ ਹੋਰ ਰੰਗਤ ਦੇ ਦਿੱਤੀ ਹੈ। 'ਸਾਲ ਗ਼ਰੀਬੀ ਦੇ' ਕਵਿਤਾ ਅਜੋਕੀ ਨੌਜਵਾਨ ਪੀੜ੍ਹੀ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੇ ਮਾਪਿਆਂ ਨੇ ਕਿਤਨੀ ਮਿਹਨਤ ਕਰਕੇ ਪਾਲਿਆ ਹੈ, ਉਨ੍ਹਾਂ ਦੀ ਮਿਹਨਤ ਦਾ ਮੁੱਲ ਪਾਉਣਾ ਔਲਾਦ ਦੀ ਜ਼ਿੰਮੇਵਾਰੀ ਹੈ। ਜਸਵੰਤ ਗਿੱਲ ਸਮਾਲਸਰ ਦੀਆਂ ਕਵਿਤਾਵਾਂ ਕਹਿੰਦੀਆਂ ਹਨ, ਜ਼ਿੰਦਗੀ ਆਪਣੇ ਹੱਕ ਪ੍ਰਾਪਤ ਕਰਨ ਲਈ ਹੁੰਦੀ ਹੈ, ਡਰਨ ਦੀ ਲੋੜ ਨਹੀਂ, ਕਿਉਂਕਿ ਡਰ ਕੇ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਸਰਕਾਰਾਂ ਦੇ ਵਾਅਦੇ ਵਫ਼ਾ ਨਹੀ ਹੁੰਦੇ, ਪ੍ਰੰਤੂ ਸ਼ਬਦ ਤਬਦੀਲੀ ਦੇ ਲਖਾਇਕ ਹੁੰਦੇ ਹਨ, ਔਰਤ ਗ਼ੁਲਾਮ ਨਹੀਂ ਅਤੇ ਨਾ ਹੀ ਕੈਦ ਕੀਤੀ ਜਾ ਸਕਦੀ ਹੈ, ਪ੍ਰੰਤੂ ਔਰਤ ਦੀ ਆਜ਼ਾਦੀ ਜ਼ਬਤ ਵਿਚ ਰਹਿਕੇ ਹੋਣੀ ਚਾਹੀਦੀ ਹੈ, ਕਿਉਂਕਿ ਭੇੜੀਆ ਰੂਪੀ ਲੋਕ ਜੰਗਲ ਰਾਜ ਵਿਚ ਵਸਦੇ ਹਨ, ਮਰਦ ਔਰਤ ਦੀ ਸਰੀਰਕ ਸੁੰਦਰਤਾ ਦਾ ਮੁੱਦਈ ਹੁੰਦਾ, ਪ੍ਰੰਤੂ ਸੂਰਤ ਨਾਲੋਂ ਸੀਰਤ ਬਿਹਤਰੀਨ ਹੁੰਦੀ ਹੈ। ਘਰਾਂ ਵਿਚ ਟੈਲੀਵਿਜ਼ਨਾਂ 'ਤੇ ਆਉਣ ਵਾਲੇ ਪ੍ਰੋਗਰਾਮਾਂ ਨੂੰ ਨੰਗੇਜ਼ਬਾਦ ਕਿਹਾ ਜਾਂਦਾ ਹੈ, ਜਦੋਂਕਿ ਹੋਟਲਾਂ ਵਿਚ ਦੇਹ ਵਿਓਪਾਰ ਹੋ ਰਹੇ ਹਨ, ਰੁੱਖਾਂ ਨੂੰ ਕੱਟਕੇ ਮਨੁੱਖ ਆਪਣੀਆਂ ਜੜ੍ਹਾਂ ਕੱਟ ਰਿਹਾ ਹੁੰਦੈ, ਬਰਸਾਤ ਅਮੀਰਾਂ ਲਈ ਵਰਦਾਨ, ਪ੍ਰੰਤੂ ਗ਼ਰੀਬਾਂ ਲਈ ਸਰਾਪ ਅਤੇ ਨਿੱਜ ਨਾਲੋਂ ਜਮਾਤੀ ਹੱਕਾਂ ਲਈ ਲੜਨ ਨੂੰ ਪਹਿਲ ਦੇਣੀ ਚਾਹੀਦੀ ਹੈ ਆਦਿ। 'ਭਾਰਤ ਮਹਾਨ' ਸਿਰਲੇਖ ਵਾਲੀ ਕਵਿਤਾ ਵਿਚ ਸਰਕਾਰ ਵੱਲੋਂ ਭਾਰਤ ਨੂੰ ਮਹਾਨ ਤਾਂ ਕਿਹਾ ਜਾਂਦਾ ਹੈ, ਪ੍ਰੰਤੂ ਇਹ ਖੋਖਲਾ ਨਾਅਰਾ ਹੈ, ਆਤਮ ਹੱਤਿਆਵਾਂ, ਬਲਾਤਕਾਰ, ਜ਼ਾਤ-ਪਾਤ, ਪਹਿਲਵਾਨ ਇਸਤਰੀਆਂ ਦਾ ਸਰੀਰਕ ਸ਼ੋਸ਼ਣ, ਮਣੀਪੁਰ ਕਤਲੇਆਮ, ਆਦਿ ਆਮ ਹੋ ਰਹੇ ਹਨ, ਫਿਰ ਭਾਰਤ ਮਹਾਨ ਕਿਵੇਂ? ਇਹ ਸਾਰਾ ਕੁਝ ਹੋਣ 'ਤੇ ਵਿਸ਼ਵਗੁਰੂ ਸ਼ਰਮਿੰਦਾ ਨਹੀਂ ਹੁੰਦਾ। ਇਨਸਾਨ ਨੂੰ ਸੁਪਨੇ ਸਿਰਜਦੇ ਰਹਿਣਾ ਚਾਹੀਦਾ ਹੈ। ਸੋਨੇ ਦੇ ਚਮਚਿਆਂ ਨੂੰ ਵਰਤਣ ਵਾਲਿਆਂ ਨੂੰ ਠੂਠੇ ਫੜਨੇ ਪੈਣਗੇ, ਕਿਉਂਕਿ ਜ਼ਿੰਦਗੀ ਦੇ ਨੰਗੇ ਨਾਚ ਹੋ ਰਹੇ ਹਨ, ਸਰਕਾਰਾਂ ਦਾ ਖ਼ੂਨ ਪਾਣੀ ਬਣ ਗਿਆ, ਮਿਹਨਤ ਦਾ ਮੁੱਲ ਨਹੀਂ ਮਿਲਦਾ, ਇੱਕ ਸ਼ਬਦ ਵੀ ਹਮਦਰਦੀ ਦਾ ਨਹੀਂ ਬੋਲ ਰਹੇ, ਮੀਡੀਆ ਸਰਕਾਰ ਦੀ ਬੋਲੀ ਬੋਲ ਰਿਹਾ, ਸਵਰਗ ਨਰਕ ਦੇ ਲਾਰੇ ਨਹੀਂ ਚਲਣਗੇ, ਹੁਣ ਤਾਂ ਲੋਹੜੀ ਵਰਗੇ ਤਿਓਹਾਰ ਭ੍ਰਿਸ਼ਟਚਾਰ ਖ਼ਤਮ ਕਰਨ ਤੇ ਸਰਕਾਰਾਂ ਬਦਲਣ ਲਈ ਮਨਾਉਣੇ ਪੈਣਗੇ। ਆਜ਼ਾਦੀ ਤਾਂ ਪ੍ਰਾਪਤ ਕਰ ਲਈ ਪ੍ਰੰਤੂ ਉਸ ਦੀਆਂ ਬਰਕਤਾਂ ਦੀ ਉਡੀਕ ਲਗਾਤਾਰ ਜ਼ਾਰੀ ਹੈ। ਧੀਆਂ ਦੇ ਜੰਮਣ ਨੂੰ ਬੁਰਾ ਸਮਝਿਆ ਜਾ ਰਿਹਾ ਹੈ। ਸ਼ਾਇਰ ਸਮਾਜਿਕ ਤਾਣੇ-ਬਾਣੇ ਵਿਚ ਵਾਪਰ ਰਹੀਆਂ ਅਲਾਮਤਾਂ ਨੂੰ ਬੰਦ ਕਰਨ ਲਈ ਨੌਜਵਾਨੀ ਨੂੰ ਅੱਗੇ ਆ ਕੇ ਅਗਵਾਈ ਕਰਨ ਦੀ ਵਕਾਲਤ ਕਰਦਾ ਹੈ। ਇਸ ਮੰਤਵ ਲਈ ਚੰਗਾ ਉਸਾਰੂ ਸਾਹਿਤ ਸਾਹਿਤਕਾਰਾਂ ਨੂੰ ਲਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸਦੇ ਨਾਲ ਹੀ ਉਹ ਭਾਰਤ ਦੇ ਸੰਵਿਧਾਨ ਵਿਚ ਲਿਖੇ ਗਏ ਸਿਧਾਂਤਾਂ 'ਤੇ ਅਮਲ ਨਾ ਕਰਨ ਤੋਂ ਦੁਖੀ ਵੀ ਹੈ। ਦੇਸ਼ ਵਿਚ ਚੰਗੀ ਪ੍ਰਸ਼ਾਸ਼ਨਿਕ ਪ੍ਰਣਾਲੀ ਦੀ ਅਣਹੋਂਦ ਰੜਕਦੀ ਮਹਿਸੂਸ ਕਰ ਰਿਹਾ ਹੈ, ਕਿਉਂਕਿ ਸਰਕਾਰੀ ਦਖ਼ਲਅੰਦਾਜ਼ੀ ਕਰਕੇ ਲੋਕਾਈ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਲੋਕਾਂ ਦੇ ਚਾਅ ਅਤੇ ਖ਼ੁਹਾਇਸ਼ਾਂ ਪਰ ਲਾ ਕੇ ਉਡ ਗਈਆਂ ਹਨ, ਕਿਉਂਕਿ ਉਨ੍ਹਾਂ ਦੇ ਪੂਰਾ ਹੋਣ ਦੀ ਉਮੀਦ ਹੀ ਖ਼ਤਮ ਹੋ ਗਈ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਸ਼ਾਇਰ ਇੱਕਮਤ ਹੋ ਕੇ ਬਗਾਵਤ ਕਰਨ ਲਈ ਪ੍ਰੇਰਨਾ ਦਿੰਦਾ ਹੈ। ਦੇਸ਼ ਦੀ ਵੰਡ ਸਮੇਂ ਹੈਵਾਨੀਅਤ ਦੇ ਹੋਏ ਨੰਗੇ ਨਾਚ ਨੇ ਮਨੁੱਖਤਾ ਨੂੰ ਤਾਰ-ਤਾਰ ਕਰ ਦਿੱਤਾ ਸੀ। ਪਰਵਾਸ ਦੀ ਸਮੱਸਿਆ ਵੀ ਸਾਡੀ ਨੌਜਵਾਨੀ ਨੂੰ ਨੁਕਸਾਨ ਪਹੁੰਚਾ ਰਹੀ ਹੈ। ਪਿੱਛੇ ਮਾਪੇ, ਵਿਆਹੀਆਂ ਔਰਤਾਂ ਅਤੇ ਨਿੱਕੇ-ਨਿੱਕੇ ਬੱਚਿਆਂ ਦੀਆਂ ਉਡੀਕ ਕਰਦਿਆਂ ਅੱਖਾਂ ਥੱਕ ਜਾਂਦੀਆਂ ਹਨ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਇਸ ਕਾਵਿ ਸੰਗ੍ਰਹਿ ਵਿਚ ਜਸਵੰਤ ਗਿੱਲ ਸਮਾਲਸਰ ਆਪਣੀਆਂ ਕਵਿਤਾਵਾਂ ਰਾਹੀਂ ਪੰਜਾਬ ਦੀ ਗੰਭੀਰ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਭਾਈਚਾਰਕ ਸਥਿਤੀ ਦਾ ਸੁਚੱਜੇ ਢੰਗ ਨਾਲ ਦ੍ਰਿਸ਼ਟਾਂਤਿਕ ਰੂਪ ਵਿਚ ਵਰਣਨ ਕਰਕੇ ਪੰਜਾਬੀਆਂ ਨੂੰ ਆਪਣੇ ਹੱਕਾਂ ਲਈ ਇੱਕਮੁੱਠ ਹੋ ਕੇ ਜੱਦੋ-ਜਹਿਦ ਕਰਨ ਲਈ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

# ਭਾਈ ਵੀਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ

## ਭਾਈ ਵੀਰ ਸਿੰਘ ਜੀ ਦੇ ਜਨਮਦਿਨ ’ਤੇ ਵਿਸ਼ੇਸ਼

*ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ, ਡਾ. ਚਰਨ ਸਿੰਘ ਜੀ ਦੀ ਸੁਪਤਨੀ ਅਤੇ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ (ਮਾਤਾ ਉੱਤਮ ਕੌਰ ਜੀ) ਦਾ ਜਨਮ ਸੰਨ 1856 ਈ. ’ਚ ਹੋਇਆ। ਆਪ ਜੀ ਦਾ ਵਿਆਹ ਡਾ. ਚਰਨ ਸਿੰਘ ਨਾਲ ਸੰਨ 1869 ਈ. ’ਚ ਹੋਇਆ। ਆਪ ਜੀ ਨੇਕ ਦਿਲ, ਮਮਤਾ ਦੀ ਮੂਰਤਿ ਅਤੇ ਸੇਵਾ ਭਾਵਨਾ ਰੱਖਣ ਵਾਲੀ ਗੁਰਮੁੱਖ ਸ਼ਖ਼ਸੀਅਤ ਸਨ।*

**ਪਰਮਜੀਤ ਸਿੰਘ “ਸੁਚਿੰਤਨ”**
ਲੁਧਿਆਣਾ (ਪੰਜਾਬ)
97791-24500
ਪੰਜਾਬ ਮੇਲ USA

ਭਾਈ ਵੀਰ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਦੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਆਪ ਜੀ ਦੀਵਾਨ ਕੌੜਾ ਮੱਲ ਜੀ ਦੀ ਨੌਵੀਂ ਬੰਸ ਵਿਚੋਂ ਸਨ। ਦੀਵਾਨ ਕੌੜਾ ਮੱਲ ਜੀ ਦਾ ਜਨਮ ਸੰਨ 1710 ਈ. ’ਚ ਹੋਇਆ ਸੀ। ਮੁੱਢਲੀ ਵਿੱਦਿਆ ਹਾਸਲ ਕਰਕੇ ਤੇ ਫ਼ਾਰਸੀ ਭਾਸ਼ਾ ਦਾ ਗਿਆਨ ਹਾਸਲ ਕਰਕੇ, ਆਪ ਜੀ ਨੇ ਮੁਗ਼ਲ ਫ਼ੌਜ ’ਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਸੰਨ 1748 ਈ. ’ਚ, ਮੀਰ ਮੰਨੂ ਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਥਾਪਿਆ ਗਿਆ। ਮੀਰ ਮੰਨੂ ਨੇ ਗੱਦੀ ’ਤੇ ਬੈਠਦਿਆਂ ਹੀ ਦੀਵਾਨ ਲਖਪਤ ਰਾਇ ਨੂੰ ਕੈਦ ਕਰਕੇ, ਕੌੜਾ ਮੱਲ ਨੂੰ ਆਪਣਾ ਨਾਇਬ ਮੁਕੱਰਰ ਕਰ ਦਿੱਤਾ। ਇੰਝ ਕੌੜਾ ਮੱਲ ਜੀ ਸਿਪਾਹੀ ਦੀ ਹੈਸੀਅਤ ’ਚ ਭਰਤੀ ਹੋ ਕੇ, ਲਾਹੌਰ ਸੂਬੇ ਦੇ ਦੀਵਾਨ ਦੇ ਅਹੁਦੇ ਤੱਕ ਪਹੁੰਚੇ। ਇਹ ਉਹੀ ਸਮਾਂ ਸੀ, ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਸਿੱਖ ਬਿਖੜੇ ਸਮੇਂ ’ਚੋਂ ਲੰਘ ਰਹੇ ਸਨ। ਦੀਵਾਨ ਕੌੜਾ ਮੱਲ ਜੀ ਉਹ ਸ਼ਖ਼ਸੀਅਤ ਹੋਏ ਹਨ, ਜਿਨ੍ਹਾਂ ਨੇ ਮੁਗ਼ਲ ਸਲਤਨਤ ਦੇ ਰਾਜ ਵਿਚ, ਦੀਵਾਨ ਦੇ ਅਹੁਦੇ ’ਤੇ ਰਹਿੰਦਿਆਂ ਹੋਇਆਂ, ਉਸ ਬਿਖੜੇ ਸਮੇਂ ਦੌਰਾਨ, ਕਈ ਮੌਕਿਆਂ ’ਤੇ ਸਿੱਖਾਂ ਦਾ ਸਾਥ ਦਿੱਤਾ ਤੇ ਸਿੱਖਾਂ ਦੀ ਮਦਦ ਕੀਤੀ। ਇਤਿਹਾਸਕਾਰ ਲਿਖਦੇ ਹਨ ਕਿ ਅਗਰ ਇਸ ਬਿਖੜੇ ਸਮੇਂ ’ਚ ਦੀਵਾਨ ਕੌੜਾ ਮੱਲ ਜੀ ਸਿੱਖਾਂ ਦਾ ਸਾਥ ਨਾ ਦਿੰਦੇ ਤੇ ਸਿੱਖਾਂ ਦੀ ਮਦਦ ਨਾ ਕਰਦੇ ਤਾਂ ਸਿੱਖਾਂ ਦੀ ਭਾਰੀ ਤਬਾਹੀ ਹੋਣੀ ਸੀ। ਬਿਖੜੇ ਸਮੇਂ ਦੌਰਾਨ, ਦੀਵਾਨ ਕੌੜਾ ਮੱਲ ਜੀ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਕਾਰਨ, ਉਨ੍ਹਾਂ ਨੂੰ ਖ਼ਾਲਸੇ ਵੱਲੋਂ “ਮਿੱਠਾ ਮੱਲ” ਦਾ ਖ਼ਿਤਾਬ ਦਿੱਤਾ ਗਿਆ ਸੀ। ਮਿਤੀ 6 ਮਾਰਚ ਸੰਨ 1752 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਨਾਲ ਜੰਗ ਲੜਦਿਆਂ ਹੋਇਆਂ, ਆਪ ਜੀ ਸ਼ਹੀਦ ਹੋ ਗਏ।

**ਬਾਬਾ ਕਾਹਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਦਾਦਾ ਜੀ)** : ਦੀਵਾਨ ਕੌੜਾ ਮੱਲ ਜੀ ਦੀ ਬੰਸ ਵਿਚੋਂ ਹੀ ਬਾਬਾ ਕਾਹਨ ਸਿੰਘ ਜੀ ਹੋਏ ਹਨ। ਆਪ ਜੀ ਦਾ ਜਨਮ ਸੰਨ 1788 ਈ. ’ਚ ਜ਼ਿਲ੍ਹਾ ਜਿਹਲਮ (ਪਾਕਿਸਤਾਨ) ’ਚ ਹੋਇਆ ਸੀ। ਆਪ ਜੀ ਦਾ ਜਨਮ ਸੰਨ 1788 ਈ. ’ਚ ਚੌਧਰੀ ਰਾਮ ਚੰਦ ਜੀ ਦੇ ਗ੍ਰਿਹਿ ਵਿਖੇ ਹੋਇਆ ਸੀ। ਚੌਧਰੀ ਰਾਮ ਚੰਦ ਜੀ ਸੰਤਾਂ-ਮਹਾਂਪੁਰਖਾਂ ਦੇ ਸਤਿਸੰਗੀ ਸਨ। ਆਪ ਜੀ ਨੇ ਇੱਕ ਵਾਰ ਸੰਤਾਂ-ਮਹਾਂਪੁਰਖਾਂ ਨੂੰ ਇਹ ਬਚਨ ਦੇ ਦਿੱਤਾ ਕਿ ਜੇ ਆਪ ਜੀ ਦੇ ਗ੍ਰਿਹਿ ਵਿਖੇ ਪੁੱਤਰ ਹੋਇਆ, ਤਾਂ ਉਸਨੂੰ ਉਹ ਸਿੱਖ ਸਜਾ ਦੇਣਗੇ। ਇੰਝ ਜਦੋਂ ਚੌਧਰੀ ਰਾਮ ਚੰਦ ਜੀ ਦੇ ਗ੍ਰਿਹਿ ਵਿਖੇ ਬਾਬਾ ਕਾਹਨ ਸਿੰਘ ਜੀ ਦਾ ਜਨਮ ਹੋਇਆ, ਤਾਂ ਸੰਤਾਂ-ਮਹਾਂਪੁਰਖਾਂ ਨੂੰ ਦਿੱਤੇ ਬਚਨ ਦੀ ਪਾਲਣਾ ਕਰਦਿਆਂ ਹੋਇਆਂ, ਆਪ ਜੀ ਨੇ ਬਾਬਾ ਕਾਹਨ ਸਿੰਘ ਜੀ ਨੂੰ ਸਿੱਖ ਸਜਾ ਦਿੱਤਾ। ਬਾਬਾ ਕਾਹਨ ਸਿੰਘ ਜੀ ਬਚਪਨ ਤੋਂ ਹੀ ਸੰਤ-ਸੁਭਾਅ ਵਾਲੇ ਅਤੇ ਤਿਆਗ ਤੇ ਵੈਰਾਗ ਦੀ ਮੂਰਤ ਸਨ।

ਬਾਬਾ ਕਾਹਨ ਸਿੰਘ ਜੀ ਨੇ ਭਾਈ ਗੁਰਬਖ਼ਸ਼ ਸਿੰਘ ਜੀ ਪਾਸੋਂ ਅੱਖਰ ਬੋਧ ਪ੍ਰਾਪਤ ਕੀਤਾ। ਫਿਰ, ਭਾਈ ਗੁਰਬਖ਼ਸ਼ ਸਿੰਘ ਜੀ ਨੇ ਹੀ ਭਾਈ ਕਾਹਨ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਾਇਆ। ਭਾਈ ਕਾਹਨ ਸਿੰਘ ਜੀ ਬਹੁਤ ਸ਼ੁੱਧ ਤੇ ਰਸੀਲੀ ਆਵਾਜ਼ ’ਚ ਪਾਠ ਕਰਦੇ ਹੁੰਦੇ ਸਨ। ਆਪ ਜੀ ਸੰਤ ਬਹਾਦਰ ਸ਼ਾਹ ਦੇ ਕਹਿਣ ’ਤੇ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ। ਇੱਥੇ ਆ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ, ਤਾਂ ਇੱਥੋਂ ਦੇ ਹੀ ਹੋ ਕੇ ਰਹਿ ਗਏ।

ਬਾਬਾ ਕਾਹਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੁਝ ਸਾਲ ਟਿਕੇ ਰਹੇ, ਫਿਰ ਵੱਖ-ਵੱਖ ਥਾਵਾਂ ’ਤੇ ਵਿਚਰਨ ਲੱਗੇ। ਇੱਕ ਵਾਰ ਆਪ ਜੀ ਕਿਸੇ ਨਾਲ ਕੁੰਭ ਦੇ ਮੇਲੇ ’ਤੇ ਹਰਿਦੁਆਰ ਚਲੇ ਗਏ। ਫਿਰ ਉਥੋਂ ਅੱਗੇ ਜੰਗਲਾਂ ’ਚ ਤੇ ਪਰਬਤਾਂ ’ਤੇ ਵਿਚਰਦੇ ਰਹੇ ਅਤੇ ਦੇਸ਼ਾਟਨ (ਵੱਖ-ਵੱਖ ਥਾਵਾਂ ’ਤੇ ਭ੍ਰਮਣ) ਕਰਦੇ ਰਹੇ। ਆਪ ਜੀ ਨੇ ਜੰਗਲਾਂ ’ਚ ਤੇ ਪਰਬਤਾਂ ’ਤੇ ਜਾ ਕੇ ਇਕਾਂਤ ਅਸਥਾਨਾਂ ’ਤੇ ਬਹੁਤ ਭਜਨ-ਬੰਦਗੀ ਕੀਤੀ। ਅਖ਼ੀਰ, ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆ ਕੇ ਟਿਕ ਗਏ। ਹੌਲੀ-ਹੌਲੀ ਆਪ ਜੀ ਦਾ ਪਰਿਵਾਰ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਗਿਆ। ਆਪ ਜੀ ਨੇ ਕਟੜਾ ਗਰਬਾ ਸਿੰਘ ਵਿਖੇ ਆਪਣੀ ਰਿਹਾਇਸ਼ ਦਾ ਪ੍ਰਬੰਧ ਕਰ ਲਿਆ। ਬਾਬਾ ਕਾਹਨ ਸਿੰਘ ਜੀ ਕਵੀ ਵੀ ਸਨ ਅਤੇ ਹਕੀਮੀ ਵੀ ਕਰਦੇ ਸਨ, ਜਿਸ ਕਾਰਨ ਆਪ ਜੀ ਦਾ ਸਮਾਜ ’ਚ ਚੰਗਾ ਰੁਤਬਾ ਬਣ ਗਿਆ ਸੀ। ਆਪ ਜੀ ਗੁਰਬਾਣੀ ਦੇ ਪ੍ਰੇਮੀ ਤੇ ਨਾਮ ਰਸੀਏ ਸਨ। ਆਪ ਜੀ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਸਨ। ਆਪ ਜੀ ਆਪਣੇ ਸਮੇਂ ਦੇ ਉੱਘੇ ਵੈਦ ਤੇ ਹਕੀਮ ਮੰਨੇ ਜਾਂਦੇ ਸਨ।

ਬਾਬਾ ਕਾਹਨ ਸਿੰਘ ਜੀ ਚਾਲ੍ਹੀ ਸਾਲਾਂ ਦੇ ਹੋ ਗਏ ਸਨ। ਪਰ, ਆਪ ਜੀ ਗ੍ਰਿਹਸਥ ਨਹੀਂ ਧਾਰਨ ਕਰਨਾ ਚਾਹੁੰਦੇ ਸਨ। ਪਰ, ਮਾਤਾ ਜੀ ਦੇ ਵਾਰ-ਵਾਰ ਕਹਿਣ ’ਤੇ, ਬਾਬਾ ਜੀ ਵਿਆਹ ਕਰਵਾਉਣ ਲਈ ਤਿਆਰ ਹੋ ਗਏ। ਵਿਆਹ ਤੋਂ ਬਾਅਦ, ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹਿ ਵਿਖੇ ਤਿੰਨ ਸਪੁੱਤਰਾਂ ਤੇ ਚਾਰ ਸਪੁੱਤਰੀਆਂ ਨੇ ਜਨਮ ਲਿਆ, ਜਿਨ੍ਹਾਂ ਵਿਚੋਂ ਸਭ ਤੋਂ ਛੋਟੇ ਸ. ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ) ਸਨ। ਬਾਬਾ ਕਾਹਨ ਸਿੰਘ ਜੀ ਲਗਭਗ 90 ਸਾਲਾਂ ਦੀ ਉਮਰ ’ ਚ, ਮਈ ਸੰਨ 1878 ’ਚ, ਅਕਾਲ ਚਲਾਣਾ ਕਰ ਗਏ। ਉਦੋਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ਸਾਢੇ ਪੰਜ ਸਾਲ ਦੀ ਹੀ ਸੀ।

**ਗਿਆਨੀ ਹਜ਼ਾਰਾ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਨਾਨਾ ਜੀ)** : ਭਾਈ ਵੀਰ ਸਿੰਘ ਜੀ ਦੇ ਨਾਨਾ ਜੀ (ਗਿਆਨੀ ਹਜ਼ਾਰਾ ਸਿੰਘ ਜੀ) ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਟੜਾ ਘਨ੍ਹਈਆ ਜੀ ਵਿਖੇ ਰਹਿੰਦੇ ਸਨ। ਆਪ ਜੀ ਪੰਜਾਬੀ, ਹਿੰਦੀ, ਬ੍ਰਿਜ ਤੇ ਫ਼ਾਰਸੀ ਭਾਸ਼ਾਵਾਂ ਦੇ ਗਿਆਤਾ ਹੋਣ ਦੇ ਨਾਲ-ਨਾਲ ਸੰਸਕ੍ਰਿਤ ਭਾਸ਼ਾ ਦੇ ਵੀ ਚੰਗੇ ਵਿਦਵਾਨ ਸਨ। ਇਸੇ ਕਰਕੇ, ਆਪ ਜੀ ਨੂੰ ਪੰਡਿਤ, ਗਿਆਨੀ ਹਜ਼ਾਰਾ ਸਿੰਘ ਜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਆਪ ਜੀ “ਸਿੰਘ ਸਭਾ ਲਹਿਰ” ਦੇ ਸਮਰਥਕ ਤੇ ਮੁਖੀਆਂ ਵਿਚੋਂ ਸਨ। ਜਦੋਂ “ਖ਼ਾਲਸਾ ਦੀਵਾਨ” ਸ੍ਰੀ ਅੰਮ੍ਰਿਤਸਰ ਸਾਹਿਬ ਬਣਿਆ, ਤਾਂ ਆਪ ਜੀ ਇਸ ਦੀਵਾਨ ਦੇ ਪੰਜ ਸਕੱਤਰਾਂ ਵਿਚੋਂ ਇੱਕ ਸਨ।

ਸਿੰਘ ਸਭਾ ਲਹਿਰ ਚੱਲੀ, ਤਾਂ ਸਭਾ ਦੁਆਰਾ ਪ੍ਰਚਾਰ ਕਰਨ ਸਦਕਾ, ਵਿੱਦਿਆ ਵਿਭਾਗ ਪੰਜਾਬ ਨੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਕਰਵਾਉਣੀ ਪ੍ਰਵਾਨ ਕਰ ਲਈ। ਪਰ, ਸਕੂਲਾਂ ’ਚ ਪੰਜਾਬੀ ਦੀ ਪੜ੍ਹਾਈ ਕਰਵਾਉਣ ਲਈ, ਪਾਠ ਪੁਸਤਕਾਂ ਤਿਆਰ ਨਹੀਂ ਸਨ। ਉਨ੍ਹਾਂ ਦਿਨਾਂ ’ਚ ਗਿਆਨੀ ਹਜ਼ਾਰਾ ਸਿੰਘ ਜੀ ਲੜਕੀਆਂ ਦੇ ਸਕੂਲਾਂ ਦੇ ਇੰਸਪੈਕਟਰ ਵਜੋਂ ਕੰਮ ਕਰਦੇ ਸਨ। ਇਸ ਲਈ ਇਸ ਮਹਿਕਮੇ ਨੇ ਆਪ ਜੀ ਨੂੰ ਬੱਚਿਆਂ ਲਈ ਉਰਦੂ ਭਾਸ਼ਾ ’ਚ ਲਿੱਖੀਆਂ ਪੁਸਤਕਾਂ ਦਾ,



ਪੰਜਾਬੀ ਭਾਸ਼ਾ ’ਚ ਉਲਥਾ ਕਰਕੇ, ਪਾਠ-ਪੁਸਤਕਾਂ ਤਿਆਰ ਕਰਨ ਲਈ ਕਿਹਾ। ਆਪ ਜੀ ਨੇ ਤਕਰੀਬਨ ਸਾਰੇ ਕੋਰਸਾਂ ਦੀ ਦੀਆਂ ਪਾਠ-ਪੁਸਤਕਾਂ ਦੇ ਉਲਥੇ ਕੀਤੇ ਤੇ ਕਰਵਾਏ।

ਗਿਆਨੀ ਹਜ਼ਾਰਾ ਸਿੰਘ ਜੀ ਗੁਰਬਾਣੀ ਦੇ ਟੀਕਾਕਾਰ ਵਜੋਂ ਵੀ ਪ੍ਰਸਿੱਧ ਹੋਏ। ਆਪ ਜੀ ਨੇ “ਭਾਈ ਗੁਰਦਾਸ ਜੀ ਦੀਆਂ ਵਾਰਾਂ” ਦਾ ਟੀਕਾ ਕਰਨ ਤੋਂ ਇਲਾਵਾ, ਸ਼ੇਖ ਸਾਅਦੀ ਦੀਆਂ ਰਚਨਾਵਾਂ “ਗੁਲਿਸਤਾਂ” ਤੇ “ਬੋਸਤਾਂ” ਦਾ ਪੰਜਾਬੀ ਅਨੁਵਾਦ ਵੀ ਕੀਤਾ। ਭਾਈ ਵੀਰ ਸਿੰਘ ਜੀ, ਆਪਣੇ ਨਾਨਾ ਜੀ ਦੇ ਇਨ੍ਹਾਂ ਸਾਰੇ ਕਾਰਜਾਂ ’ਚ ਹੱਥ ਵੰਡਾਉਂਦੇ ਸਨ। ਪ੍ਰਸਿੱਧ ਅੰਗ੍ਰੇਜ਼ ਵਿਦਵਾਨ ਮੈਕਾਲਿਫ਼ ਨੇ “ਸਿੱਖ ਰਿਲੀਜ਼ਨ” ਪੁਸਤਕ ਦੀ ਤਿਆਰੀ ਕਰਨ ਸਮੇਂ ਜਿਨ੍ਹਾਂ ਵਿਦਵਾਨਾਂ ਪਾਸੋਂ ਮਦਦ ਲਈ ਸੀ, ਉਨ੍ਹਾਂ ਵਿਚੋਂ ਗਿਆਨੀ ਹਜ਼ਾਰਾ ਸਿੰਘ ਜੀ ਵੀ ਇੱਕ ਸਨ।

**ਡਾ. ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ)** : ਡਾ. ਚਰਨ ਸਿੰਘ ਜੀ ਦਾ ਜਨਮ, ਪ੍ਰਸਿੱਧ ਕਵੀ ਤੇ ਹਕੀਮ ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹਿ ਵਿਖੇ, 7 ਮਾਰਚ ਸੰਨ 1853 ਈ. ਨੂੰ ਕਟੜਾ ਗਰਬਾ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਹੋਇਆ। ਡਾ. ਚਰਨ ਸਿੰਘ ਜੀ ਨੇ ਬਚਪਨ ’ਚ ਹੀ ਪੰਜਾਬੀ, ਹਿੰਦੀ ਤੇ ਫ਼ਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ ਸੀ। ਆਪ ਜੀ ਨੂੰ ਗੁਰਸਿੱਖੀ ਦੀ ਦਾਤ ਵਿਰਸੇ ’ਚੋਂ ਮਿਲੀ ਸੀ। ਆਪ ਜੀ ਦੇ ਪਿਤਾ ਜੀ (ਬਾਬਾ ਕਾਹਨ ਸਿੰਘ ਜੀ) ਨੇ ਆਪ ਜੀ ਨੂੰ ਹਕੀਮੀ ਦੀ ਸਿੱਖਿਆ ਦਿੱਤੀ ਅਤੇ ਆਪਣੇ ਪਿਆਰ ਵਾਲੇ ਡਾਕਟਰਾਂ ਪਾਸੋਂ ਐਲੋਪੈਥਿਕ ਦੁਆਈਆਂ ਦਾ ਗਿਆਨ ਵੀ ਦਿਵਾਇਆ। ਡਾ. ਚਰਨ ਸਿੰਘ ਜੀ ਦਾ ਵਿਆਹ, ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ ਬੀਬੀ ਉੱਤਮ ਕੌਰ ਜੀ (ਪੇਕਾ ਨਾਮ - ਬੀਬੀ ਭਗਵਾਨ ਕੌਰ ਜੀ) ਨਾਲ ਸੰਨ 1869 ਈ. ’ਚ ਹੋਇਆ। ਬੀਬੀ ਉੱਤਮ ਕੌਰ ਜੀ ਉਸ ਅਕਾਲਪੁਰਖੁ ਨੂੰ ਮੰਨਣ ਵਾਲੀ ਸੱਚੀ-ਸੁੱਚੀ ਸ਼ਖ਼ਸੀਅਤ ਸਨ। ਡਾ. ਚਰਨ ਸਿੰਘ ਜੀ ਨੇ ਕੁਝ ਸਮਾਂ ਵੱਖ-ਵੱਖ ਸਰਕਾਰੀ ਡਿਸਪੈਂਸਰੀਆਂ ’ਚ, ਕੰਪਾਊਂਡਰ ਵਜੋਂ ਨੌਕਰੀ ਕੀਤੀ। ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਆਪਣੀ ਕਲੀਨਿਕ ਖੋਲ੍ਹ ਕੇ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸਤਿਗੁਰੂ ਜੀ ਨੇ ਆਪ ਜੀ ਦੇ ਹੱਥ ’ਚ ਸ਼ਫਾ ਦਾ ਖੁੱਲ੍ਹਾ ਖ਼ਜ਼ਾਨਾ ਬਖ਼ਸ਼ਿਸ਼ ਕੀਤਾ ਹੋਇਆ ਸੀ। ਆਪ ਜੀ ਪਾਸ ਜੋ ਵੀ ਮਰੀਜ਼ ਆਉਂਦਾ ਸੀ, ਠੀਕ ਹੋ ਜਾਂਦਾ ਸੀ। ਆਪ ਜੀ ਜਿੱਥੇ ਮਰੀਜ਼ਾਂ ਨੂੰ ਦਵਾਈਆਂ ਦਿੰਦੇ ਸਨ, ਉੱਥੇ ਨਾਲ ਹੀ ਲੋੜਵੰਦ ਮਰੀਜ਼ਾਂ ਨੂੰ ਦੁੱਧ ਤੇ ਫਲ ਆਦਿ ਖਰੀਦਣ ਲਈ, ਆਪਣੇ ਕੋਲੋਂ ਪੈਸੇ ਵੀ ਦੇ ਦਿੰਦੇ ਸਨ। ਕਈ ਵਾਰ ਤਾਂ ਆਪ ਜੀ ਲੋੜਵੰਦ ਮਰੀਜ਼ਾਂ ਨੂੰ ਕੱਪੜੇ ਅਤੇ ਹੋਰ ਜ਼ਰੂਰੀ ਵਸਤਾਂ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਆਪ ਜੀ ਜਦੋਂ ਕਿਸੇ ਲੋੜਵੰਦ ਮਰੀਜ਼ ਨੂੰ ਦੇਖਣ ਲਈ, ਉਸ ਦੇ ਘਰ ਜਾਂਦੇ ਸਨ, ਤਾਂ ਕਾਲੇ ਛੋਲਿਆਂ ਦੀ ਤਰੀ ਤੇ ਦੁੱਧ ਆਦਿ ਬੋਤਲਾਂ ’ਚ ਪਾ ਕੇ ਲੈ ਜਾਂਦੇ ਸਨ ਅਤੇ ਉਸ ਮਰੀਜ਼ ਨੂੰ ਦੇ ਆਉਂਦੇ ਸਨ।

ਆਪ ਜੀ ਅੰਮ੍ਰਿਤ ਵੇਲੇ ਉੱਠਦੇ ਸਨ। ਫਿਰ ਇਸ਼ਨਾਨ ਆਦਿ ਕਰਕੇ ਪਾਠ ਕਰਦੇ ਹੋਏ, ਸ੍ਰੀ ਦਰਬਾਰ ਸਾਹਿਬ ਚਲੇ ਜਾਂਦੇ ਸਨ। ਦਿਨ ਚੜ੍ਹੇ ਵਾਪਸ ਆ ਕੇ ਪ੍ਰਸ਼ਾਦਾ ਛੱਕਦੇ ਸਨ ਅਤੇ ਲਗਭਗ ਦੱਸ ਵਜੇ, ਆਪਣੀ ਕਲੀਨਿਕ ’ਤੇ ਚਲੇ ਜਾਂਦੇ ਸਨ। ਕਲੀਨਿਕ ਤੋਂ ਸ਼ਾਮ ਨੂੰ ਸੱਤ-ਅੱਠ ਵਜੇ ਵਾਪਸ ਆਉਂਦੇ ਸਨ ਅਤੇ ਪ੍ਰਸ਼ਾਦਾ ਛੱਕ ਕੇ, ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਚਲੇ ਜਾਂਦੇ ਸਨ। ਆਪ ਜੀ ਸ੍ਰੀ ਦਰਬਾਰ ਸਾਹਿਬ ਤੋਂ ਵਾਪਸ ਆ ਕੇ, ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਹੁੰਦੇ ਸਨ। ਆਪ ਜੀ ਦੇ ਗ੍ਰਿਹਿ ਵਿਖੇ, ਧਾਰਮਿਕ ਵਿੱਦਿਆ ਦਾ ਪ੍ਰਵਾਹ ਸਦਾ ਹੀ ਚਲਦਾ ਰਹਿੰਦਾ ਸੀ। ਅਨੇਕਾਂ ਹੀ ਸਤਿਸੰਗੀ ਡਾ. ਚਰਨ ਸਿੰਘ ਜੀ ਪਾਸੋਂ ਸੂਰਜ ਪ੍ਰਕਾਸ਼ ਗ੍ਰੰਥ ’ਚ ਕਾਵਿ ਰੂਪ ’ਚ ਲਿਖੇ ਇਤਿਹਾਸ ਦੇ ਅਰਥ ਸਮਝਣ ਲਈ ਆਉਂਦੇ ਰਹਿੰਦੇ ਸਨ। ਆਪ ਜੀ ਦੀ ਪ੍ਰੇਰਣਾ ਸਦਕਾ, ਸਿੰਘ ਸਭਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ “ਸਿੰਘ ਸਭਾ ਡਿਸਪੈਂਸਰੀ” ਖੋਲ੍ਹੀ ਗਈ, ਜਿਸ ਰਾਹੀਂ ਲੋੜਵੰਦ ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਸੀ। ਆਪ ਜੀ ਆਪਣੇ ਪਿਤਾ ਜੀ ਦੀ ਤਰ੍ਹਾਂ ਹੀ, ਪੰਜਾਬੀ, ਹਿੰਦੀ, ਫ਼ਾਰਸੀ, ਅੰਗ੍ਰੇਜ਼ੀ, ਬ੍ਰਿਜ ਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਗਿਆਤਾ, ਉੱਚ ਕੋਟੀ ਦੇ ਵਿਦਵਾਨ ਅਤੇ ਡੂੰਘੀ ਸੂਝ-ਬੂਝ ਦੇ ਮਾਲਕ ਸਨ। ਆਪ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ, “ਖ਼ਾਲਸਾ ਟ੍ਰੈਕਟ ਸੁਸਾਇਟੀ” ਵੱਲੋਂ ਪ੍ਰਕਾਸ਼ਤ ਕੀਤੀਆਂ ਗਈਆਂ।

ਡਾ. ਚਰਨ ਸਿੰਘ ਜੀ ਨੇ ਸਿੱਖਾਂ ਅੰਦਰ ਗੁਰਪੁਰਬ ਮਨਾਉਣ ਦੀ ਪ੍ਰੰਪਰਾ ਨੂੰ ਅੱਗੇ ਤੋਰਨ ਲਈ ਪ੍ਰਚਾਰ ਕੀਤਾ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾ ’ ਚ, ਕਵੀ ਦਰਬਾਰ ਆਯੋਜਿਤ ਕਰਨ ਦੀ ਪ੍ਰੰਪਰਾ ਸ਼ੁਰੂ ਕੀਤੀ। ਉਸ ਸਮੇਂ ਦੇ ਉੱਘੇ ਕਵੀ, ਇਨ੍ਹਾਂ ਕਵੀ ਦਰਬਾਰਾਂ ’ਚ ਹਿੱਸਾ ਲੈ ਕੇ, ਕਵੀ ਦਰਬਾਰਾਂ ਦੀ ਸ਼ਾਨ ਵਧਾਉਂਦੇ ਸਨ।

ਆਪ ਜੀ ਦੇ ਗ੍ਰਿਹਿ ਵਿਖੇ ਚਾਰ ਸਪੁੱਤਰਾਂ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

- ਭਾਈ ਵੀਰ ਸਿੰਘ ਜੀ (05.12.1872)
- ਬੀਬੀ ਮਥਰਾ ਦੇਵੀ ਜੀ (09.06.1876)
- ਬੀਬੀ ਸੰਤ ਕੌਰ ਜੀ (25.10.1880)
- ਭਾਈ ਜੈ ਰਾਜ ਸਿੰਘ ਜੀ (20.10.1883)
- ਭਾਈ ਲਖਬੀਰ ਸਿੰਘ ਜੀ (19.09.1889)
- ਡਾ. ਬਲਬੀਰ ਸਿੰਘ ਜੀ (13.12.1896)

(ਭਾਈ ਲਖਬੀਰ ਸਿੰਘ ਜੀ ਤੋਂ ਬਾਅਦ, ਇੱਕ ਹੋਰ ਸਪੁੱਤਰੀ ਨੇ ਜਨਮ ਲਿਆ ਸੀ, ਪਰ ਉਹ ਬਚਪਨ ’ਚ ਹੀ ਚੜ੍ਹਾਈ ਕਰ ਗਏ ਸਨ।) ਡਾ. ਚਰਨ ਸਿੰਘ ਜੀ ਬਹੁਤ ਦੂਰ-ਅੰਦੇਸ਼ ਤੇ ਰੋਹਬਦਾਰ ਸੁਭਾਅ ਦੇ ਮਾਲਕ ਸਨ। ਆਪ ਜੀ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ, ਪਰ ਆਪ ਜੀ ਦੇ ਰੋਹਬਦਾਰ ਸੁਭਾਅ ਕਾਰਨ, ਬੱਚਿਆਂ ਦੇ ਵਿਗੜਨ ਦਾ ਡਰ ਨਹੀਂ ਰਹਿੰਦਾ ਸੀ।

ਅਖ਼ੀਰ 14 ਜਾਂ 11 ਨਵੰਬਰ ਸੰਨ 1908 ਈ. ਨੂੰ ਡਾ. ਚਰਨ ਸਿੰਘ ਜੀ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ 36 ਸਾਲਾਂ ਦੀ ਸੀ।

**ਮਾਤਾ ਉੱਤਮ ਕੌਰ ਜੀ (ਭਾਈ ਵੀਰ ਸਿੰਘ ਜੀ ਦੇ ਮਾਤਾ ਜੀ)** : ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ, ਡਾ. ਚਰਨ ਸਿੰਘ ਜੀ ਦੀ ਸੁਪਤਨੀ ਅਤੇ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ (ਮਾਤਾ ਉੱਤਮ ਕੌਰ ਜੀ) ਦਾ ਜਨਮ ਸੰਨ 1856 ਈ. ’ਚ ਹੋਇਆ। ਆਪ ਜੀ ਦਾ ਵਿਆਹ ਡਾ. ਚਰਨ ਸਿੰਘ ਨਾਲ ਸੰਨ 1869 ਈ. ’ਚ ਹੋਇਆ। ਆਪ ਜੀ ਨੇਕ ਦਿਲ, ਮਮਤਾ ਦੀ ਮੂਰਤਿ ਅਤੇ ਸੇਵਾ ਭਾਵਨਾ ਰੱਖਣ ਵਾਲੀ ਗੁਰਮੁੱਖ ਸ਼ਖ਼ਸੀਅਤ ਸਨ। ਇੱਕ ਵਾਰ ਇੱਕ ਸਾਧੂ ਡਾ. ਚਰਨ ਸਿੰਘ ਜੀ ਦੇ ਗ੍ਰਿਹਿ ਵਿਖੇ ਪ੍ਰਸ਼ਾਦਾ ਛੱਕ ਕੇ ਗਿਆ, ਤਾਂ ਉਸ ਦਾ ਮਨ ਨਾਮ-ਸਿਮਰਨ ’ਚ ਜੁੜਿਆ ਰਿਹਾ। ਉਸ ਸਾਧੂ ਨੂੰ ਇੰਝ ਲੱਗਾ ਜਿਵੇਂ ਕਿ ਇਹ ਉਸ ਲੰਗਰ ਦੀ ਬਰਕਤਿ ਹੈ, ਜਿਸ ਸਦਕਾ ਉਸ ਨੂੰ ਨਾਮ-ਸਿਮਰਨ ਦੇ ਰਸ ਦਾ ਅਨੰਦ ਆਇਆ ਹੈ। ਉਹ ਸਾਧੂ ਅਗਲੇ ਦਿਨ ਪ੍ਰਸ਼ਾਦਾ ਛਕਣ ਲਈ, ਫਿਰ ਤੋਂ ਡਾ. ਚਰਨ ਸਿੰਘ ਜੀ ਦੇ ਗ੍ਰਿਹਿ ਵਿਖੇ ਪਹੁੰਚ ਗਿਆ। ਪ੍ਰਸ਼ਾਦਾ ਛੱਕ ਕੇ, ਉਹ ਸਾਧੂ ਕਹਿਣ ਲੱਗਾ ਕਿ ਆਪ ਜੀ ਵੱਲੋਂ ਤਿਆਰ ਕੀਤਾ ਭੋਜਨ ਸੱਚੀ-ਸੁੱਚੀ ਕਿਰਤ ਤੋਂ ਆਈ ਮਾਇਆ ਨਾਲ ਤਿਆਰ ਕੀਤਾ ਗਿਆ ਹੈ। ਜਿਸਦਾ ਪ੍ਰਤੱਖ ਪ੍ਰਮਾਣ ਹੈ ਕਿ ਬੀਤੇ ਕੱਲ੍ਹ ਆਪ ਜੀ ਦੇ ਘਰ ’ਚ ਪ੍ਰਸ਼ਾਦਾ ਛਕਣ ਤੋਂ ਬਾਅਦ, ਮੇਰਾ ਮਨ ਨਾਮ ਸਿਮਰਨ ’ਚ ਜੁੜਿਆ ਰਿਹਾ ਅਤੇ ਨਾਮ ਸਿਮਰਨ ਦਾ ਅਨੰਦ ਵੀ ਬਹੁਤ ਆਇਆ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇਸ ਗ੍ਰਿਹਿ ਵਿਖੇ ਸਦਾ ਹੀ ਲੰਗਰ ਚਲਦੇ ਰਹਿਣ। ਫਿਰ ਉਹ ਸਾਧੂ ਭਾਈ ਵੀਰ ਸਿੰਘ ਜੀ ਨੂੰ ਲੰਗਰ ਦੀ ਹੱਥੀਂ ਸੇਵਾ ਕਰਦੇ ਦੇਖ ਕੇ ਕਹਿਣ ਲੱਗਾ ਕਿ ਇਸ ਗ੍ਰਿਹਿ ਵਿਚ ਕਦੇ ਮਾਇਆ ਦੀ ਥੁੜ੍ਹ ਨਾ ਹੋਵੇ, ਇਸ ਲਈ ਮੈਂ ਅਰਦਾਸ ਕਰਦਾ ਹਾਂ ਕਿ ਇਹ ਸੁਸ਼ੀਲ ਤੇ ਭਾਗਾਂ ਵਾਲਾ ਬੱਚਾ ਬਹੁਤ ਧਨਵਾਨ ਹੋਵੇ। ਅੱਗੋਂ ਮਾਤਾ ਉੱਤਮ ਕੌਰ ਜੀ ਕਹਿਣ ਲੱਗੇ ਕਿ ਹੇ ਸੰਤ ਜੀ! ਮਾਇਆ ਤਾਂ ਮੈਲ ਹੈ, ਸੁਰਤਿ ਨੂੰ ਮੈਲਿਆਂ ਕਰ ਦਿੰਦੀ ਹੈ ਅਤੇ ਸਿਰਜਣਹਾਰ ਤੋਂ ਵਿਛੋੜ ਦਿੰਦੀ ਹੈ। ਇਸ ਲਈ, ਜੇ ਤਰੁੱਠੇ ਹੀ ਹੋ, ਤਾਂ ਅਰਦਾਸ ਕਰੋ ਕਿ ਸਾਨੂੰ ਨਾਮ-ਚਿੱਤ ਰਹੇ ਤੇ ਸਿਮਰਨ ’ਚ ਵਿੱਥ ਨਾ ਪਵੇ। ਇਹੋ ਜਿਹੇ ਸਨ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ। ਮਾਤਾ ਉੱਤਮ ਕੌਰ ਜੀ 9 ਅਪ੍ਰੈਲ ਸੰਨ 1918 ਈ. ਨੂੰ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ 45 ਸਾਲਾਂ ਦੀ ਸੀ।

# 1 ਨਵੰਬਰ ਪੰਜਾਬੀ ਸੂਬੇ ਦੀ ਸਥਾਪਨਾ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
+91-84274-54104
ਪੰਜਾਬ ਮੇਲ USA





ਸਿੱਖਾਂ ਨੇ ਆਜ਼ਾਦੀ ਦੀ ਲੜਾਈ ਵਿਚ ਬਹੁਤ ਜੱਦੋ-ਜਹਿਦ ਕੀਤੀ ਅਤੇ ਸਭ ਨਾਲੋਂ ਵੱਧ ਕੁਰਬਾਨੀਆਂ ਦੇ ਕੇ ਯੋਗਦਾਨ ਪਾਇਆ। ਸਿੱਖਾਂ ਨੇ ਪੰਡਿਤ ਨਹਿਰੂ 'ਤੇ ਵਿਸ਼ਵਾਸ ਕਰਕੇ ਆਜ਼ਾਦੀ ਤੋਂ ਬਾਅਦ ਇਕ ਖਿੱਤੇ ਵਿਚ ਵੱਖਰਾ ਸੂਬਾ ਬਣਾ ਕੇ ਰਹਿਣ ਦੀ ਆਸ ਰੱਖ ਲਈ ਸੀ।

1947 ਵਿਚ ਦੇਸ਼ ਆਜ਼ਾਦ ਹੋ ਗਿਆ। ਦੇਸ਼ ਵਿਚ 1950 ਨੂੰ ਭਾਸ਼ਾ ਦੇ ਆਧਾਰ 'ਤੇ ਰਾਜ ਬਣਾਉਣ ਦੀ ਮੰਗ ਉੱਠੀ। ਭਾਰਤ ਸਰਕਾਰ ਨੇ 22 ਦਸੰਬਰ 1953 ਵਿਚ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਲਈ ਇਕ ਕਮਿਸ਼ਨ ਸਥਾਪਤ ਕੀਤਾ। ਕਮਿਸ਼ਨ ਨੇ ਲੋਕਾਂ ਤੋਂ ਦਲੀਲਾਂ ਸਹਿਤ ਸੁਝਾਅ ਮੰਗੇ।

ਸਿੱਖਾਂ ਨੇ ਵੱਖਰੇ ਪੰਜਾਬੀ ਸੂਬੇ ਦੀ ਮੰਗ ਰੱਖ ਦਿੱਤੀ। ਪੰਜਾਬ ਵਿਚ ਹਿੰਦੀ ਬੋਲਣ ਵਾਲਿਆਂ ਦੀ ਗਿਣਤੀ ਜ਼ਿਆਦਾ ਸੀ ਪਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਪੰਜਾਬ ਵਿਚ ਹੀ ਸੀ। ਆਰੀਆ ਸਮਾਜ, ਪੰਜਾਬ ਕਾਂਗਰਸ ਅਤੇ ਜਨ ਸੰਘ ਨੇ ਹਿਮਾਚਲ ਅਤੇ ਪੈਪਸੂ ਨੂੰ ਪੰਜਾਬ ਵਿਚ ਮਿਲਾ ਕੇ ਮਹਾਂ ਪੰਜਾਬ ਬਣਾਉਣ ਦਾ ਸੁਝਾਅ ਦੇ ਦਿੱਤਾ।

ਕਮਿਸ਼ਨ ਨੇ ਆਪਣੀ ਰਿਪੋਰਟ ਅਕਤੂਬਰ 1955 ਵਿਚ ਪੇਸ਼ ਕੀਤੀ। ਕਮਿਸ਼ਨ ਨੇ ਪੰਜਾਬੀ ਸੂਬੇ ਦੀ ਮੰਗ ਠੁਕਰਾ ਕੇ ਮਹਾਂ ਪੰਜਾਬ ਬਣਾਉਣ ਲਈ ਕਿਹਾ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਡਾ. ਯਸਵੰਤ ਸਿੰਘ ਪਰਮਾਰ ਨੇ ਹਿਮਾਚਲ ਮਹਾਂ ਪੰਜਾਬ ਵਿਚ ਸ਼ਾਮਲ ਹੋਣ ਤੋਂ ਬਚਾ ਲਿਆ ਪਰ ਪੈਪਸੂ ਪੰਜਾਬੀ ਬੋਲਣ ਵਾਲਾ ਇਲਾਕਾ 2 ਅਕਤੂਬਰ 1956 ਨੂੰ ਪੰਜਾਬ ਵਿਚ ਸ਼ਾਮਲ ਕਰ ਦਿੱਤਾ।

ਪੰਜਾਬੀ ਸੂਬੇ ਦੀ ਮੰਗ ਸਿੱਖਾਂ ਦੀ ਜਾਇਜ਼ ਅਤੇ ਸੰਵਿਧਾਨਿਕ ਮੰਗ ਸੀ, ਜਦ ਇਹ ਹੱਥੋਂ ਨਿਕਲਦੀ ਦਿੱਸਣ ਲੱਗੀ, ਤਾਂ ਸਿੱਖਾਂ ਨੇ ਜਲਸੇ, ਮੁਜ਼ਾਹਰੇ ਕਰਨੇ ਅਤੇ ਜਲੂਸ ਕੱਢਣੇ ਸ਼ੁਰੂ ਕਰ ਦਿੱਤੇ ਪਰ ਸਿੱਖਾਂ ਦੇ ਉਲਟ ਹਿੰਦੂ, ਮਹਾਂ ਪੰਜਾਬ ਦੀ ਮੰਗ 'ਤੇ ਅੜ ਗਏ।

ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਪੰਜਾਬੀ ਸੂਬੇ ਦਾ ਨਾਹਰਾ ਮਾਰਨ ਅਤੇ ਪੰਜਾਬੀ ਸੂਬੇ ਦੀ ਮੰਗ ਕਰਨ 'ਤੇ ਪਾਬੰਦੀ ਲਗਾ ਦਿੱਤੀ। ਸਿੱਖਾਂ ਨੇ 10 ਮਈ, 1955 ਨੂੰ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਮੋਰਚਾ ਸ਼ੁਰੂ ਕਰ ਦਿੱਤਾ।

ਸਭ ਤੋਂ ਪਹਿਲੇ ਜੱਥੇ ਵਿਚ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਪ੍ਰਿੰਸੀਪਲ ਇਕਬਾਲ ਸਿੰਘ, ਪਰਕਾਸ਼ ਸਿੰਘ ਬਾਦਲ, ਸਾਧੂ ਸਿੰਘ ਹਮਦਰਦ, ਭੁਪਿੰਦਰ ਸਿੰਘ ਮਾਨ, ਗੁਰਲਿਬਾਸ ਸਿੰਘ ਆਦਿ ਸਿੱਖ ਗ੍ਰਿਫ਼ਤਾਰ ਹੋਏ। ਲਗਭਗ ਦਸ ਹਜ਼ਾਰ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਇਨ੍ਹਾਂ ਵਿਚ 400 ਦੇ ਲਗਭਗ ਔਰਤਾਂ ਵੀ ਸ਼ਾਮਲ ਸਨ। ਸਿੱਖਾਂ ਦਾ ਜੋਸ਼ ਵੇਖਦਿਆਂ ਮੁੱਖ ਮੰਤਰੀ ਨੇ ਪੰਜਾਬੀ ਸੂਬੇ ਦੀ ਮੰਗ 'ਤੇ ਲਗਾਈ ਪਾਬੰਦੀ ਹਟਾ ਦਿੱਤੀ।

ਸਿੱਖਾਂ ਨਾਲ ਹਰ ਥਾਂ ਵਿਤਕਰਾ ਹੁੰਦਾ ਆਇਆ। ਸਾਰੇ ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਪੁਨਰ ਹੱਦਬੰਦੀ ਹੋ ਗਈ, ਇਕੱਲਾ ਪੰਜਾਬ ਹੀ ਹੱਕ ਲੈਣ ਤੋਂ ਵਾਂਝਾ ਸੀ।

4 ਅਪ੍ਰੈਲ 1946 ਨੂੰ ਪੰਡਿਤ ਨਹਿਰੂ ਨੇ ਬਿਆਨ ਦਿੱਤਾ ਸੀ, ਸੂਬਿਆਂ ਦੀ ਪੁਨਰਵੰਡ ਜ਼ਰੂਰੀ ਹੈ, ਮੈਂ ਅਰਧ ਖੁਦਮੁਤਿਆਰੀ ਦਾ ਪੱਖੀ ਹਾਂ, ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਅਜਿਹੇ ਸੂਬੇ ਦੀ ਇਕਾਈ ਮਿਲੇ, ਜਿਥੇ ਰਹਿ ਕਿ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ। ਪੰਡਿਤ ਨਹਿਰੂ ਦਾ ਇਹ ਬਿਆਨ ਦੇਣ ਦਾ ਮੁੱਖ ਮਤਲਬ ਇਹ ਸੀ ਕਿ ਸਿੱਖ ਵੱਖਰੀ ਆਜ਼ਾਦੀ ਲੈਣ ਬਾਰੇ ਸੋਚ ਨਾ ਸਕਣ। ਜਦ ਆਜ਼ਾਦੀ ਤੋਂ ਬਾਅਦ ਪੰਡਿਤ ਨਹਿਰੂ ਨੂੰ ਇਹ ਗੱਲ ਯਾਦ ਕਰਵਾਈ ਗਈ, ਨਹਿਰੂ ਨੇ ਕਿਹਾ ਉਹ ਸਮਾਂ ਤਾਂ ਲੰਘ ਚੁੱਕਾ ਹੈ, ਮੈਂ ਕਿਸੇ ਕੀਮਤ 'ਤੇ ਪੰਜਾਬੀ ਸੂਬਾ ਨਹੀਂ ਬਣਨ ਦਿਆਂਗਾ। ਜੇਲ੍ਹਾਂ ਭਰ-ਭਰ ਕੇ ਹੱਕ ਮੰਗਣ ਵਾਲੇ ਸਿੱਖਾਂ ਨੂੰ ਭਾਰਤ ਸਰਕਾਰ ਨੇ ਅਕਤੂਬਰ 1955 ਵਿਚ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਗੱਲਬਾਤ ਕਰਨ ਲਈ ਦਿੱਲੀ ਬੁਲਾਇਆ। ਇਸ ਨਾਲ ਗਿਆਨੀ ਕਰਤਾਰ ਸਿੰਘ, ਹੁਕਮ ਸਿਘ, ਭਾਈ ਯੋਧ ਸਿੰਘ, ਗਿਆਨ ਸਿੰਘ ਰਾੜੇਵਾਲਾ ਸ਼ਾਮਲ ਹੋਏ। ਬਾਵਾ ਹਰਕ੍ਰਿਸ਼ਨ ਕੇਵਲ ਪਾਰਟੀ ਦੀਆਂ ਮੀਟਿੰਗਾ ਵਿਚ ਹੀ ਸ਼ਾਮਲ ਹੋਇਆ। ਸਰਕਾਰ ਵਲੋ ਪੰਡਿਤ ਨਹਿਰੂ, ਮੌਲਾਨਾ ਆਜ਼ਾਦ ਅਤੇ ਪੰਡਿਤ ਪੰਤ ਸ਼ਾਮਲ ਹੋਏ। ਇਸ ਮੀਟਿੰਗ ਤੋਂ ਬਾਅਦ ਰਿਜ਼ਨਲ ਫਾਰਮੂਲਾ ਹੋਂਦ ਵਿਚ ਆਇਆ ਪਰ ਸਰਕਾਰ ਨੇ ਲਾਗੂ ਕਰਨ ਵਿਚ ਕੋਈ ਉਤਸ਼ਾਹ ਨਾ ਵਿਖਾਇਆ। ਸ਼੍ਰੋਮਣੀ ਅਕਾਲੀ ਦਲ ਨੇ 23 ਅਗਸਤ 1958 ਨੂੰ ਮਤਾ ਪਾਸ ਕਰਕੇ ਪੰਜਾਬੀ ਸੂਬੇ ਲਈ ਮੋਰਚਾ ਫਿਰ ਚਲਾ ਦਿੱਤਾ। ਇਸ ਮੋਰਚੇ ਵਿਚ 58000 ਹਜ਼ਾਰ ਸਿੱਖਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਸਰਕਾਰ ਨੇ ਪਾਰਟੀ ਵਿਚ ਫੁੱਟ ਪਵਾ ਕੇ 1960 ਵਿਚ ਮੋਰਚਾ ਖ਼ਤਮ ਕਰਵਾ ਦਿੱਤਾ।

12 ਜੂਨ, 1960 ਨੂੰ ਸਿੱਖਾਂ ਨੇ ਦਿੱਲੀ ਵਿਚ ਰੋਸ ਵਜੋਂ ਜਲੂਸ ਕੱਢਣ ਦੀ ਤਰੀਖ ਰੱਖ ਦਿੱਤੀ ਪਰ ਮਾਸਟਰ ਤਾਰਾ ਸਿੰਘ ਨੂੰ 24-25 ਮਈ ਦੀ ਰਾਤ ਨੂੰ ਫੜ੍ਹ ਕੇ ਧਰਮਸ਼ਾਲਾ ਜੇਲ੍ਹ ਵਿਚ ਬੰਦ ਕਰ ਦਿੱਤਾ। 29 ਮਈ ਨੂੰ ਪ੍ਰਿੰਸੀਪਲ ਇਕਬਾਲ ਸਿੰਘ ਦੀ ਅਗਵਾਈ ਵਿਚ ਜਾ ਰਹੇ ਜੱਥੇ ਨੂੰ ਰਸਤੇ ਵਿਚ ਹੀ ਗ੍ਰਿਫ਼ਤਾਰ ਕਰ ਲਿਆ। ਦਿੱਲੀ ਵਿਚ 12 ਜੂਨ ਨੂੰ ਸਿੱਖਾਂ ਨੇ ਸ਼ਾਂਤਮਈ ਜਲੂਸ ਕੱਢਿਆ ਪਰ ਪੁਲਿਸ ਨੇ ਸਖਤੀ ਨਾਲ ਲਾਠੀਚਾਰਜ ਕਰਕੇ ਸੈਕੜੇ ਸਿੱਖ ਜ਼ਖ਼ਮੀ ਕਰ ਦਿੱਤੇ ਅਤੇ 10 ਸਿੱਖ ਸ਼ਹੀਦ ਹੋ ਗਏ।

29 ਅਕਤੂਬਰ, 1960 ਨੂੰ ਸੰਤ ਫ਼ਤਿਹ ਸਿੰਘ ਨੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। 18 ਦਸੰਬਰ 1960 ਨੂੰ ਮਰਨ ਵਰਤ ਸ਼ੁਰੂ ਹੋ ਗਿਆ। 4 ਜਨਵਰੀ 1961 ਨੂੰ ਮਾਸਟਰ ਤਾਰਾ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। 7 ਜਨਵਰੀ ਨੂੰ ਭਾਵਨਗਰ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੂੰ ਮਾਸਟਰ ਤਾਰਾ ਸਿੰਘ ਮਿਲਣ ਚੱਲਿਆ ਗਿਆ।

ਪੰਡਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਵਿਸ਼ਵਾਸ ਦਿਵਾ ਦਿੱਤਾ ਕਿ ਪੰਜਾਬੀ ਸੂਬਾ ਬਣਾਉਣ ਵਿਚ ਸਿੱਖਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਮਾਸਟਰ ਤਾਰਾ ਸਿੰਘ ਨੇ ਪੰਡਤ ਨਹਿਰੂ 'ਤੇ ਵਿਸ਼ਵਾਸ਼ ਕਰਕੇ ਸੰਤ ਫ਼ਤਿਹ ਸਿੰਘ ਦਾ ਮਰਨ ਵਰਤ ਤੁੜਵਾ ਦਿੱਤਾ। ਬਾਅਦ ਵਿਚ ਪੰਡਿਤ ਨਹਿਰੂ ਫਿਰ ਮੁੱਕਰ ਗਿਆ।

ਸੰਤ ਫ਼ਤਿਹ ਸਿੰਘ ਨੇ 16 ਅਗਸਤ 1965 ਨੂੰ ਸਰਕਾਰ ਨੂੰ ਅਲਟੀਮੇਟਮ ਦੇ ਦਿੱਤਾ, ਜੇਕਰ ਉਹ ਪੰਜਾਬੀ ਸੂਬੇ ਦੀ ਮੰਗ 10 ਸਤੰਬਰ ਤੱਕ ਨਹੀ ਮੰਨਣਗੇ, ਤਾਂ ਮੈਂ ਮਰਨ ਵਰਤ ਸ਼ੁਰੂ ਕਰ ਦੇਵਾਂਗਾ।

6 ਸਤੰਬਰ, 1965 ਨੂੰ ਭਾਰਤ ਦੀ ਪਾਕਿਸਤਾਨ ਨਾਲ ਜੰਗ ਛਿੜ ਗਈ। ਸ਼ਾਸਤਰੀ ਜੀ ਨੇ ਸੰਤ ਫ਼ਤਿਹ ਸਿੰਘ ਨੂੰ ਮਰਨ ਵਰਤ ਨਾ ਰੱਖਣ ਦੀ ਅਪੀਲ ਕਰ ਦਿੱਤੀ। ਸੰਤ ਫ਼ਤਿਹ ਸਿੰਘ ਨੇ ਅਪੀਲ ਮੰਨ ਲਈ। ਜੰਗ ਵਿਚ ਸਿੱਖ ਬਹਾਦਰੀ ਨਾਲ ਲੜੇ। ਇਸ ਗੱਲ ਤੋਂ ਖੁਸ਼ ਹੋ ਕੇ ਸ਼ਾਸ਼ਤਰੀ ਜੀ ਨੇ ਜੰਗ ਬੰਦ ਹੋਣ ਤੋਂ ਬਾਅਦ ਪੰਜਾਬੀ ਸੂਬੇ 'ਤੇ ਵਿਚਾਰ ਕਰਨ ਲਈ ਆਪਣੇ ਤਿੰਨ ਮੰਤਰੀਆਂ ਇੰਦਰਾ ਗਾਂਧੀ, ਮਹਾਂਵੀਰ ਤਿਆਗੀ ਅਤੇ ਵਾਈ. ਵੀ. ਚਵਾਨ ਦੇ ਆਧਾਰ 'ਤੇ ਇਕ ਸਬ ਕਮੇਟੀ ਬਣਾ ਦਿੱਤੀ। ਲੋਕ ਸਭਾ ਦੇ ਸਪੀਕਰ ਹੁਕਮ ਸਿੰਘ ਦੀ ਅਗਵਾਈ ਹੇਠ ਸੰਸਦ ਦੇ ਬਾਈ ਮੈਂਬਰ ਜੋ ਸਾਰੀਆਂ ਪਾਰਟੀਆਂ ਨਾਲ ਸਬੰਧ ਰੱਖਦੇ ਸਨ, ਉਨ੍ਹਾਂ ਦੀ ਇਕ ਕਮੇਟੀ ਬਣਾ ਦਿੱਤੀ। ਪਰ ਸਿੱਖਾਂ ਨੂੰ ਜੋ ਸ਼ਾਸ਼ਤਰੀ ਜੀ 'ਤੇ ਆਸਾਂ ਸਨ, ਉਨ੍ਹਾਂ ਆਸਾਂ 'ਤੇ ਉਸ ਟਾਈਮ ਪਾਣੀ ਫਿਰ ਗਿਆ, ਜਦ 11 ਜਨਵਰੀ 1966 ਨੂੰ ਸ਼ਾਸਤਰੀ ਜੀ ਦੀ ਤਾਸ਼ਕੰਦ ਵਿਖੇ ਮੌਤ ਹੋ ਗਈ।

19 ਜਨਵਰੀ, 1966 ਨੂੰ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ। ਇੰਦਰਾ ਗਾਂਧੀ ਦੀ ਮਿਲੀਭੁਗਤ ਅਨੁਸਾਰ ਕੇ-ਕਾਮਰਾਜ ਦੀ ਪ੍ਰਧਾਨਗੀ ਹੇਠ ਸਰਬ ਹਿੰਦ ਕਾਗਰਸ ਨੇ 9 ਮਾਰਚ 1966 ਨੂੰ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਉਣ ਲਈ ਭਾਰਤ ਸਰਕਾਰ ਨੂੰ ਸ਼ਿਫਾਰਸ਼ ਕੀਤੀ। 15 ਮਾਰਚ ਨੂੰ ਹੁਕਮ ਸਿੰਘ ਕਮੇਟੀ ਨੇ ਵੀ ਆਪਣੀ ਰਿਪੋਰਟ ਪੇਸ਼ ਕਰ ਦਿੱਤੀ। ਰਿਪੋਰਟ ਵਿਚ ਲਿਖਿਆ ਗਿਆ ਕਿ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਾਇਆ ਜਾਵੇ। ਹਿੰਦੀ ਭਾਸ਼ਾ ਦੇ ਆਧਾਰ 'ਤੇ ਨਵਾਂ ਸੂਬਾ ਹਰਿਆਣਾ ਬਣਾਇਆ ਜਾਵੇ। ਕਾਂਗੜਾ, ਕੁੱਲੂ, ਸ਼ਿਮਲਾ ਇਹ ਪਹਾੜੀ ਇਲਾਕਿਆਂ ਨੂੰ ਹਿਮਾਚਲ ਪ੍ਰਦੇਸ਼ ਵਿਚ ਮਿਲਾਇਆ ਜਾਵੇ। ਕੇਂਦਰੀ ਗ੍ਰਹਿ ਮੰਤਰੀ ਗੁਲਜਾਰੀ ਲਾਲ ਨੰਦਾ ਨੇ 23 ਅਪ੍ਰੈਲ ਨੂੰ ਜਸਟਿਸ ਸ਼ਾਹ, ਐੱਸ. ਦੱਤ, ਐੱਮ.ਐੱਸ. ਫਿਲਪਸ ਦੇ ਆਧਾਰਿਤ ਇਕ ਕਮਿਸ਼ਨ ਬਣਾ ਦਿੱਤਾ, ਜਿਸ ਨੇ 1961 ਦੀ ਮਰਦਮਸ਼ੁਮਾਰੀ ਨੂੰ ਮੁੱਖ ਰੱਖ ਕੇ ਇਕ ਤਹਿਸੀਲ ਨੂੰ ਇਕ ਯੂਨਿਟ ਮੰਨ ਕੇ ਹੱਦਬੰਦੀ ਬਣਾਉਣ ਲਈ ਕਿਹਾ। ਭਾਰਤ ਸਰਕਾਰ ਨੇ 10 ਅਗਸਤ ਨੂੰ ਪੰਜਾਬ ਪੁਨਰਗਠਨ ਬਿਲ ਪਾਸ ਕੀਤਾ। 15 ਅਗਸਤ 1966 ਨੂੰ ਰੀਆਰਗੇਨਾਈਜ਼ੇਸ਼ਨ ਵਲੋਂ ਐਕਟ ਪਾਸ ਹੋਇਆ। ਪੰਡਤ ਨਹਿਰੂ ਦੇ ਸਿੱਖਾਂ ਨੂੰ ਵੱਖਰੀ ਖਿੱਤਾ ਵਿਚ ਆਜ਼ਾਦੀ ਦਾ ਨਿੱਘ ਮਾਨਣ ਵਾਲੇ ਲਾਏ ਲਾਰੇ ਵਿਚ ਆਜ਼ਾਦੀ ਮਿਲਣ ਸਮੇਂ ਪਹਿਲੇ ਝਟਕੇ ਅੱਧਾ ਪੰਜਾਬ (ਢਾਈ ਦਰਿਆ) ਵੱਡ ਕੇ ਪਾਕਿਸਤਾਨ ਨੂੰ ਦੇ ਦਿੱਤੇ। ਆਜ਼ਾਦੀ ਤੋਂ ਬਾਅਦ ਲੰਮਾਂ ਸਮਾਂ ਸਿੱਖ ਆਪਣੇ ਖਿੱਤੇ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਰਹੇ ਪਰ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵਲੋਂ ਕੋਰੀ ਨਾਂਹ ਮਿਲਦੀ ਰਹੀ। ਅਖੀਰ 1 ਨੰਵਬਰ, 1966 ਨੂੰ ਅੱਖਾਂ ਤੋਂ ਅੱਥਰੂ ਪੂੰਝਣ ਦਾ ਕੰਮ ਕਰਦਿਆਂ ਬੇ-ਇਨਸਾਫ਼ੀ ਵਾਲਾ ਪੰਜਾਬੀ ਸੂਬਾ ਹੋਂਦ ਵਿਚ ਆਇਆ। ਇਸ ਵਿਚੋਂ ਹਰਿਆਣਾ ਬਣਾ ਦਿੱਤਾ ਗਿਆ। ਪਹਾੜੀ ਇਲਾਕਾ ਹਿਮਾਚਲ ਪ੍ਰਦੇਸ਼ ਵਿਚ ਸ਼ਾਮਲ ਕਰ ਦਿੱਤਾ ਗਿਆ। ਚੰਡੀਗੜ੍ਹ ਨੂੰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ। ਪੰਜਾਬ ਦੇ ਬਹੁਤ ਸਾਰੇ ਸਬੰਧ ਹਰਿਆਣਾ ਸਟੇਟ ਨਾਲ ਸਾਂਝੇ ਕਰ ਦਿੱਤੇ। ਦੋਵਾਂ ਰਾਜਾਂ ਦੀ ਰਾਜਧਾਨੀ 'ਤੇ ਸਾਂਝਾ ਹਾਈਕੋਰਟ ਚੰਡੀਗੜ੍ਹ ਨੂੰ ਬਣਾ ਦਿੱਤਾ। ਆਜ਼ਾਦੀ ਦੇ ਅਠੱਤਰ ਸਾਲ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਨੂੰ ਪੂਰਾ ਹੱਕ ਨਹੀਂ ਮਿਲਿਆ।

# ਦੁਨੀਆਂ ਨੂੰ ਉਚਾਈ ਤੱਕ ਲੈ ਜਾਣ ਦਾ ਇੱਕ ਵਿਗਿਆਨਕ ਦਾ ਸੁਪਨਾ

ਪ੍ਰਿੰਸੀਪਲ ਵਿਜੈ ਕੁਮਾਰ
98726-27136
ਪੰਜਾਬ ਮੇਲ USA

ਦੇਸ਼ ਦੇ ਮਰਹੂਮ ਰਾਸ਼ਟਰਪਤੀ ਡਾਕਟਰ ਏ.ਪੀ.ਜੇ. ਅਬਦੁੱਲ ਦੇ ਜੀਵਨ ਦੀ ਸਾਦਗੀ, ਉਨ੍ਹਾਂ ਦੇ ਉੱਚ ਵਿਚਾਰ ਅਤੇ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਆਪਣੇ-ਆਪ ਵਿਚ ਬੇਮਿਸਾਲ ਹਨ। ਉਹ ਧਰਤੀ ਨਾਲ ਜੁੜੇ ਹੋਏ ਇਨਸਾਨ ਸਨ। ਉਹ ਦੇਸ਼ ਦੇ ਸਭ ਤੋਂ ਉੱਚੇ ਅਹੁਦੇ ਉੱਤੇ ਹੁੰਦੇ ਹੋਏ ਵੀ ਬਹੁਤ ਸਾਧਾਰਣ ਜ਼ਿੰਦਗੀ ਜਿਉਂਦੇ ਸਨ। ਉਨ੍ਹਾਂ ਦਾ ਇੱਕ ਕਥਨ ਕਿ ਸੁਪਨੇ ਉਹ ਨਹੀਂ ਹੁੰਦੇ, ਜੋ ਕਿ ਸੌਣ ਲੱਗਿਆਂ ਵੇਖੇ ਜਾਂਦੇ ਹਨ, ਸਗੋਂ ਸੁਪਨੇ ਉਹ ਹੁੰਦੇ ਹਨ, ਜੋ ਕਿ ਮਨੁੱਖ ਨੂੰ ਸੌਣ ਨਹੀਂ ਦਿੰਦੇ, ਸਾਰੀ ਦੁਨੀਆਂ ਦੇ ਲੋਕਾਂ ਲਈ ਰਾਹ ਦਸੇਰਾ ਬਣ ਗਿਆ ਅਤੇ ਸਿੱਖਿਆ ਸੰਸਥਾਵਾਂ ਦੀਆਂ ਕੰਧਾਂ ਉੱਤੇ ਲਿਖਿਆ ਗਿਆ। ਉਨ੍ਹਾਂ ਵੱਲੋਂ ਲਿਆ ਗਿਆ ਇੱਕ ਸੁਪਨਾ, ਜਿਸ ਨੂੰ ਸਾਕਾਰ ਕਰਨ ਲਈ ਉਹ ਉਮਰ ਭਰ ਬੇਚੈਨ ਅਤੇ ਯਤਨਸ਼ੀਲ ਰਹੇ, ਇਤਿਹਾਸ ਬਣ ਗਿਆ। ਸੰਨ 2007 ਦੀ ਗੱਲ ਹੈ ਕਿ ਇੱਕ ਸੁਹਾਵਣੀ ਸਵੇਰ ਵੇਲੇ ਯੂਰਪ ਦੀ ਧਰਤੀ ਉੱਤੇ ਦੁਨੀਆਂ ਦੇ ਨਾਮਵਰ ਵਿਗਿਆਨਕ ਤੇ ਮਿਜ਼ਾਇਲ ਮੈਨ ਡਾਕਟਰ ਏ.ਪੀ.ਜੇ. ਅਬਦੁੱਲ ਕਲਾਮ ਦੇ ਸਵਾਗਤ 'ਚ ਭਾਰਤ ਦਾ ਝੰਡਾ ਲਹਿਰਾਇਆ ਜਾ ਰਿਹਾ ਸੀ। ਯੂਰਪੀ ਸੰਸਦੀ ਵਿਸ਼ਾਲ ਹਾਲ ਵਿਚ ਹੋ ਰਹੀ ਇੱਕ ਕਾਨਫਰੰਸ ਵਿਚ 28 ਦੇਸ਼ਾਂ ਦੇ ਪ੍ਰਤੀਨਿਧੀ ਹਿੱਸਾ ਲੈ ਰਹੇ ਸਨ। ਜਿਵੇਂ ਹੀ ਉਸ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਡਾਕਟਰ ਕਲਾਮ ਮੰਚ ਉੱਤੇ ਖੜ੍ਹੇ ਹੋਏ, ਉਵੇਂ ਹੀ ਉਨ੍ਹਾਂ ਦੇ ਵਿਚਾਰ ਸੁਣਨ ਲਈ ਚਾਰੇ ਪਾਸੇ ਚੁੱਪ ਛਾ ਗਈ। ਡਾਕਟਰ ਕਲਾਮ ਨੇ ਕੋਈ ਭਾਸ਼ਣ ਨਹੀਂ ਦਿੱਤਾ। ਉਨ੍ਹਾਂ ਨੇ ਉਸ ਕਾਨਫਰੰਸ 'ਚ ਆਪਣੇ ਵੱਲੋਂ ਲਏ ਗਏ ਇੱਕ ਸੁਪਨੇ ਅਤੇ ਉਸ ਨੂੰ ਸਾਕਾਰ ਕਰਨ ਲਈ ਕੀਤੇ ਜਾਣ ਵਾਲੇ



ਯਤਨਾਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਹੋਇਆਂ ਕਿਹਾ ਕਿ ਦੁਨੀਆਂ ਹਥਿਆਰਾਂ ਨਾਲ ਨਹੀਂ, ਵਿਚਾਰਾਂ ਨਾਲ ਲੜੇਗੀ। ਦੁਨੀਆਂ ਦੇ ਸਾਰੇ ਦੇਸ਼ ਇੱਕ ਦੂਜੇ ਨਾਲ ਸਰਹੱਦਾਂ ਨਾਲ ਨਹੀਂ, ਸਗੋਂ ਏਕਤਾ ਨਾਲ ਜੁੜਨਗੇ।

ਮਨੁੱਖਤਾ ਦੀ ਅਸਲੀ ਤਾਕਤ ਮਿਜ਼ਾਇਲਾਂ 'ਚ ਨਹੀਂ, ਸਗੋਂ ਦਿਲਾਂ ਵਿਚ ਹੋਵੇਗੀ। ਦੁਨੀਆਂ ਦੇ ਸਾਰੇ ਦੇਸ਼ ਹੋਣ ਵਾਲੇ ਯੁੱਧ ਦੇ ਸਮਝੌਤੇ ਕਰਨ ਲਈ ਨਹੀਂ, ਸਗੋਂ ਇੱਕ ਦੂਜੇ ਨੂੰ ਅੱਗੇ ਵੱਧਣ ਲਈ ਸਹਿਯੋਗ ਦੇਣ ਲਈ ਇਕੱਠੇ ਹੋਣਗੇ। ਇੱਕ ਦੂਜੇ ਨੂੰ ਨੀਵਾਂ ਵਿਖਾਉਣ, ਕਮਜ਼ੋਰ ਕਰਨ ਅਤੇ ਦੂਜੇ ਦੀ ਧਰਤੀ ਉੱਤੇ ਕਬਜ਼ਾ ਕਰਨ ਲਈ ਨਹੀਂ, ਸਗੋਂ ਇੱਕ ਦੂਜੇ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਇੱਕਠੇ ਹੋਣਗੇ। ਡਾਕਟਰ ਕਲਾਮ ਦੇ ਸ਼ਬਦਾਂ 'ਚ ਕੋਈ ਰਾਜਨੀਤਿਕ ਸ਼ਕਤੀ ਨਹੀਂ, ਸਗੋਂ ਆਤਮਿਕ ਸ਼ਕਤੀ ਸੀ। ਸਾਧਾਰਨ ਸੁਭਾਅ ਵਾਲੇ ਡਾਕਟਰ ਕਲਾਮ ਦੇ ਸੁਪਨੇ ਬਾਰੇ ਸੁਣਕੇ ਉਸ ਸਭਾ ਵਿਚ ਬੈਠੇ ਸਾਰੇ ਲੋਕਾਂ ਨੇ ਖੜ੍ਹੇ ਹੋਕੇ ਉਨ੍ਹਾਂ ਦੇ ਸਨਮਾਨ ਵਿਚ ਤਾੜੀਆਂ ਮਾਰੀਆਂ। ਉਨ੍ਹਾਂ ਤਾੜੀਆਂ 'ਚ ਸਨਮਾਨ ਦੀ ਨਹੀਂ, ਸਗੋਂ ਡਾਕਟਰ ਕਲਾਮ ਦੇ ਸੁਪਨੇ ਤੋਂ ਲਈ ਗਈ ਪ੍ਰੇਰਨਾ ਦੀ ਗੂੰਜ ਸੀ। ਉਹ ਦਿਨ ਇੱਕ ਵਿਗਿਆਨਕ ਦੇ ਸੁਪਨੇ ਦਾ ਦਿਨ ਨਹੀਂ, ਸਗੋਂ ਸਮੁੱਚੀ ਮਾਨਵਤਾ ਦੇ ਭਲੇ ਦਾ ਦਿਨ ਸੀ। ਡਾਕਟਰ ਕਲਾਮ ਦੇ ਉਸ ਸੁਪਨੇ ਨੇ ਸਾਰੀ ਦੁਨੀਆਂ ਨੂੰ ਇਹ ਸਿਖਾਇਆ ਕਿ ਇੱਕ ਛੋਟੇ ਜਿਹੇ ਗਰੀਬ ਪਰਿਵਾਰ 'ਚ ਜਨਮ ਲੈਣ ਵਾਲਾ ਜਿਹੜਾ ਮੁੰਡਾ ਬਚਪਨ ਵਿਚ ਕਾਗ਼ਜ਼ ਦੇ ਜਹਾਜ਼ ਬਣਾਕੇ ਅਸਮਾਨ 'ਚ ਉੱਡਣ ਦੇ ਸੁਪਨੇ ਵੇਖਿਆ ਕਰਦਾ ਸੀ, ਅੱਜ ਉਹੀ ਮੁੰਡਾ ਸਾਰੀ ਦੁਨੀਆਂ ਨੂੰ ਉਚਾਈ ਤੱਕ ਲਿਜਾਉਣ ਦੇ ਸੁਪਨੇ ਵਿਖਾ ਰਿਹਾ ਹੈ। ਦੁਨੀਆਂ ਦੇ ਉਨ੍ਹਾਂ ਦੇਸ਼ਾਂ ਨੂੰ ਜਿਹੜੇ ਦੁਨੀਆਂ ਨੂੰ ਯੁੱਧ ਦੀ ਭੱਠੀ ਵਿਚ ਝੋਕ ਰਹੇ ਹਨ, ਅੱਤਵਾਦ ਫੈਲਾ ਰਹੇ ਹਨ, ਕਮਜ਼ੋਰ ਦੇਸ਼ਾਂ ਦੀ ਧਰਤੀ ਉੱਤੇ ਕਬਜ਼ਾ ਕਰ ਰਹੇ ਹਨ ਅਤੇ ਹਥਿਆਰ ਵੇਚ ਰਹੇ ਹਨ, ਉਨ੍ਹਾਂ ਨੂੰ ਡਾਕਟਰ ਕਲਾਮ ਦੇ ਉਸ ਸੁਪਨੇ ਉੱਤੇ ਅਮਲ ਕਰਨਾ ਚਾਹੀਦਾ ਹੈ।

# ਪ੍ਰਦੂਸ਼ਨ; ਕਿੰਨਾ ਕੁ ਬਚ ਸਕਦੇ ਹਾਂ ਅਸੀਂ?



ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA

ਮੈਂ ਆਪਣੇ ਕਮਰੇ ਦੀਆਂ ਖਿੜਕੀਆਂ ਦਰਵਾਜ਼ੇ ਢੋਅ ਲਏ ਹਨ। 'ਏਅਰ ਪਿਓਰੀ ਫਾਇਰ' ਆਨ ਕਰ ਲਿਆ ਹੈ। ਬਾਹਰ ਪ੍ਰਦੂਸ਼ਨ-ਪੱਧਰ 270 ਹੈ। ਪਿਓਰੀ ਫਾਇਰ ਦੇ ਸਕਰੀਨ 'ਤੇ ਪ੍ਰਦੂਸ਼ਨ-ਪੱਧਰ ਨਜ਼ਰ ਆਉਣ ਲੱਗਾ ਹੈ। ਹੌਲੀ-ਹੌਲੀ ਅੰਕੜਾ ਉਪਰ ਵੱਲ ਜਾ ਰਿਹਾ ਹੈ। 235 'ਤੇ ਆ ਕੇ ਰੁੱਕ ਗਿਆ ਹੈ। ਮਤਲਬ ਮੇਰੇ ਕਮਰੇ ਅੰਦਰ ਪ੍ਰਦੂਸ਼ਨ-ਪੱਧਰ 235 ਹੈ।

ਪਿਓਰੀ ਫਾਇਰ ਨੇ ਕਮਰੇ ਦਾ ਪ੍ਰਦੂਸ਼ਨ ਚੂਸਣਾ ਆਰੰਭ ਕਰ ਦਿੱਤਾ ਹੈ। ਵੱਖ-ਵੱਖ ਰੰਗਾਂ ਦੀ ਰੌਸ਼ਨੀ ਪ੍ਰਗਟ ਹੋ ਰਹੀ ਹੈ। ਲਾਲ ਰੰਗ ਗੈਰ-ਸਿਹਤਮੰਦ ਦਾ ਸੰਕੇਲ ਹੈ, ਨੀਲਾ ਹੈ, ਜਾਮਣੀ ਹੈ। ਕਮਰੇ ਦਾ ਪ੍ਰਦੂਸ਼ਨ-ਪੱਧਰ 70-80 'ਤੇ ਆ ਗਿਆ ਹੈ। ਪਿਓਰੀ ਫਾਇਰ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ। ਮੈਂ ਸੁਖ ਦਾ ਸਾਹ ਲਿਆ ਹੈ। ਪਰ ਸੁਖ ਦਾ ਸਾਹ ਕਿੰਨੀ ਦੇਰ ਲਈ?

ਹੁਣੇ ਦਰਵਾਜ਼ਾ ਖੁੱਲ੍ਹੇਗਾ। ਪ੍ਰਦੂਸ਼ਨ-ਪੱਧਰ ਛੜੱਪੇ ਮਾਰ ਕੇ 100 ਟੱਪ ਜਾਵੇਗਾ। ਹੇਠਾਂ ਲਿਆਉਣ ਲਈ ਪਿਓਰੀ ਫਾਇਰ ਨੂੰ ਮੁੜ ਜੱਦੋ-ਜਹਿਦ ਦੇ ਆਰਾਮ ਵਿਚੋਂ ਲੰਘਣਾ ਪਵੇਗਾ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਪ੍ਰਦੂਸ਼ਨ ਮਨੁੱਖੀ ਸਿਹਤ ਲਈ ਵੱਡਾ ਖ਼ਤਰਾ ਬਣ ਗਿਆ ਹੈ। ਸੰਸਾਰ ਦੀ 99 ਪ੍ਰਤੀਸ਼ਤ ਆਬਾਦੀ ਨਿਸ਼ਚਿਤ ਮਿਆਰ ਤੋਂ ਵੱਧ ਪ੍ਰਦੂਸ਼ਨ ਵਿਚ ਸਾਹ ਲੈ ਰਹੀ ਹੈ। ਦੁਨੀਆਂ ਵਿਚ ਹਰ ਸਾਲ 80 ਲੱਖ ਲੋਕ ਉਨ੍ਹਾਂ ਬਿਮਾਰੀਆਂ ਨਾਲ ਮਰ ਰਹੇ ਹਨ, ਜਿਹੜੀਆਂ ਸਿੱਧੇ ਤੌਰ 'ਤੇ ਪ੍ਰਦੂਸ਼ਨ ਨਾਲ ਸੰਬੰਧਤ ਹਨ।

ਨਵੇਂ ਅੰਕੜਿਆ ਵਿਸ਼ਵ ਸਿਹਤ ਸੰਗਠਨ ਨੇ 2021 'ਚ ਨਵੀਆਂ ਖੋਜਾਂ ਨਵੇਂ ਅੰਕੜਿਆਂ ਦੇ ਆਧਾਰ 'ਤੇ ਪ੍ਰਦੂਸ਼ਨ ਸੰਬੰਧੀ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਸਨ।

ਸਾਲ 2024 ਦੇ ਅੰਕੜਿਆਂ ਅਨੁਸਾਰ ਭਾਰਤ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਤੀਸਰਾ ਦੇਸ਼ ਹੈ। ਜਿਸਦਾ ਔਸਤ ਪੀ.ਐੱਮ. 2.5 ਪੱਧਰ 50.6 ਮਾਈਕਰੋ ਗ੍ਰਾਮ ਪ੍ਰਤੀ ਘਣ ਮੀਟਰ ਹੈ। ਜਿਹੜਾ ਵਿਸ਼ਵ ਸਿਹਤ ਸੰਗਠਨ ਦੁਆਰਾ ਨਿਸ਼ਚਿਤ ਪੱਧਰ ਤੋਂ 10 ਗੁਣਾਂ ਵੱਧ ਹੈ। ਇਸਦੇ ਮੁੱਖ ਕਾਰਨ ਉਦਯੋਗਾਂ ਨਾਲ ਸੰਬੰਧਤ ਸਰਗਰਮੀਆਂ ਦੁਆਰਾ 53 ਪ੍ਰਤੀਸ਼ਤ, ਆਵਾਜਾਈ ਸਾਧਨਾਂ ਕਾਰਨ 27 ਪ੍ਰਤੀਸ਼ਤ ਅਤੇ ਫ਼ਸਲਾਂ ਸਾੜਨ ਕਾਰਨ 17 ਪ੍ਰਤੀਸ਼ਤ ਹਨ। ਭਾਰਤ ਵਿਚ ਹਰ ਸਾਲ 20 ਲੱਖ ਤੋਂ ਵੱਧ ਮੌਤਾਂ ਕੇਵਲ ਪ੍ਰਦੂਸ਼ਨ ਕਾਰਨ ਹੁੰਦੀਆਂ ਹਨ।

11 ਮਾਰਚ 2025 ਨੂੰ ਜਾਰੀ ਕੀਤੀ ਗਈ ਇਕ ਤਾਜ਼ਾ ਰਿਪੋਰਟ ਮੁਤਾਬਕ ਦੁਨੀਆਂ ਦੇ ਸਭ ਤੋਂ ਵੱਧ ਪ੍ਰਦੂਸ਼ਿਤ 20 ਸ਼ਹਿਰਾਂ ਵਿਚੋਂ 13 ਭਾਰਤ ਦੇ ਹਨ। ਦਿੱਲੀ ਦੁਨੀਆਂ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਹੈ।

ਭਾਰਤ ਦੀ ਗੱਲ ਕਰੀਏ ਤਾਂ ਦਿੱਲੀ ਤੋਂ ਬਾਅਦ ਹਾਜੀਪੁਰਾ (ਬਿਹਾਰ) ਅਤੇ ਗਾਜੀਆਬਾਦ (ਉੱਤਰ ਪ੍ਰਦੇਸ਼) ਦਾ ਨੰਬਰ ਆਉਂਦਾ ਹੈ।

ਪ੍ਰਦੂਸ਼ਨ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ 'ਪਾਲਿਊਸ਼ਨ' ਤੋਂ ਆਇਆ ਹੈ। ਜਿਸਦਾ ਅਰਥ ਹੈ 'ਮੰਦਾ ਕਰਨਾ'। ਪ੍ਰਦੂਸ਼ਨ, ਵਾਤਾਵਰਨ ਵਿਚ ਹਾਨੀਕਾਰਕ ਪਦਾਰਥਾਂ ਨੂੰ ਮਿਲਾ ਕੇ ਹਵਾ, ਪਾਣੀ ਅਤੇ ਭੂਮੀ ਨੂੰ ਪ੍ਰਦੂਸ਼ਿਤ ਕਰਨ ਦੀ ਪ੍ਰਕਿਰਿਆ ਨੂੰ ਕਿਹਾ ਜਾਂਦਾ ਹੈ। ਇਸਨੇ ਵਾਤਾਵਰਨ ਦਾ ਸੰਤੁਲਨ ਵਿਗਾੜ ਕੇ ਧਰਤੀ 'ਤੇ ਹਰ ਤਰ੍ਹਾਂ ਦੇ ਜੀਵਨ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ।

50 ਤੋਂ ਘੱਟ ਪ੍ਰਦੂਸ਼ਨ-ਪੱਧਰ ਵਧੀਆ ਮੰਨਿਆ ਜਾਂਦਾ ਹੈ। 51-100 ਨੂੰ ਦਰਮਿਆਨਾ ਕਿਹਾ ਜਾਂਦਾ ਹੈ। 101-150 ਪੱਧਰ ਬੱਚਿਆਂ, ਬਜ਼ੁਰਗਾਂ ਅਤੇ ਬਿਮਾਰ ਵਿਅਕਤੀਆਂ ਲਈ ਮਾੜਾ ਹੁੰਦਾ ਹੈ। 151-200 ਗੈਰ-ਸਿਹਤਮੰਦ ਦੀ ਸ਼੍ਰੇਣੀ ਵਿਚ ਆਉਂਦਾ ਹੈ। 201-300 ਸਿਹਤ ਲਈ ਬਹੁਤ ਹੀ ਹਾਨੀਕਾਰਕ ਹੁੰਦਾ ਹੈ ਅਤੇ 301 ਤੋਂ ਉੱਪਰ ਦਾ ਪੱਧਰ ਖਤਰਨਾਕ ਘੋਸ਼ਿਤ ਕੀਤਾ ਗਿਆ ਹੈ। ਅਜਿਹੇ ਸਮੇਂ ਘਰ ਤੋਂ ਬਾਹਰ ਨਿਕਲਣਾ ਖਤਰੇ ਤੋਂ ਖਾਲੀ ਨਹੀਂ ਹੁੰਦਾ।




ਮੈਨੂੰ ਯਾਦ ਹੈ ਕੁਝ ਸਾਲ ਪਹਿਲਾਂ ਦੀਵਾਲੀ ਤੋਂ ਅਗਲੀ ਸਵੇਰ ਇਕ ਦਿਲ ਦਾ ਮਰੀਜ਼ ਸੀਨੀਅਰ ਸਿਟੀਜ਼ਨ ਸੈਰ ਕਰਨ ਲਈ ਨਿਕਲ ਗਿਆ। ਵੱਡਾ ਸ਼ਹਿਰ ਹੋਣ ਕਰਕੇ ਰਾਤ ਇਕ-ਦੋ ਵਜੇ ਤੱਕ ਪਟਾਕੇ ਚੱਲਦੇ ਰਹੇ ਸਨ। ਸਵੇਰ ਸਮੇਂ ਹਵਾ ਵਿਚ ਪ੍ਰਦੂਸ਼ਨ-ਪੱਧਰ ਬਹੁਤ ਉੱਚਾ ਸੀ। ਉਹ ਸੈਰ ਕਰਕੇ ਵਾਪਸ ਪਰਤਿਆ, ਤਾਂ ਅਜਿਹਾ ਦਿਲ ਦਾ ਦੌਰਾ ਪਿਆ ਕਿ ਜੀਵਨ-ਖੇਡ ਸਮਾਪਤ ਹੋ ਗਈ।

ਦੁਨੀਆਂ ਦੇ ਵੱਖ-ਵੱਖ ਦੇਸ਼ਾਂ, ਵੱਖ-ਵੱਖ ਸ਼ਹਿਰਾਂ ਦੇ ਪ੍ਰਦੂਸ਼ਨ-ਪੱਧਰ 'ਤੇ ਨਜ਼ਰ ਮਾਰੀਏ, ਤਾਂ ਅੰਤਾਂ ਦੀ ਹੈਰਾਨੀ ਹੁੰਦੀ ਹੈ ਕਿ ਅਸੀਂ ਕਿੱਥੇ ਖੜ੍ਹੇ ਹਾਂ? ਕੀ ਕਰ ਰਹੇ ਹਾਂ? ਕਿਧਰ ਨੂੰ ਜਾ ਰਹੇ ਹਾਂ?

ਜਿਨ੍ਹਾਂ ਦੇਸ਼ਾਂ ਵਿਚ ਪ੍ਰਦੂਸ਼ਨ-ਪੱਧਰ ਬਹੁਤ ਉੱਚਾ ਹੈ, ਉਨ੍ਹਾਂ ਵਿਚ ਪਹਿਲੇ 10-12 ਬੰਗਲਾਦੇਸ਼, ਪਾਕਿਸਤਾਨ, ਭਾਰਤ, ਬਹਿਰੀਨ, ਨਿਪਾਲ, ਇਜਿਪਟ, ਕੁਵੈਤ, ਤਿਜਾਕਸਤਾਨ, ਇਰਾਕ, ਯੂ.ਏ.ਈ., ਬੋਸਨੀਆ, ਵੀਅਤਨਾਮ ਆਦਿ ਹਨ।

ਦੂਸਰੇ ਪਾਸੇ ਜਿਹੜੇ ਚਰਚਿਤ ਮੁਲਕਾਂ 'ਚ ਪ੍ਰਦੂਸ਼ਨ ਦਾ ਪੱਧਰ ਬਹੁਤ ਨੀਵਾਂ ਹੈ, ਉਨ੍ਹਾਂ ਵਿਚ ਆਸਟਰੇਲੀਆ, ਸਵੀਡਨ, ਫਿਨਲੈਂਡ, ਨਿਊਜ਼ੀਲੈਂਡ, ਕੈਨੇਡਾ, ਨੌਰਵੇ, ਆਇਰਲੈਂਡ, ਸਵਿਟਜ਼ਲੈਂਡ, ਆਸਟਰੀਆ, ਡੈਨਮਾਰਕ, ਇੰਗਲੈਂਡ ਆਦਿ ਸ਼ਾਮਲ ਹਨ।

ਇਨ੍ਹਾਂ ਮੁਲਕਾਂ ਦੇ ਕਈ ਸ਼ਹਿਰਾਂ-ਕਸਬਿਆਂ 'ਚ ਪ੍ਰਦੂਸ਼ਨ-ਪੱਧਰ ਕੇਵਲ 2-3 ਤੱਕ ਹੁੰਦਾ ਹੈ। ਭਾਰਤ ਵਿਚੋਂ ਗਏ ਲੋਕ ਅਜਿਹਾ ਵੇਖ ਕੇ ਹੈਰਾਨ ਰਹਿ ਜਾਂਦੇ ਹਨ। ਉਥੇ ਰਹਿਣ ਦੌਰਾਨ ਕਈ ਲੋਕਾਂ ਦੀਆਂ ਪ੍ਰਦੂਸ਼ਨ ਨਾਲ ਸੰਬੰਧਤ ਬਿਮਾਰੀਆਂ-ਪ੍ਰੇਸ਼ਾਨੀਆਂ ਕਾਫ਼ੀ ਹੱਦ ਤੱਕ ਘੱਟ ਜਾਂਦੀਆਂ ਹਨ। ਕਈ ਇਹ ਵੀ ਦੱਸਦੇ ਹਨ ਕਿ ਉਥੇ ਜਾ ਕੇ ਉਨ੍ਹਾਂ ਨੂੰ ਬੀ.ਪੀ. ਦੀ ਗੋਲੀ ਖਾਣ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ ਅਤੇ ਸਾਰਾ ਦਿਨ ਥਕਾਵਟ ਵੀ ਨਹੀਂ ਹੁੰਦੀ। ਹਵਾ ਪ੍ਰਦੂਸ਼ਨ, ਜਲ ਪ੍ਰਦੂਸ਼ਨ, ਭੂਮੀ ਪ੍ਰਦੂਸ਼ਨ ਨਾਲ ਜੁੜੇ ਅੰਕੜੇ ਅਚੰਭਿਤ ਕਰਨ ਵਾਲੇ ਹਨ। ਸਮੁੰਦਰ ਵਿਚ ਹਰ ਰੋਜ਼ 1.1 ਕਰੋੜ ਟਨ ਪਲਾਸਿਟਕ ਪਹੁੰਚਦੀ ਹੈ। ਜਿਹੜੀ 200 ਟਰੱਕਾਂ ਦਾ ਕਚਰਾ ਸਮੁੰਦਰ ਵਿਚ ਸੁੱਟਣ ਬਰਾਬਰ ਹੈ। ਸਮੁੰਦਰਾਂ ਵਿਚ ਪ੍ਰਤੀ ਵਰਗ ਕਿਲੋਮੀਟਰ 4 ਅਰਬ ਤੋਂ ਵੱਧ ਮਾਈਕਰੋਫਾਈਬਰ ਤੁਰਦੇ ਹਨ, ਜਿਹੜੇ ਮਨੁੱਖ ਦੁਆਰਾ ਕੱਪੜੇ ਧੋਣ ਦੌਰਾਨ ਨਿਕਲਦੇ ਹਨ।

ਭੂਮੀ ਪ੍ਰਦੂਸ਼ਨ ਕਾਰਨ ਧਰਤੀ ਹਰ ਸਾਲ 24 ਅਰਬ ਟਨ ਉਪਰਲੀ ਪਰਤ ਦੀ ਮਿੱਟੀ ਗਵਾ ਦਿੰਦੀ ਹੈ। ਮਨੁੱਖ ਜੋ ਕਚਰਾ ਪੈਦਾ ਕਰਦਾ ਹੈ, ਉਸ ਨਾਲ 63000 ਟਰੱਕ ਭਰ ਸਕਦੇ ਹਨ। ਦੁਨੀਆਂ ਵਿਚ ਹਰੇਕ ਸਾਲ 1.3 ਅਰਬ ਟਨ ਕਚਰਾ ਪੈਦਾ ਹੁੰਦਾ ਹੈ।

ਮਾਹਿਰ ਮੰਨਦੇ ਹਨ ਕਿ ਜੇਕਰ ਕਾਰਗਰ ਕਦਮ ਨਾ ਉਠਾਏ ਗਏ, ਤਾਂ ਵੱਧਦਾ ਪ੍ਰਦੂਸ਼ਨ ਅਤੇ ਧਰਤੀ ਦਾ ਵੱਧਦਾ ਤਾਪਮਾਨ ਖ਼ਤਰਨਾਕ ਹੱਦ ਤੱਕ ਪਹੁੰਚ ਜਾਣਗੇ। ਸਾਲ 2100 ਤੱਕ ਪਹੁੰਚਦੇ-ਪਹੁੰਚਦੇ ਇਨ੍ਹਾਂ ਦਾ ਖ਼ੂੰਖਾਰ ਰੂਪ ਸਾਹਮਣੇ ਆ ਜਾਵੇਗਾ।

ਇਕ ਹੋਰ ਸਰਵੇ ਅਨੁਸਾਰ ਪ੍ਰਦੂਸ਼ਨ ਕਾਰਨ ਹਰੇਕ ਸਾਲ 1000000 ਤੋਂ ਵਧੇਰੇ ਸਮੁੰਦਰੀ ਪੰਛੀਆਂ ਦੀ ਮੌਤ ਹੋ ਜਾਂਦੀ ਹੈ ਅਤੇ 1000000 ਤੋਂ ਵੱਧ ਹੋਰ ਸਮੁੰਦਰੀ ਜੀਵ ਮਾਰੇ ਜਾਂਦੇ ਹਨ।

ਜਿਹੜੇ ਲੋਕ ਉੱਚ-ਪੱਧਰੀ ਹਵਾ ਪ੍ਰਦੂਸ਼ਨ ਵਾਲੇ ਇਲਾਕਿਆਂ 'ਚ ਰਹਿੰਦੇ ਹਨ, ਉਨ੍ਹਾਂ ਵਿਚ ਫੇਫੜਿਆਂ ਦੇ ਕੈਂਸਰ ਤੋਂ ਪੀੜਤ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਸਰਵੇ ਵਿਚ ਇਹ ਵੀ ਸਾਹਮਣੇ ਆਇਆ ਕਿ ਸਿਗਰਟ ਨਾ ਪੀਣ ਵਾਲਿਆਂ ਦੇ ਫੇਫੜਿਆਂ ਨੂੰ ਵੀ ਪ੍ਰਦੂਸ਼ਨ ਦੇ ਧੂੰਏਂ ਨੇ ਓਨਾ ਹੀ ਪ੍ਰਭਾਵਤ ਕੀਤਾ ਹੋਇਆ ਸੀ।

ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਦੀ ਕੁੱਲ ਆਬਾਦੀ, ਦੁਨੀਆਂ ਦੀ ਆਬਾਦੀ ਦਾ ਕੇਵਲ 5 ਪ੍ਰਤੀਸ਼ਤ ਹਿੱਸਾ ਹੈ ਪਰੰਤੂ ਪ੍ਰਦੂਸ਼ਨ ਪੈਦਾ ਕਰਨ ਵਿਚ ਉਹ ਬਹੁਤ ਅੱਗੇ ਹੈ। ਕਿਉਂਕਿ ਅਮਰੀਕਾ ਦੁਨੀਆਂ ਦਾ 25 ਪ੍ਰਤੀਸ਼ਤ ਕੋਇਲਾ ਬਾਲਦਾ ਹੈ, 26 ਪ੍ਰਤੀਸ਼ਤ ਤੇਲ ਵਰਤਦਾ ਹੈ ਅਤੇ 27 ਪ੍ਰਤੀਸ਼ਤ ਕੁਦਰਤੀ ਗੈਸ ਜਲਾਉਂਦਾ ਹੈ।

ਦੁਨੀਆਂ ਦੀ ਕੁੱਲ ਆਬਾਦੀ 'ਚ ਬੱਚਿਆਂ ਦੀ ਗਿਣਤੀ ਕੇਵਲ 10 ਪ੍ਰਤੀਸ਼ਤ ਹੈ ਪਰੰਤੂ ਬਿਮਾਰੀਆਂ ਦਾ 40 ਪ੍ਰਤੀਸ਼ਤ ਬੋਝ ਬੱਚਿਆਂ 'ਤੇ ਹੀ ਪੈਂਦਾ ਹੈ। ਪੰਜ ਸਾਲ ਤੋਂ ਘੱਟ ਉਮਰ ਦੇ 3000000 ਤੋਂ ਵਧੇਰੇ ਬੱਚੇ ਹਰੇਕ ਸਾਲ ਵਾਤਾਵਰਨਕ ਕਾਰਨਾਂ ਕਰਕੇ ਮਰਦੇ ਹਨ।

ਘਰ ਦੇ ਅੰਦਰ ਦਾ ਪ੍ਰਦੂਸ਼ਨ ਇਕ ਵੱਡੀ ਸਮੱਸਿਆ ਹੈ। ਤਿੰਨ ਅਰਬ ਲੋਕ ਅਜਿਹੇ ਹਨ, ਜਿਨ੍ਹਾਂ ਦੀ ਰਸੋਈ ਗੈਸ ਤੱਕ ਪਹੁੰਚ ਨਹੀਂ ਹੈ। ਉਹ ਅੱਜ ਵੀ ਸਟੋਵ ਜਾਂ ਖੁੱਲ੍ਹੀ ਅੱਗ ਦੀ ਵਰਤੋਂ ਕਰਦੇ ਹਨ। ਨਤੀਜੇ ਵਜੋਂ ਇਸ ਤੋਂ ਵਧੇਰੇ ਕਰਕੇ ਔਰਤਾਂ ਅਤੇ ਬੱਚੇ ਪ੍ਰਭਾਵਤ ਹੁੰਦੇ ਹਨ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਹਵਾ ਪ੍ਰਦੂਸ਼ਨ ਕਾਰਨ ਸਾਡੇ ਗ੍ਰਹਿ ਧਰਤੀ 'ਤੇ ਪ੍ਰਦੂਸ਼ਨ ਕਾਰਨ ਸਾਡੇ ਗ੍ਰਹਿ ਧਰਤੀ 'ਤੇ ਵੱਡੀਆਂ ਜਲਵਾਯੂ ਤਬਦੀਲੀਆਂ ਵਾਪਰ ਰਹੀਆਂ ਹਨ। ਨਤੀਜੇ ਵਜੋਂ ਪੂਰੀ ਧਰਤੀ ਪ੍ਰਦੂਸ਼ਨ ਦੀ ਮਾਰ ਝੱਲ ਰਹੀ ਹੈ। ਦਿਨੋਂ-ਦਿਨ ਮੁਕਾਬਲਾਤਨ ਪ੍ਰਦੂਸ਼ਨ ਵੱਧ ਹੁੰਦਾ ਜਾ ਰਿਹਾ ਹੈ।

ਦੁਨੀਆਂ ਵਿਚ ਇਕ ਬਿਲੀਅਨ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਨਹੀਂ ਮਿਲਦਾ। ਹਰ ਰੋਜ਼ 5000 ਤੋਂ ਵੱਧ ਲੋਕ ਪ੍ਰਦੂਸ਼ਿਤ ਪਾਣੀ ਪੀਣ ਨਾਲ ਮਰ ਰਹੇ ਹਨ।

ਨੌਬਤ ਇਥੋਂ ਤੱਕ ਪਹੁੰਚ ਗਈ ਹੈ ਕਿ ਉੱਚ-ਪੱਧਰੀ ਪ੍ਰਦੂਸ਼ਨ ਵਾਲੇ ਦੇਸ਼ ਆਸ-ਪਾਸ ਦੇ ਦੇਸ਼ਾਂ ਦਾ ਮੌਸਮ ਅਤੇ ਪ੍ਰਦੂਸ਼ਨ-ਪੱਧਰ ਵਿਗਾੜ ਰਹੇ ਹਨ।

ਕੋਈ ਦੇਸ਼, ਕੋਈ ਸ਼ਹਿਰ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਸਦਾ ਪ੍ਰਦੂਸ਼ਨ-ਪੱਧਰ ਅੱਜ ਨੀਵਾਂ ਹੈ ਅਤੇ ਇਹ ਨੇੜ-ਭਵਿੱਖ ਵਿਚ ਵੀ ਨੀਵਾਂ ਬਣਿਆ ਰਹੇਗਾ।

ਸਵਾਲ ਪੈਦਾ ਹੁੰਦਾ ਹੈ ਕਿ ਅਜਿਹੇ ਸਮਿਆਂ ਵਿਚ ਆਪਣੇ ਆਪ ਨੂੰ ਪ੍ਰਦੂਸ਼ਨ ਤੋਂ ਕਿਵੇਂ ਅਤੇ ਕਿੰਨਾ ਕੁ ਬਚਾਇਆ ਜਾ ਸਕਦਾ ਹੈ? ਘਰ ਦੇ ਅੰਦਰ ਰਹਿਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਏਅਰ ਪਿਓਰੀਫਾਇਰ ਦੀ ਵਰਤੋਂ ਕਰ ਸਕਦੇ ਹਾਂ।

ਵਿਟਾਮਿਨ ਸੀ ਭਰਪੂਰ ਖੁਰਾਕ ਲੈਣੀ ਚਾਹੀਦੀ ਹੈ। ਧੂੰਏ ਦੇ ਸਿੱਧੇ ਸੰਪਰਕ ਵਿਚ ਆਉਣ ਤੋਂ ਬਚਣਾ ਚਾਹੀਦਾ ਹੈ। ਘਰ ਅਤੇ ਘਰ ਦੇ ਆਸ-ਪਾਸ ਪੇੜ-ਪੌਦੇ ਲਗਾਉਣੇ ਚਾਹੀਦੇ ਹਨ, ਤਾਂ ਜੋ ਹਰਿਆਵਲ ਹਵਾ ਨੂੰ ਸਾਫ਼ ਕਰੇ। ਗ੍ਰੀਨ ਚਾਹ, ਅਦਰਕ, ਤੁਲਸੀ, ਹਲਦੀ, ਲਸਣ ਜਿਹੀਆਂ ਇਮਿਊਨਿਟੀ ਵਧਾਉਣ ਵਾਲੀਆਂ ਚੀਜ਼ਾਂ ਦੀ ਵਰਤੋਂ ਕਰ ਸਕਦੇ ਹਾਂ। ਮਾਸਕ ਪਹਿਨ ਕੇ ਪ੍ਰਦੂਸ਼ਨ ਦੇ ਦੁਰ-ਪ੍ਰਭਾਵਾਂ ਤੋਂ ਕਿਸੇ ਹੱਦ ਤੱਕ ਬਚਿਆ ਜਾ ਸਕਦਾ ਹੈ। ਮਾਸਕ, ਐੱਨ 95, ਐੱਨ 99 ਜਾਂ ਪੀ.100 ਹੋਣਾ ਚਾਹੀਦਾ ਹੈ। ਸੈਰ-ਕਸਰਤ ਕਰਨ ਨਾਲ ਵੀ ਫਾਇਦਾ ਮਿਲਦਾ ਹੈ। ਪਰੰਤੂ ਕਸਰਤ ਘਰ ਦੇ ਅੰਦਰ ਹੀ ਕਰਨੀ ਚਾਹੀਦੀ ਹੈ ਅਤੇ ਘਰ ਦੀਆਂ ਖਿੜਕੀਆਂ ਦਰਵਾਜ਼ੇ ਬੰਦ ਰੱਖਣੇ ਚਾਹੀਦੇ ਹਨ।

ਬਹੁਤ ਸਾਰੇ ਅਜਿਹੇ ਕੁਦਰਤੀ ਪੌਦੇ ਹਨ, ਜਿਹੜੇ ਹਵਾ ਦੀ ਗੁਣਵਤਾ ਨੂੰ ਬਿਹਤਰ ਬਣਾਉਂਦੇ ਹਨ। ਅਜਿਹੇ ਪੌਦੇ ਗਮਲਿਆਂ ਵਿਚ ਲਗਾ ਕੇ ਘਰ ਦੇ ਅੰਦਰ ਰੱਖੇ ਜਾ ਸਕਦੇ ਹਨ।

ਜਿਨ੍ਹਾਂ ਦਿਨਾਂ ਵਿਚ ਪ੍ਰਦੂਸ਼ਨ-ਪੱਧਰ ਵਧੇਰੇ ਉੱਚਾ ਹੁੰਦਾ ਹੈ, ਉਨ੍ਹਾਂ ਦਿਨਾਂ ਵਿਚ ਸਰਕਾਰਾਂ ਅਤੇ ਪ੍ਰਸ਼ਾਸਨ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਹਨ। ਉਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ।

ਪੰਜਾਬ 'ਚ ਦੀਵਾਲੀ ਤੋਂ ਬਾਅਦ ਅਤੇ ਖੇਤਾਂ 'ਚ ਪਰਾਲੀ ਨੂੰ ਜਲਾਉਣ ਦੌਰਾਨ ਸਥਿਤੀ ਖ਼ਤਰਨਾਕ ਬਣ ਜਾਂਦੀ ਹੈ। ਹਵਾ ਵਿਚ ਜ਼ਹਿਰੀਲੇ ਕਣਾਂ ਦੀ ਮਾਤਰਾ ਬਹੁਤ ਵਧ ਜਾਂਦੀ ਹੈ। ਅੱਧ ਅਕਤੂਬਰ ਵਿਚ ਹੀ ਹਵਾ ਦੀ ਗੁਣਵਤਾ ਗੰਭੀਰ ਹੋ ਗਈ ਹੈ। ਜਲੰਧਰ, ਲੁਧਿਆਣਾ, ਪਟਿਆਲਾ ਵਿਚ ਏ.ਕਿਓ.ਆਈ. 200 ਦੇ ਨੇੜੇ ਪਹੁੰਚ ਗਿਆ ਹੈ। ਹਵਾ ਦੀ ਘੱਟ ਗਤੀ ਅਤੇ ਤਾਪਮਾਨ ਦੀ ਗਿਰਾਵਟ ਕਾਰਨ ਪ੍ਰਦੂਸ਼ਕ ਕਣ ਹਵਾ ਵਿਚ ਜਮ੍ਹਾਂ ਹੋ ਜਾਂਦੇ ਹਨ। ਇੰਝ ਲੱਗਦਾ ਹੈ, ਜਿਵੇਂ ਹਵਾ ਵਿਚ ਜ਼ਹਿਰ ਘੁਲ ਗਿਆ ਹੋਵੇ। ਚਾਰੇ ਪਾਸੇ ਧੂੰਆਂ ਹੀ ਧੂੰਆਂ ਨਜ਼ਰ ਆਉਂਦਾ ਹੈ। ਸਾਹਾਂ ਲਈ ਸੰਕਟ ਪੈਦਾ ਹੋ ਜਾਂਦਾ ਹੈ।

ਭਾਰਤ 'ਚ ਦਿੱਲੀ, ਪੰਜਾਬ ਅਤੇ ਹਰਿਆਣਾ ਦੀ ਸਥਿਤੀ ਸਭ ਤੋਂ ਖ਼ਰਾਬ ਹੁੰਦੀ ਹੈ। ਪ੍ਰਦੂਸ਼ਨ ਕਾਰਨ ਪੰਜਾਬ ਦੇ ਲੋਕਾਂ ਦੀ ਉਮਰ 4-5 ਸਾਲ ਘੱਟ ਹੋ ਗਈ ਹੈ। ਦਿੱਲੀ ਦੇ ਲੋਕਾਂ ਨੂੰ ਆਪਣੀ ਉਮਰ 'ਚ 7-8 ਸਾਲ ਦੀ ਕਟੌਤੀ ਨਾਲ ਪ੍ਰਦੂਸ਼ਨ ਦਾ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ।

ਦਿੱਲੀ, ਪੰਜਾਬ, ਹਰਿਆਣਾ ਦੇ ਸ਼ਹਿਰਾਂ 'ਚ ਅਕਤੂਬਰ-ਨਵੰਬਰ ਮਹੀਨਿਆਂ 'ਚ ਪ੍ਰਦੂਸ਼ਨ 250 ਤੋਂ 400 ਤੱਕ ਪਹੁੰਚ ਜਾਂਦਾ ਹੈ। ਇਹ ਸਮੂਹਕ ਸਿਹਤ ਐਮਰਜੈਂਸੀ ਵਾਲੇ ਹਾਲਾਤ ਬਣ ਜਾਂਦੇ ਹਨ। ਬੱਚਿਆਂ, ਬਜ਼ੁਰਗਾਂ ਅਤੇ ਬਿਮਾਰ ਲੋਕਾਂ ਨੂੰ ਬੇਹੱਦ ਚੌਕਸੀ ਵਰਤਣ ਦੀ ਲੋੜ ਹੁੰਦੀ ਹੈ। ਪਰ ਅਜਿਹੀ ਸਥਿਤੀ 'ਚ ਆਖਿਰ ਕਿੰਨਾ ਕੁ ਬਚ ਸਕਦੇ ਹਾਂ ਅਸੀਂ?

# ਸਿਆਸਤਦਾਨਾਂ ਨੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਨੂੰ ਮਿਟੀ ਵਿਚ ਰੋਲ ਦਿੱਤਾ

## ਸ਼ਹੀਦੀ ਦਿਵਸ 'ਤੇ ਵਿਸ਼ੇਸ਼




ਡਾ. ਚਰਨਜੀਤ ਸਿੰਘ ਗੁਮਟਾਲਾ
0019375739812 (ਅਮਰੀਕਾ),
ਵਟਸਐਪ : +91-94175-33060
ਪੰਜਾਬ ਮੇਲUSA


ਪਿਛਲੀ ਸਦੀ ਦੇ ਵਿਲੱਖਣ ਸਿੱਖ ਸ਼ਹੀਦ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦਾ ਸ਼ਹੀਦੀ ਦਿਹਾੜਾ 27 ਅਕਤੂਬਰ ਨੂੰ ਹੁੰਦਾ ਹੈ, ਪਰ ਆਮ ਤੌਰ 'ਤੇ ਪ੍ਰਤੱਖ ਹੈ ਕਿ ਉਨ੍ਹਾਂ ਦੇ ਜਿਗਰੀ ਦੋਸਤ ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਵੱਲੋਂ ਸਥਾਪਿਤ ਕੀਤੇ ਗਏ "ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਟਰੱਸਟ, ਰਈਆ" ਜਾਂ ਇੱਕ ਦੋ ਹੋਰ ਸਥਾਨਕ ਗੁਰਦੁਆਰਾ ਸਾਹਿਬ ਤੋਂ ਇਲਾਵਾ ਪੰਜਾਬ ਦੀ ਕਿਸੇ ਹੋਰ ਸਿਆਸੀ ਪਾਰਟੀ ਵੱਲੋਂ ਨਹੀਂ ਮਨਾਇਆ ਜਾਂਦਾ, ਭਾਵੇਂ ਕਿ ਸਰਦਾਰ ਸਾਹਿਬ ਜੀ ਨੇ "ਸਿੱਖ ਅਰਦਾਸ" ਦੀ ਮਹੱਤਤਾ ਮਹਾਨਤਾ ਨੂੰ ਸਿਰੜ ਨਾਲ ਉਜਾਗਰ ਕਰਨ ਲਈ ਅਤੇ ਪੰਜਾਬ ਦੀਆਂ ਅਤਿ ਅਹਿਮ ਅਤੇ ਹੱਕੀ ਮੰਗਾਂ ਦੀ ਪੂਰਤੀ ਲਈ 74 ਦਿਨ ਭੁੱਖੇ ਰਹਿ ਕੇ ਕੱਟ-ਕੱਟ ਕੇ ਪ੍ਰਾਣ ਤਿਆਗ ਦਿੱਤੇ।


ਆਪ ਦਾ ਜਨਮ ਪਿੰਡ ਫੇਰੂਮਾਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਇਕ ਅਗਸਤ 1885 ਈ. ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਚੰਦਾ ਸਿੰਘ ਤੇ ਮਾਤਾ ਦਾ ਸਰਦਾਰਨੀ ਰਾਜ ਕੌਰ ਸੀ। ਆਪ ਦਸਵੀਂ ਜਮਾਤ ਪਾਸ ਕਰਕੇ 1912 'ਚ ਭਾਰਤੀ ਫ਼ੌਜ ਵਿਚ ਬਤੌਰ ਸਿਪਾਈ ਭਰਤੀ ਹੋਏ। ਦੋ ਸਾਲ ਬਾਦ ਆਪ ਫ਼ੌਜ ਵਿਚੋਂ ਅਸਤੀਫ਼ਾ ਦੇ ਕੇ ਹਿਸਾਰ ਵਿਚ ਠੇਕੇਦਾਰੀ ਕਰਨ ਲੱਗੇ। ਉਨ੍ਹਾਂ ਦੇ ਮਾਤਾ ਜੀ ਧਾਰਮਿਕ ਬਿਰਤੀ ਦੇ ਸਨ, ਉਨ੍ਹਾਂ ਨੇ ਉਨ੍ਹਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਲਈ ਕਿਹਾ।

ਆਪ ਨੇ ਨਵੰਬਰ 1921 ਵਿਚ ਚਾਬੀਆਂ ਦੇ ਮੋਰਚੇ ਵਿਚ ਹਿੱਸਾ ਲਿਆ। ਆਪ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਕ ਸਾਲ ਦੀ ਸਜ਼ਾ ਹੋਈ। ਸੰਨ 1923 ਵਿਚ ਸੁਲਤਾਨਵਿਡ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਾਂਗਰਸ ਵੱਲੋਂ ਇਕ ਰਾਜਸੀ ਜਲਸਾ ਹੋਇਆ। ਆਪ ਤੇ ਬਾਬਾ ਇੰਦਰ ਸਿੰਘ ਵੇਰਕਾ ਉਸ ਦੇ ਪ੍ਰਬੰਧਕ ਸਨ। ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਸਵਾ-ਸਵਾ ਸਾਲ ਦੀ ਕੈਦ ਕਰ ਕੇ ਮੁਲਤਾਨ ਸੈਂਟਰਲ ਜੇਲ੍ਹ ਭੇਜ ਦਿੱਤਾ। ਫਰਵਰੀ 1924 'ਚ ਗੰਗਸਰ ਜੈਤੋਂ ਦਾ ਮੋਰਚਾ ਲੱਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ-ਪੰਜ ਸੌ ਦੇ ਜੱਥੇ ਜਾਂਦੇ ਸਨ। ਆਪ ਨੇ 14ਵੇਂ ਸ਼ਹੀਦੀ ਜੱਥੇ ਦੇ ਜੱਥੇਦਾਰ ਬਣ ਕੇ ਨਾਭੇ ਗ੍ਰਿਫਤਾਰੀ ਦਿੱਤੀ। ਦਸ ਮਹੀਨੇ ਜੇਲ੍ਹ 'ਚ ਰਹੇ। ਜੁਲਾਈ 1925 'ਚ ਗੁਰਦੁਆਰਾ ਐਕਟ ਬਣ ਗਿਆ। ਸਰਕਾਰ ਨੇ ਸਾਰੇ ਅਕਾਲੀ ਕੈਦੀ ਛੱਡ ਦਿੱਤੇ ਅਤੇ ਆਪ ਵੀ ਰਿਹਾਅ ਹੋ ਗਏ। 1926 ਵਿਚ ਆਪ ਆਪਣੇ ਪਿਤਾ ਕੋਲ ਮਲਾਇਆ ਚਲੇ ਗਏ। ਮਲਾਇਆ 'ਚ ਬੁੱਧ ਸਿੰਘ ਸਠਿਆਲਾ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਨਾਲ ਪ੍ਰਚਾਰ ਕਰਨ ਲੱਗ ਪਏ। ਉੱਥੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਜੇਲ੍ਹ ਵਿਚ ਆਪ ਨੂੰ ਕਛਹਿਰਾ ਪਾਉਣ ਦੀ ਆਗਿਆ ਨਹੀਂ ਦਿੱਤੀ ਗਈ, ਤਾਂ ਆਪ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, 21 ਦਿਨਾਂ ਬਾਦ ਉਨ੍ਹਾਂ ਮੰਗ ਗਈ। ਤਿੰਨ ਸਾਲ ਪਿੱਛੋਂ 1929 'ਚ ਉਹ ਵਾਪਸ ਆ ਗਏ।

ਦੂਸਰੇ ਵਿਸ਼ਵ-ਯੁੱਧ ਵਿਚ ਮਹਾਤਮਾ ਗਾਂਧੀ ਵਲੋਂ ਭਾਰਤੀ ਰਾਸ਼ਟਰੀ ਕਾਂਗਰਸ ਦੇ ਪੂਰਨ ਸਮਰਥਨ ਨਾਲ ਸ਼ੁਰੂ ਕੀਤੀ ਗਈ, ਨਾ-ਮਿਲਵਰਤਨ ਲਹਿਰ ਵਿਚ ਆਪ ਨੇ ਭਾਗ ਲਿਆ ਤੇ 14 ਮਹੀਨੇ ਜੇਲ੍ਹ ਵਿਚ ਗੁਜ਼ਾਰੇ।

ਸੰਨ 1934-35 ਆਪ ਨੇ ਸ. ਊਧਮ ਸਿੰਘ ਨਾਗੋਕੇ ਅਤੇ ਸ. ਪ੍ਰਤਾਪ ਸਿੰਘ ਕੈਰੋਂ ਨਾਲ ਮਿਲ ਕੇ ਕਿਸਾਨੀ ਲਹਿਰ ਸ਼ੁਰੂ ਕੀਤੀ। ਸੰਨ 1939 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ। ਉਨ੍ਹਾਂ ਵਿਚ ਆਪ ਦੋ ਵਾਰ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ। ਆਜ਼ਾਦੀ ਤੋਂ ਬਾਅਦ 1952 ਤੋਂ 1964 ਕਾਂਗਰਸ ਦੀ ਟਿਕਟ 'ਤੇ ਆਪ ਰਾਜ ਸਭਾ ਦੇ ਮੈਂਬਰ ਰਹੇ। ਪਰ ਕਾਂਗਰਸ ਨਾਲ ਮਤਭੇਦ ਪੈਦਾ ਹੋ ਜਾਣ ਕਾਰਨ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿਚ ਸ਼ਾਮਲ ਹੋ ਗਏ। ਤਰਨ ਤਾਰਨ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਦੀ ਚੋਣ ਲੜੀ, ਪਰ ਹਾਰ ਗਏ। ਪਰ ਜੇ ਅਸੀਂ ਉਨ੍ਹਾਂ ਦੀ ਜ਼ਿੰਦਗੀ 'ਤੇ ਝਾਤ ਪਾਈਏ, ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਸਾਰੀ ਜ਼ਿੰਦਗੀ ਆਜ਼ਾਦੀ 'ਤੇ ਲਾ ਦਿੱਤੀ ਤੇ ਆਖਰ ਵਿਚ ਆਪ ਨੇ ਸਿੱਖ ਧਰਮ ਵਿਚ ਅਰਦਾਸ ਦੀ ਕੀ ਮਹੱਤਤਾ ਹੈ ? ਵਿਚ ਆਪਾ ਕੁਰਬਾਨ ਕਰ ਦਿੱਤਾ। ਇਸ ਲਈ ਚਾਹੀਦਾ ਹੈ ਕਿ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਇਸ ਦਿਨ ਵੱਡੀ ਕਾਨਫਰੰਸ ਕੀਤੀ ਜਾਵੇ ਤੇ ਕੇਂਦਰ ਨਾਲ ਸਬੰਧਿਤ ਮੰਗਾਂ ਨੂੰ ਲੈ ਕੇ ਜਨਤਕ ਲਾਮਬੰਦੀ ਕੀਤੀ ਜਾਵੇ।

**ਮਰਨ ਵਰਤ ਕਿਉਂ ਰੱਖਿਆ ?:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮਾਸਟਰ ਤਾਰਾ ਸਿੰਘ ਨੇ ਸੰਨ 1961 'ਚ ਪੰਜਾਬੀ ਭਾਸ਼ੀ ਸੂਬਾ ਬਣਾਉਣ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ ਸ਼ੁਰੂ ਕੀਤੀ। ਉਨ੍ਹਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣਾ ਮਰਨ ਵਰਤ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਮਰਨ ਵਰਤ ਸ਼ੁਰੂ ਕਰਨ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ



*ਸ਼ਹੀਦ ਦਰਸ਼ਨ ਸਿੰਘ ਫੇਰੂਮਾਨ।*

ਉਹ ਮਰਨ ਵਰਤ ਜਾਰੀ ਰੱਖਣਗੇ। ਇਸ ਐਲਾਨ ਨੇ ਕੇਂਦਰ ਨੂੰ ਭਾਜੜਾਂ ਪਾ ਦਿੱਤੀਆਂ, ਜਿਸ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਇਕ ਚਿੱਠੀ ਲਿਖ ਕੇ ਉਨ੍ਹਾਂ ਵੱਲੋਂ ਉਠਾਏ ਜਾਂਦੇ ਮਾਮਲੇ ਨੂੰ ਘੋਖਣ ਦਾ ਭਰੋਸਾ ਦਿੱਤਾ। ਮਾਸਟਰ ਤਾਰਾ ਸਿੰਘ ਨੇ ਅਕਾਲੀ ਆਗੂ ਸੰਤ ਫਤਿਹ ਸਿੰਘ ਦੇ ਹੱਥੋਂ ਜੂਸ ਦਾ ਗਿਲਾਸ ਪੀ ਕੇ 48 ਦਿਨਾਂ ਮਗਰੋਂ ਆਪਣਾ ਮਰਨ ਵਰਤ ਖ਼ਤਮ ਕਰ ਦਿੱਤਾ ਸੀ, ਪਰ ਅਕਾਲੀ ਦਲ ਨਾਲ ਜੁੜੇ ਜ਼ਿਆਦਾਤਰ ਲੋਕ ਇਸ ਫ਼ੈਸਲੇ ਤੋਂ ਨਾਰਾਜ਼ ਹੋ ਗਏ ਸੀ।

ਭਾਰਤ ਅਤੇ ਪਾਕਿਸਤਾਨ ਵਿਚ 1965 ਦੀ ਜੰਗ ਸ਼ੁਰੂ ਹੋਣ ਵਾਲੀ ਸੀ ਕਿ ਸੰਤ ਫ਼ਤਿਹ ਸਿੰਘ ਨੇ ਵੀ ਮਰਨ ਵਰਤ ਸ਼ੁਰੂ ਕਰ ਦਿੱਤਾ ਪਰ ਜੰਗ ਸ਼ੁਰੂ ਹੋ ਜਾਣ ਪਿੱਛੋਂ ਉਸ ਵੇਲ਼ੇ ਦੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਦੀ ਅਪੀਲ ਉਪਰੰਤ ਉਨ੍ਹਾਂ ਮਰਨ ਵਰਤ ਛੱਡ ਦਿੱਤਾ।

ਸ਼੍ਰੀਮਤੀ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਬਣਦਿਆਂ ਹੀ ਅਕਤੂਬਰ 1966 ਵਿਚ ਪੰਜਾਬੀ ਸੂਬਾ ਬਨਾਉਣ ਦਾ ਐਲਾਨ ਕਰ ਦਿੱਤਾ ਪਰ ਕੇਂਦਰੀ ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਪੰਜਾਬੀ ਸੂਬਾ ਐਕਟ ਬਣਾਉਣ ਸਮੇਂ ਉਸ ਵੇਲੇ ਦੇ ਪੰਜਾਬ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ। ਕਈ ਪੰਜਾਬੀ ਬੋਲਦੇ ਇਲਾਕੇ ਨਵੇਂ ਹੋਂਦ ਵਿਚ ਆਏ ਹਿਮਾਚਲ, ਹਰਿਆਣੇ ਅਤੇ (ਜ਼ਿਲ੍ਹਾ ਗੰਗਾਨਗਰ) ਰਾਜਸਥਾਨ ਵਿਚ ਸ਼ਾਮਲ ਕਰ ਦਿੱਤੇ। ਚੰਡੀਗੜ੍ਹ ਅਤੇ ਭਾਖ਼ੜਾ ਡੈਮ ਦਾ ਪ੍ਰਬੰਧ ਕੇਂਦਰੀ ਸਰਕਾਰ ਨੇ ਆਪਣੇ ਕੋਲ਼ ਰੱਖ ਲਿਆ ਅਤੇ ਦਰਿਆਈ ਪਾਣੀਆਂ ਦੀ ਵੀ ਕਾਣੀ ਵੰਡ ਕਰ ਦਿੱਤੀ, ਜਿਸ ਕਾਰਨ ਅਕਾਲੀਆਂ ਨੂੰ ਮੋਰਚਿਆਂ ਦੇ ਰਾਹ ਫਿਰ ਪੈਣਾ ਪਿਆ।

ਲੰਗੜਾ ਪੰਜਾਬੀ ਸੂਬਾ ਹੋਂਦ ਵਿਚ ਆਉਣ ਪਿੱਛੋਂ ਜਦੋਂ ਹਰ ਪਾਸਿਓਂ ਫਿਟਕਾਰਾਂ ਪੈਣ ਲੱਗੀਆਂ, ਤਾਂ ਸੰਤ ਫ਼ਤਹਿ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਲੱਗਦੇ ਕਮਰੇ ਉਪਰ ਅਗਨ-ਕੁੰਡ ਬਣਾ ਲਏ ਅਤੇ 17 ਦਸੰਬਰ 1966 ਨੂੰ ਮਰਨ ਵਰਤ ਸ਼ੁਰੂ ਕਰ ਦਿੱਤਾ ਤੇ ਸਰਕਾਰ ਨੂੰ ਇਹ ਅਲਟੀਮੇਟਮ ਦਿੱਤਾ ਕਿ ਜੇ ਦਸ ਦਿਨਾਂ ਦੇ ਅੰਦਰ-ਅੰਦਰ ਪੰਜਾਬੀ ਸੂਬੇ ਨੂੰ ਮੁਕੰਮਲ ਕਰਨ ਦੀ ਮੰਗ ਨਾ ਮੰਨੀ ਗਈ, ਤਾਂ ਉਹ ਅਗਨ ਕੁੰਡ ਵਿਚ ਬੈਠ ਕੇ ਸੜ ਮਰਨਗੇ। ਉਨ੍ਹਾਂ ਦੇ ਇਸ ਐਲਾਨ ਪਿੱਛੋਂ ਸੰਤ ਚੰਨਣ ਸਿੰਘ, ਜੱਥੇਦਾਰ ਭਾਗ ਸਿੰਘ ਜੈਦ, ਜੱਥੇਦਾਰ ਪ੍ਰੀਤਮ ਸਿੰਘ ਸ਼ਗੀਂਹ, ਸ. ਜਗੀਰ ਸਿੰਘ ਫੱਗੂਵਾਲ ਅਤੇ ਜੱਥੇਦਾਰ ਜਗੀਰ ਸਿੰਘ ਪੂਲੇ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਸੰਤ ਫ਼ਤਹਿ ਸਿੰਘ ਤੋਂ ਅਗਲੇ ਦਿਨ ਸੜ ਮਰਨਗੇ, ਜਦੋਂਕਿ ਲੋਕ ਜਾਣਦੇ ਸਨ ਕਿ ਇਹ ਦੁੱਧ ਪੀਣੇ ਮਜਨੂੰ ਮਰ ਨਹੀਂ ਸਕਦੇ।

ਹਲਕਾ ਪੱਟੀ ਤੋਂ ਸ. ਪ੍ਰਤਾਪ ਸਿੰਘ ਕੈਰੋਂ ਦੇ ਵਿਰੋਧ ਦੇ ਬਾਵਜੂਦ ਪੰਜਾਬ ਵਿਧਾਨ ਸਭਾ ਲਈ ਆਜ਼ਾਦ ਜਿੱਤਿਆ ਸ. ਹਜ਼ਾਰਾ ਸਿੰਘ ਗਿੱਲ ਆਪਣੇ ਸਾਥੀਆਂ ਨੂੰ ਲੈ ਕੇ ਮੀਰੀ-ਪੀਰੀ ਦੇ ਨਿਸ਼ਾਨ ਸਾਹਿਬਾਨ ਨੇੜੇ ਮਰਨ ਵਰਤ 'ਤੇ ਬੈਠ ਗਿਆ ਅਤੇ ਐਲਾਨ ਕਰ ਦਿੱਤਾ ਕਿ ਪੰਜਾਬੀ ਸੂਬੇ ਨੂੰ ਮੁਕੰਮਲ ਕਰਵਾਏ ਬਿਨਾਂ ਸੰਤ ਫ਼ਤਿਹ ਸਿੰਘ ਤੇ ਉਸ ਦੇ ਸਾਥੀਆਂ ਨੂੰ ਮਰਨ ਵਰਤ ਛੱਡ ਕੇ ਭੱਜਣ ਨਹੀਂ ਦੇਣਾ। ਆਖ਼ਰਕਾਰ ਸੜ ਮਰਨ ਦਾ ਦਿਨ ਆ ਗਿਆ। ਨੀਯਤ ਸਮਾਂ ਲੰਘ ਗਿਆ। ਅਕਾਲੀ ਆਗੂ ਅਕਾਸ਼ ਵੱਲ ਵੇਖੀ ਜਾਣ, ਦੁਪਹਿਰ ਦੇ ਢਾਈ ਵੱਜ ਚੁੱਕੇ ਸਨ ਕਿ ਇਕ ਹਵਾਈ ਜਹਾਜ਼ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਪਰੋਂ ਦੀ ਲੰਘਿਆ। ਅਕਾਲੀਆਂ ਦੇ ਮੁਰਝਾਏ ਚਿਹਰੇ ਖਿੜ ਗਏ। ਹਰ ਪਾਸਿਓਂ 'ਸ. ਹੁਕਮ ਸਿੰਘ ਆ ਗਿਆ, ਸ. ਹੁਕਮ ਸਿੰਘ ਆ ਗਿਆ' ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਕੋਈ ਅੱਧੇ ਘੰਟੇ ਪਿੱਛੋਂ ਸ. ਹੁਕਮ ਸਿੰਘ ਆਏ, ਜੋ ਉਸ ਵੇਲੇ ਲੋਕ ਸਭਾ ਦੇ ਸਪੀਕਰ ਸਨ। ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਿਲ 'ਤੇ ਚੜ੍ਹ ਗਏ ਅਤੇ ਸੰਤ ਫ਼ਤਹਿ ਸਿੰਘ ਨਾਲ਼ ਮਿਲਣ ਉਪਰੰਤ ਅਕਾਲ ਤਖ਼ਤ ਸਾਹਿਬ 'ਤੇ ਖਲੋ ਕੇ ਕਿਹਾ ਕਿ ਭਾਰਤ ਸਰਕਾਰ ਨੇ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਹਨ, ਜਿਨ੍ਹਾਂ ਦਾ ਵਿਸਤਾਰ ਮਗਰੋਂ ਦੱਸਿਆ ਜਾਵੇਗਾ। ਉਹ ਭਾਰਤ ਸਰਕਾਰ ਵੱਲੋਂ ਇਹ ਭਰੋਸਾ ਦੁਆ ਰਹੇ ਹਨ। ਇਸ ਐਲਾਨ ਦੀ ਢਿੱਲ ਸੀ ਕਿ ਸੰਤ ਫ਼ਤਹਿ ਸਿੰਘ ਨੇ ਜੂਸ ਦਾ ਗਿਲਾਸ ਗੱਟ-ਗੱਟ ਕਰਕੇ ਪੀ ਲਿਆ। ਜਿੱਤ ਦੇ ਜੈਕਾਰੇ ਗੂੰਜਣ ਲੱਗੇ। ਸ. ਹਜ਼ਾਰਾ ਸਿੰਘ ਗਿੱਲ ਤੇ ਉਸ ਦੇ ਸਾਥੀਆਂ ਨੇ ਬਹੁਤ ਰੌਲਾ ਪਾਇਆ ਕਿ ਕੌਮ ਨਾਲ਼ ਠੱਗੀ ਹੋਣ ਲੱਗੀ ਹੈ ਪਰ ਅਕਾਲੀਆਂ ਦੀ ਬੁਰਛਾਗਰਦੀ ਅੱਗੇ ਬਹੁਤੀ ਦੇਰ ਟਿਕ ਨਾ ਸਕੇ। ਮਗਰੋਂ ਇਹ ਭੇਦ ਖੁੱਲ੍ਹਿਆ ਕਿ ਸ. ਲਛਮਣ ਸਿੰਘ ਗਿੱਲ ਹਵਾਈ ਜਹਾਜ਼ ਕਿਰਾਏ 'ਤੇ ਲੈ ਕੇ ਹੁਕਮ ਸਿੰਘ ਨੂੰ ਆਪ ਲਿਆਇ ਸਨ। ਇਸ ਮੌਕੇ ਇਹ ਲੇਖਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਦੇ ਦਫ਼ਤਰ ਦੇ ਬਾਹਰ ਸਾਰਾ ਦ੍ਰਿਸ਼ ਵੇਖ ਰਿਹਾ ਸੀ। ਮੇਰੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਮੈਂਬਰ ਜਥੇਦਾਰ ਅਮਰ ਸਿੰਘ ਘਣੂਪੁਰ ਖੜ੍ਹੇ ਸਨ, ਜਿਉਂ ਹੀ ਐਲਾਨ ਹੋਇਆ ਕਿ ਸੰਤ ਫਤਹਿ ਸਿੰਘ ਨੇ ਮਰਨਵਰਤ ਛਡ ਦਿੱਤਾ ਹੈ ਸਾਡੇ ਨਜਦੀਕ ਸੰਤ ਫਤਹਿ ਸਿੰਘ ਦੀ ਵੱਡੀ ਸਾਰੀ ਰੰਗਦਾਰ ਤਸਵੀਰ ਲੱਗੀ ਹੋਈ ਸੀ, ਘਣੂਪੁਰ ਸਾਹਿਬ ਨੇ ਜੁੱਤੀ ਦਾ ਛਿੱਤਰ ਲਾ ਕੇ ਜੋਰ ਦੀ ਮਾਰਿਆ ਤੇ ਨਾਲ ਹੀ ਕਿਹਾ ਲਾਹਨਤ ਹੈ ਐਸੇ ਸਾਧ ਨੂੰ। ਫੋਟੋ ਫੱਟ ਗਈ।

ਸੰਤ ਫ਼ਤਹਿ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਅਰਦਾਸ ਤੋਂ ਭਗੌੜੇ ਹੋ ਜਾਣ ਪਿੱਛੋਂ ਡਾਕਟਰ ਜਗਜੀਤ ਸਿੰਘ ਚੌਹਾਨ ਜਲੰਧਰ ਤੋਂ ਹਰਬੰਸ ਸਿੰਘ ਬਾਗਲਾ ਨਾਂ ਦਾ ਇਕ ਨੌਜਵਾਨ ਫੜ ਲਿਆਇਆ ਅਤੇ ਉਸ ਤੋਂ ਭੁੱਖ ਹੜਤਾਲ ਸ਼ੁਰੂ ਕਰਵਾ ਦਿੱਤੀ। ਕੁਝ ਦਿਨਾਂ ਪਿੱਛੋਂ ਹੀ ਉਹ ਭੱਜ ਗਿਆ। ਫਿਰ ਖ਼ਡੂਰ ਸਾਹਿਬ ਤੋਂ ਜਗਦੀਸ਼ ਸਿੰਘ ਚੂਹੇ ਨੂੰ ਲੈ ਆਏ ਪਰ ਉਹ ਵੀ ਭੁੱਖ ਨਾ ਸਹਾਰ ਸਕਿਆ ਅਤੇ ਦੌੜ ਗਿਆ। ਇਸ ਤੋਂ ਉਪਰੰਤ ਫ਼ਰੀਦਕੋਟ ਤੋਂ ਮਹੰਤ ਸੇਵਾਦਾਰ ਨਾਂ ਦੇ ਇਕ ਸਾਧ ਨੂੰ ਲਿਆ ਕੇ, ਮਰਨ ਵਰਤ 'ਤੇ ਬਿਠਾ ਦਿੱਤਾ। ਉਹ ਮਹੰਤ ਵੀ ਭੱਜ ਗਿਆ।

ਫੇਰੂਮਾਨ ਜੀ ਵੱਲੋਂ ਪਹਿਲੀ ਅਗਸਤ 1969 ਨੂੰ ਰਈਆ ਵਿਖੇ ਇਕ ਕਾਨਫ਼ਰੰਸ ਰੱਖੀ ਗਈ ਸੀ। ਇਸ ਮੌਕੇ 'ਤੇ ਆਪ ਨੇ ਐਲਾਨ ਕਰ ਦਿੱਤਾ ਕਿ ਉਹ 15 ਅਗਸਤ ਨੂੰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਅਰਦਾਸ ਕਰਨਗੇ, ਜਿਹੜੀ ਸੰਤ ਫਤਹਿ ਸਿੰਘ ਤੇ ਉਸ ਦੇ ਸਾਥੀਆਂ ਨੇ ਕਈ ਵਾਰ ਕਾਇਰਾਂ ਵਾਂਗ ਤੋੜੀ ਹੈ; ਇਸ ਉਪਰੰਤ ਉਹ ਮਰਨ ਵਰਤ ਸ਼ੁਰੂ ਕਰਨਗੇ, ਜਾਂ ਤਾਂ ਅਰਦਾਸ ਪੂਰੀ ਹੋਵੇਗੀ ਜਾਂ ਆਪ ਆਪਣੀ ਜਾਨ ਉੱਤੇ ਖੇਡ ਜਾਣਗੇ। ਜਦੋਂ ਉਹ ਮਰਨ ਵਰਤ ਸ਼ੁਰੂ ਕਰੇ, ਤਾਂ ਕੋਈ ਵੀ ਨਾ ਤਾਂ ਅਮਨ ਭੰਗ ਕਰੇ ਅਤੇ ਨਾ ਹੀ ਕਿਸੇ ਸਰਕਾਰੀ ਸੰਪੱਤੀ ਦਾ ਨੁਕਸਾਨ ਕਰੇ।

ਪਰ 9 ਅਗਸਤ 1969 ਨੂੰ ਇੱਕ ਸਾਧਾਰਨ ਜਿਹੇ ਬੰਦੇ ਗੁਰਦਿੱਤ ਸਿੰਘ ਨੇ ਬਿਆਸ ਥਾਣੇ ਵਿਚ ਇੱਕ ਰਪਟ ਲਿਖਵਾਈ ਕਿ ਦਰਸ਼ਨ ਸਿੰਘ ਫੇਰੂਮਾਨ ਖੁੱਲ੍ਹਮ-ਖੁੱਲ੍ਹਾ ਸੰਤ ਫਤਹਿ ਸਿੰਘ ਨੂੰ ਪਖੰਡੀ ਅਤੇ ਧੋਖੇਬਾਜ਼ ਸਾਧ ਕਹਿ ਰਿਹਾ ਹੈ। ਇਸ ਤੋਂ ਇਲਾਵਾ ਫੇਰੂਮਾਨ ਪੰਜਾਬ ਦੀ ਵਰਤਮਾਨ ਸਰਕਾਰ ਨੂੰ, ਪੰਥ ਦਾ ਭਲਾ ਚਾਹੁਣ ਵਾਲੀ ਸਰਕਾਰ ਨਹੀਂ ਮੰਨਦਾ ਅਤੇ ਖੰਡਾ ਖੜਕਾਉਣ ਦੀਆਂ ਗੱਲਾਂ ਕਰਦਾ ਹੈ। ਪੁਲਿਸ ਨੇ ਆਪ ਵਿਰੁੱਧ ਦਫ਼ਾ 9 ਅਧੀਨ ਕੇਸ ਦਰਜ ਕਰ ਲਿਆ। 12 ਅਗਸਤ ਨੂੰ ਬਿਨਾਂ ਕੋਈ ਕਾਨੂੰਨੀ ਕਾਰਵਾਈ ਕੀਤੇ 12 ਅਤੇ 13 ਅਗਸਤ ਦੀ ਰਾਤ ਨੂੰ ਪੁਲਿਸ ਨੇ ਉਨ੍ਹਾਂ ਦੇ ਘਰ ਨੂੰ ਘੇਰਾ ਪਾ ਲਿਆ, ਜੋ ਕਿ ਪਿੰਡ ਫੇਰੂਮਾਨ ਦੇ ਬਾਹਰਵਾਰ ਹੈ। ਉਥੋਂ ਆਪ ਨੂੰ ਪੰਜਾਬ ਸਿਕਿਓਰਿਟੀ ਐਕਟ ਦੀ ਦਫ਼ਾ 9 ਅਧੀਨ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿੱਤਾ।

ਆਪ ਨੇ 15 ਅਗਸਤ ਨੂੰ ਜੇਲ੍ਹ ਵਿਚ ਹੀ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰ ਦਿੱਤਾ। ਦਿਨੋਂ-ਦਿਨ ਵਿਗੜ ਰਹੀ ਹਾਲਤ ਕਾਰਨ ਉਸ ਨੂੰ ਗੁਰੂ ਤੇਗ਼ ਬਹਾਦਰ ਹਸਪਤਾਲ ਦੇ ਫੈਮਿਲੀ ਵਾਰਡ ਦੇ ਕਮਰਾ 13 ਵਿਚ ਲਿਆਂਦਾ ਗਿਆ। ਭਾਵੇਂ ਸਰਕਾਰ ਨੇ ਸ. ਫੇਰੂਮਾਨ ਦੀ ਰਿਹਾਈ ਦਾ ਹੁਕਮ ਦੇ ਦਿੱਤਾ ਸੀ ਪਰ ਆਪ ਪੁਲਿਸ ਦੀ ਨਿਗਰਾਨੀ ਹੇਠ ਹੀ ਰਿਹਾ। ਕਿਸੇ ਵੀ ਆਮ ਆਦਮੀ ਨੂੰ ਆਪ ਨੂੰ ਮਿਲਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ। 27 ਅਕਤੂਬਰ 1969 ਦੀ ਸ਼ਾਮ ਦੇ ਸਾਢੇ ਤਿੰਨ ਵਜੇ 74 ਦਿਨਾਂ ਦੇ ਮਰਨ ਵਰਤ ਉਪਰੰਤ ਆਪ ਨੇ ਅੰਤਿਮ ਸਵਾਸ ਲਿਆ ਅਤੇ ਉਨ੍ਹਾਂ ਦੀ ਆਤਮਾ ਗੁਰੂ ਚਰਨਾਂ ਵਿਚ ਜਾ ਬਿਰਾਜੀ। ਇਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਵਾਲੀ ਮਹਾਨ ਸ਼ਹੀਦਾਂ ਦੀ ਪਦਵੀ ਪ੍ਰਾਪਤ ਕੀਤੀ।

ਬੜੇ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀਆਂ ਸਾਰੀਆਂ ਮੰਗਾਂ ਉੱਥੇ ਹੀ ਖੜ੍ਹੀਆਂ ਹਨ। ਉਹ ਭਾਵੇਂ ਅੱਜ ਸਾਡੇ ਵਿਚ ਨਹੀਂ ਪਰ ਆਪ ਦੀ ਕੁਰਬਾਨੀ ਸਿੱਖ ਇਤਿਹਾਸ ਵਿਚ ਆਪ ਦੇ ਨਾਂ ਨੂੰ ਹਮੇਸ਼ਾਂ ਕਾਇਮ ਰੱਖੇਗੀ। ਉਨ੍ਹਾਂ ਦੀ ਯਾਦ ਨੂੰ ਕਾਇਮ ਰੱਖਣ ਲਈ ਉਨ੍ਹਾਂ ਦੇ ਪ੍ਰਵਾਰ ਤੇ ਇਲਾਕਾ ਨਿਵਾਸੀਆਂ ਨੇ ਇਕ ਟਰੱਸਟ ਬਣਾਇਆ ਹੈ। ਉਨ੍ਹਾਂ ਦੇ ਨਾਂ 'ਤੇ ਰਈਆ ਵਿਚ ਲੜਕੀਆਂ ਦਾ ਕਾਲਜ, ਪਬਲਿਕ ਸਕੂਲ ਤੇ ਬੁਤਾਲਾ ਵਿਚ ਪਬਲਿਕ ਸਕੂਲ ਕਾਇਮ ਕੀਤੇ ਗਏ ਹਨ।

**ਦੇਸ਼ ਅਜ਼ਾਦ-ਪੰਥ ਗ਼ੁਲਾਮ:**- ਸ. ਦਰਸ਼ਨ ਸਿੰਘ ਫੇਰੂਮਾਨ ਨੇ ਪਹਿਲੀ ਅਗਸਤ 1969 ਨੂੰ ਇੱਕ ਵਸੀਹਤ ਕੀਤੀ ਸੀ, ਜਿਸਦੀ ਲਿਖਤ ਅਜੇ ਮੌਜੂਦ ਹੈ ਅਤੇ ਉਨ੍ਹਾਂ ਦੀ ਆਵਾਜ਼ ਵਿਚ ਰੀਕਾਰਡ ਵੀ ਕੀਤੀ ਹੋਈ ਹੈ, ਜੋ ਇਸ ਪ੍ਰਕਾਰ ਹੈ :-

"ਮੈਂ ਪੰਥ ਦੀ ਚੜ੍ਹਦੀ ਕਲਾ ਅਤੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਦਾ ਰਿਹਾ ਹਾਂ, ਮੇਰਾ ਇਹ ਜੀਵਨ ਲੋਕਾਂ ਦੇ ਸਾਹਮਣੇ ਹੈ। ਹੁਣ ਦੇਸ਼ ਆਜ਼ਾਦ ਹੋ ਗਿਆ ਹੈ, ਪਰ ਪੰਥ ਅਜੇ ਵੀ ਗ਼ੁਲਾਮ ਹੈ। ਪੰਥ ਦੀ ਰਾਜਨੀਤੀ ਅਤੇ ਗੁਰਧਾਮਾਂ ਉਤੇ ਦੰਭੀ ਸੰਤਾਂ ਤੇ ਪੰਥ ਦੋਖੀਆਂ ਦਾ ਕਬਜ਼ਾ ਹੈ। ਧਰਮ ਦੀ ਥਾਂ ਭ੍ਰਿਸ਼ਟਾਚਾਰ ਤੇ ਗਿਰਾਵਟ ਵੱਧ ਗਈ ਹੈ। ਸਿੱਖ ਧਰਮ ਦੇ ਸਿਧਾਂਤ, ਖ਼ਾਲਸੇ ਦੀਆਂ ਰਵਾਇਤਾਂ ਅਤੇ ਸਿੰਘਾਂ ਦਾ ਇਤਿਹਾਸਕ ਗੌਰਵ ਪੈਰਾਂ ਹੇਠ ਲਿਤਾੜ ਦਿੱਤਾ ਗਿਆ ਹੈ। ਸ੍ਰੀ ਅਕਾਲ ਤਖ਼ਤ ਦੇ ਸਨਮੁਖ ਮਰਨ ਵਰਤ ਰੱਖ ਕੇ ਅਤੇ ਜਿਉਂਦੇ ਸੜ ਮਰਨ ਦੇ ਅਰਦਾਸੇ ਕਰਨ ਵਾਲੇ ਕਾਇਰਤਾ ਦਾ ਰਾਹ ਫੜ ਕੇ ਪੰਥ ਤੇ ਸਿੱਖ ਧਰਮ ਅਤੇ ਪੰਜਾਬ ਸਰਕਾਰ ਉੱਤੇ ਪੱਕਾ ਜੱਫਾ ਪਾਈ ਰੱਖਣ ਦੀ ਸਾਜ਼ਿਸ਼ ਵਿਚ ਕਾਮਯਾਬ ਹੋ ਰਹੇ ਹਨ। ਇਸ ਦੰਭ ਅਤੇ ਅਧਰਮ ਨੂੰ ਹੀ ਸਿੱਖਾਂ ਦਾ ਧਰਮ ਦਰਸਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਰੀਕ ਕੁੰਡ ਖੜ੍ਹੇ ਕਰ (ਪੰਨਾ 48) ਦਿੱਤੇ ਹਨ, ਜਿਨ੍ਹਾਂ ਨੂੰ ਧੱਕੇ ਤੇ ਸਰਕਾਰੀ ਸ਼ਹਿ ਨਾਲ ਕਾਇਮ ਰੱਖਿਆ ਜਾ ਰਿਹਾ ਹੈ। ਪੰਥ ਦੀ ਅਧੋਗਤੀ ਅਤੇ ਅਪਮਾਨ ਜੋ ਅੱਜ ਹੋ ਰਿਹਾ ਹੈ, ਅੱਗੇ ਕਦੇ ਨਹੀਂ ਹੋਇਆ, ਧਰਮ ਦੀ ਦੁਰਦਸ਼ਾ ਜੋ ਅੱਜ ਕੀਤੀ ਜਾ ਰਹੀ ਹੈ, ਪਹਿਲਾਂ ਕਦੇ ਨਹੀਂ ਹੋਈ। ਸਿੱਖ ਰਾਜਨੀਤੀ ਵਿਚੋਂ ਸਾਧਾਂ, ਮਹੰਤਾਂ ਅਤੇ ਕੌਮ ਦੇ ਗ਼ੱਦਾਰਾਂ ਨੇ ਸਿੱਖੀ ਨੂੰ ਖਾਰਿਜ ਕਰਨ ਅਤੇ ਸਿੱਖਾਂ ਨੂੰ ਗ਼ੈਰਾਂ ਦੇ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਪੱਕੇ ਤੌਰ 'ਤੇ ਰਚ ਲਈ ਹੈ। ਇਹ ਕੂੜ ਦੀ ਮੱਸਿਆ ਅਤੇ ਦੰਭ ਦਾ ਜਾਲ ਬਿਨਾਂ ਸਿਰ ਦਿੱਤਿਆਂ ਹੁਣ ਦੂਰ ਨਹੀਂ ਹੋਣਾ। ਇਹ ਅਰਦਾਸੇ ਭੰਗ ਕਰਨ ਦਾ ਪਾਪ, ਪੰਥ ਦੇ ਮੁੜ ਉੱਠ ਖੜ੍ਹੇ ਹੋਣ ਦੇ ਰਾਹ ਵਿਚ ਵੱਡੀ ਰੁਕਾਵਟ ਹੈ ਅਤੇ ਇਹ ਪਾਪ ਬਿਨਾਂ ਸੀਸ ਦਿੱਤਿਆਂ ਧੋਤਾ ਨਹੀਂ ਜਾਣਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਤ ਫਤਹਿ ਸਿੰਘ ਅਤੇ ਉਸ ਦੇ ਦੰਭੀ ਸਾਥੀਆਂ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ-ਕੁੰਡ ਪੁਕਾਰ-ਪੁਕਾਰ ਕੇ ਸਿੰਘਾਂ ਕੋਲੋਂ ਆਹੂਤੀਆਂ ਮੰਗ ਰਹੇ ਹਨ। ਗੁਰੂ ਤੇ ਅਕਾਲ ਪੁਰਖ ਤੋਂ ਭਗੌੜਾ ਹੋ ਕੇ ਪੰਥ ਬਚ ਨਹੀਂ ਸਕਦਾ। ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ ਆਪਣਾ ਸੀਸ ਦੇ ਕੇ ਪੰਥ ਦੇ ਅਖ਼ੌਤੀ ਲੀਡਰਾਂ ਅਤੇ ਸਿੱਖੀ ਦੇ ਗ਼ੱਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪ੍ਰਾਸ਼ਚਿਤ ਕਰੇ, ਤਾਂ ਜੋ ਪੰਥ ਆਜ਼ਾਦ ਹਿੰਦੁਸਤਾਨ ਵਿਚ ਆਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵੱਲ ਅਗਲਾ ਕਦਮ ਚੁੱਕ ਸਕੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਮੈਂ ਆਪਣਾ ਬਲੀਦਾਨ ਦੇਣ ਲੱਗਾ ਹਾਂ। ਸੰਗਤਾਂ ਨੂੰ ਮੇਰੀ ਬੇਨਤੀ ਹੈ ਕਿ ਮੇਰੇ ਪਿੱਛੋਂ ਉਹ ਆਪਣਾ ਫ਼ਰਜ਼ ਪਛਾਣਨ। ਮੇਰੇ ਮਰਨ ਤੋਂ ਪਿੱਛੋਂ ਮੇਰੇ ਸਰੀਰ ਨੂੰ ਸੰਤ ਫ਼ਤਹਿ ਸਿੰਘ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ ਕੁੰਡ ਵਿਚ ਰੱਖ ਕੇ ਫੂਕ ਦਿੱਤਾ ਜਾਵੇ ਅਤੇ ਮੇਰੀਆਂ ਅਸਥੀਆਂ ਕੀਰਤਪੁਰ ਸਾਹਿਬ ਪੁਚਾ ਦਿੱਤੀਆਂ ਜਾਣ। ਪੰਥ ਦੇ ਮਸੰਦਾਂ ਅਤੇ ਧਰਮ ਦੇ ਦੋਖੀਆਂ ਨਾਲ ਯਥਾਯੋਗ ਸਲੂਕ ਕੀਤਾ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬਣੇ ਹੋਏ ਦੰਭ ਅਤੇ ਪਾਖੰਡ ਦੀਆਂ ਨਿਸ਼ਾਨੀਆਂ ਅਗਨੀਕੁੰਡ ਢਾਹ ਦਿੱਤੇ ਜਾਣ। ਸੰਗਤਾਂ ਅਰਦਾਸ ਕਰਨ ਕਿ ਸਾਹਿਬ ਦਸਮ ਪਾਤਸ਼ਾਹ ਮੇਰੀ ਤੁੱਛ ਕੁਰਬਾਨੀ ਕਬੂਲ ਕਰਨ ਅਤੇ ਆਪਣੇ ਪੰਥ ਦੀ ਬਾਹੁੜੀ ਕਰਨ, ਸੰਪੂਰਨ ਪੰਜਾਬ ਜ਼ਿੰਦਾਬਾਦ, ਸਿੱਖ ਹੋਮਲੈਂਡ ਅਮਰ ਰਹੇ।

**ਵਾਹਿਗੁਰੂ ਜੀ ਦਾ ਖ਼ਾਲਸਾ॥**
**ਵਾਹਿਗੁਰੂ ਜੀ ਕੀ ਫਤਹਿ॥**

**ਗੁਰੂ ਪੰਥ ਦਾ ਦਾਸ**
**ਦਰਸ਼ਨ ਸਿੰਘ ਫੇਰੂਮਾਨ**

**ਸ. ਕਪੂਰ ਸਿੰਘ ਦਾ ਪ੍ਰਤੀਕਰਮ** : ਸਿੱਖ ਪੰਥ ਦੇ ਸ਼੍ਰੋਮਣੀ ਵਿਦਵਾਨ ਸ. ਕਪੂਰ ਸਿੰਘ ਅਨੁਸਾਰ "ਸ. ਦਰਸ਼ਨ ਸਿੰਘ ਫੇਰੂਮਾਨ ਨੇ ਇਸ ਲਈ ਸ਼ਹਾਦਤ ਦਿੱਤੀ ਸੀ ਕਿ ਉਹ ਕਾਲਖ ਜਿਹੜੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਜਿਊਂਦੇ ਸੜ ਮਰਨ ਦੇ ਅਰਦਾਸੇ ਭੰਗ ਕਰਕੇ ਕਾਇਰ, ਦੰਭੀ, ਗੁਰੂ ਤੋਂ ਬੇਮੁੱਖ ਤੇ ਪੰਥ ਦੇ ਅਖੌਤੀ ਭਗੌੜੇ ਲੀਡਰਾਂ ਨੇ, ਪੰਥ ਦੇ ਉੱਜਲ ਮੁੱਖ ਉੱਤੇ ਮਲੀ ਹੈ, ਉਹ ਧੋਤੀ ਜਾਵੇ। ਉਨ੍ਹਾਂ ਨੇ ਆਪਣਾ ਬਲੀਦਾਨ ਕੀਤਾ, ਤਾਂ ਜੋ ਜਿਹੜੇ ਝੂਠੇ ਦਾਅਵੇ, ਅਖੌਤੀ ਸਿੱਖ ਲੀਡਰਾਂ ਨੇ ਚੰਡੀਗੜ੍ਹ ਅਤੇ ਭਾਖੜਾ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਲਈ ਕੀਤੇ ਸਨ, ਉਨ੍ਹਾਂ ਬਚਨਾਂ ਉੱਤੇ ਮੁੜ ਪਹਿਰਾ ਦੇ ਕੇ, ਉਹ ਪੂਰੇ ਕੀਤੇ ਜਾਣ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਮਹਾਨ ਕੁਰਬਾਨੀ ਇਸ ਲਈ ਕੀਤੀ ਸੀ, ਤਾਂ ਜੋ ਉਨ੍ਹਾਂ ਕਾਇਰ, ਦੰਭੀ ਅਤੇ ਪੰਥ ਦੇ ਗ਼ੱਦਾਰ, ਜਿਨ੍ਹਾਂ ਨੇ ਜਿਊਂਦੇ ਸੜ ਮਰਨ ਦਾ ਅਰਦਾਸਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤ ਉੱਤੇ ਅਗਨੀ ਕੁੰਡ ਬਣਾਏ ਹਨ ਅਤੇ ਮੌਤ ਤੋਂ ਡਰਦੇ ਗਿੱਦੜਾਂ ਵਾਂਗ ਭੱਜ ਗਏ ਹਨ ਅਤੇ ਇਉਂ ਪੰਥ ਦੇ ਅਦ੍ਰਿਸ਼ਟ, ਦਿੱਬ ਗੁਰੂ ਨਾਲ ਪੀਡੇ ਰਿਸ਼ਤੇ ਨੂੰ ਕਮਜ਼ੋਰ ਕੀਤਾ ਹੈ, ਉਹ ਰਿਸ਼ਤਾ ਮੁੜ ਸੁਰਜੀਤ ਕੀਤਾ ਜਾਵੇ। ਇਹ ਸ਼ਹਾਦਤ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਆਜ਼ਾਦ ਪੰਥ ਆਜ਼ਾਦ ਹਿੰਦੁਸਤਾਨ ਵਿਚ ਪ੍ਰਾਪਤ ਕਰਨ ਲਈ ਕੀਤੀ ਗਈ ਹੈ"।

ਸ. ਫੇਰੂਮਾਨ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਦੀ ਮਾਰ ਅਤੇ ਪਾਪਾਂ ਦਾ ਬੋਝ ਨਾ ਸਹਾਰਦੇ ਹੋਏ ਸੰਤ ਫਤਹਿ ਸਿੰਘ ਅਤੇ ਸੰਤ ਚੰਨਣ ਸਿੰਘ 1972 ਵਿਚ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ। ਉਨ੍ਹਾਂ ਦੇ ਪਿੱਛੋਂ ਜਥੇਦਾਰ ਮੋਹਨ ਸਿੰਘ ਤੁੜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਪਰ 1973 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਬਹੁਮਤ ਲੈ ਗਈ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਏ। ਪੰਜਾਬ ਦੀਆਂ ਮੰਗਾਂ ਜਿਉਂ ਦੀਆਂ ਤਿਉਂ ਵਿਚਾਲੇ ਹੀ ਲਟਕ ਰਹੀਆਂ ਸਨ ਕਿ ਜੱਥੇਦਾਰ ਤੁੜ ਨੇ ਅਕਾਲੀ ਦਲ ਦਾ ਨਵਾਂ ਪਾਲਸੀ ਪ੍ਰੋਗਰਾਮ ਤਿਆਰ ਕਰਨ ਲਈ ਸ. ਕਪੂਰ ਸਿੰਘ ਆਈ.ਸੀ.ਐੱਸ ਦੀ ਸਰਪ੍ਰਸਤੀ ਹੇਠ ਇੱਕ ਸੱਤ ਮੈਂਬਰੀ ਸਬ ਕਮੇਟੀ ਬਣਾ ਦਿੱਤੀ। ਇਸ ਦੀਆਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਗਾਤਾਰ ਮੀਟਿੰਗਾਂ ਚੱਲਦੀਆਂ ਰਹੀਆਂ ਅਤੇ ਪਾਲਸੀ ਪ੍ਰੋਗਰਾਮ ਦਾ ਖਰੜਾ ਤਿਆਰ ਕਰਕੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੌਂਪ ਦਿੱਤਾ ਗਿਆ, ਜਿਸ ਨੇ ਇਸ ਉੱਪਰ ਵਿਚਾਰ ਕਰਨ ਲਈ ਜਨਰਲ ਹਾਊਸ ਦੀ ਮੀਟਿੰਗ ਸੱਦ ਲਈ। ਇਸ ਮੀਟਿੰਗ ਵਿਚ ਇਹ ਖਰੜਾ ਪ੍ਰਵਾਨ ਕਰ ਲਿਆ ਗਿਆ। ਜੋ ਅਨੰਦਪੁਰ ਸਾਹਿਬ ਦੇ ਮਤੇ ਦੇ ਨਾਂ ਨਾਲ ਪ੍ਰਸਿੱਧ ਹੋਇਆ।

**ਵਧੇਰੇ ਜਾਣਕਾਰੀ ਲਈ ਵੇਖੋ:** ਮਹਿੰਦਰ ਸਿੰਘ ਪੱਤਰਕਾਰ, ਨੀਂਹ ਰੱਖੀ ਗਈ, ਪੰਥ ਖ਼ਾਲਸਾ ਪ੍ਰਕਾਸ਼ਨ, ਅੰਮ੍ਰਿਤਸਰ, 2009, ਪੰਨਾ 44-49.

## ਹਿਜ਼ਰਤਨਾਮਾ 92: ਮਾਸਟਰ ਮਹਿੰਦਰ ਸਿੰਘ ਬਾਜਵਾ

# ‘ਜੈਨਬ ਬੀਬੀ ਗਿੱਠ ਕੁ ਪ੍ਰਸ਼ਾਦੇ ਅਤੇ ਅੰਬ ਦਾ ਆਚਾਰ ਲੈ ਕੇ ਕਾਫ਼ਲੇ ਦੇ ਮਗ਼ਰ ਭੱਜੀ ਆਈ’

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA



“ਅਸੀਂ ਚੜ੍ਹਦਿਓਂ ਨਹੀਂ ਗਏ। ਸਾਡਾ ਆਬਾਈ ਗਰਾਂ ਜ਼ਿਲ੍ਹਾ ਸਿਆਲਕੋਟ ਦੀ ਤਹਿਸੀਲ ਪਸਰੂਰ ਦਾ ਪੰਜ ਗਰਾਈਂ ਸੀ। ਉਸ ਵਿਚ ਮੁਸਲਮਾਨਾਂ ਤੋਂ ਇਲਾਵਾ ਕੁੱਝ ਘਰ ਘੁੰਮਣ ਅਤੇ ਢਿੱਲੋਂ ਜੱਟਾਂ ਦੇ ਵੀ ਹੁੰਦੇ ਪਰ ਬਹੁਤੀ ਗਿਣਤੀ ਜੱਟ ਸਿੱਖ ਬਾਜਵਿਆਂ ਦੀ ਸੀ, ਜਿਸ ਵਜ੍ਹਾ ਉਹ ਪੰਜ ਗਰਾਈਂ ਬਾਜਵਿਆਂ ਕੀ ਵੱਜਦਾ। ਸ. ਭਾਗ ਸਿੰਘ ਮੇਰੇ ਬਾਬਾ ਜੀ ਸਨ। ਉਨ੍ਹਾਂ ਘਰ ਪੰਜ ਪੁੱਤਰ ਹੋਏ, ਜਿਨ੍ਹਾਂ ’ਚੋਂ ਸ. ਹਰੀ ਸਿੰਘ ਮੇਰੇ ਪਿਤਾ ਜੀ ਸਨ। ਅਸੀਂ ਦੋ ਭਾਈ ਮੈਂ, ਮਹਿੰਦਰ ਸਿੰਘ ਅਤੇ ਮਨਜੀਤ ਸਿੰਘ ਹਾਂ। ਰੌਲਿਆਂ ਵੇਲੇ ਪਿਤਾ ਜੀ ਨਾਰੋਵਾਲ ਡਾਕ ਮਹਿਕਮੇ ਵਿਚ ਮੁਲਾਜ਼ਮ ਸਨ। ਉਥੇ ਹੀ ਉਨ੍ਹਾਂ ਇਕ ਮਕਾਨ ਮੁੱਲ ਲੈ ਰੱਖਿਆ ਸੀ, ਜਿਸ ਵਿਚ ਅਸੀਂ ਰਹਿੰਦੇ ਸਾਂ। ਮੈਂ ਤਦੋਂ ਉਥੇ ਖ਼ਾਲਸਾ ਪ੍ਰਾਇਮਰੀ ਸਕੂਲ ਦਾ ਵਿਦਿਆਰਥੀ ਸੀ, ਜਿਥੇ ਸ. ਲਾਲ ਸਿੰਘ ਅਤੇ ਸ. ਬਾਵਾ ਸਿੰਘ ਬਾਜਵਾ ਉਸਤਾਦੀ ਕਰਦੇ। ਸਭ ਕੁੱਝ ਵਧੀਆ ਚੱਲੀ ਜਾਂਦਾ ਸੀ ਪਰ ਚੜ੍ਹਦੇ ਜਨਵਰੀ ਸੰਤਾਲੀ ਵਿਚ ਮਿਆਦੀ ਬੁਖ਼ਾਰ ਦੀ ਵਜ੍ਹਾ ਪਿਤਾ ਜੀ ਦੀ ਮੌਤ ਹੋ ਗਈ। ਅਸੀਂ ਉਥੋਂ ਮੁੜ ਆਪਣੇ ਆਬਾਈ ਗਰਾਂ ਬਜ਼ੁਰਗਾਂ ਪਾਸ ਆ ਗਏ। ਉਥੇ ਮੈਂ ਮੁੜ ਲੋਅਰ ਮਿਡਲ ਸਕੂਲ ਵਿਚ ਜਾ ਦਾਖ਼ਲ ਹੋਇਆ। ਉਥੇ ਉਸਤਾਦ ਮੌਲਵੀ ਜਮਾਲੁਦੀਨ ਹੁੰਦੇ। ਸਤਨਾਮ ਸਿੰਘ, ਕਸ਼ਮੀਰ ਸਿੰਘ, ਪ੍ਰੀਤਮ ਸਿੰਘ ਅਤੇ ਅਸਲਮ ਮੇਰੇ ਸਹਿਪਾਠੀ।

**ਪਿੰਡ ਦੇ ਮੋਹਤਬਰ:** ਲੰਬੜਦਾਰ ਸ. ਪਿਰਮਲ ਸਿੰਘ, ਸ. ਚੈਨ ਸਿੰਘ ਅਤੇ ਸ. ਧਿਆਨ ਸਿੰਘ ਹੁੰਦੇ। ਪਿੰਡ ਦੇ ਝਗੜੇ ਝੇੜੇ ਉਹੀ ਨਜਿੱਠਦੇ। ਸਰਕਾਰੀ ਦਰਬਾਰੇ ਪਹੁੰਚ ਰੱਖਦੇ।

**ਫ਼ਸਲ ਬਾੜੀ:** ਤਦੋਂ ਪਾਣੀ ਦੇ ਸਾਧਨ ਮੀਂਹ ਜਾਂ ਖੂਹ-ਹਲ਼ਟ ਹੀ ਸਨ। ਨਹਿਰ ਓਧਰ ਕੋਈ ਨਹੀਂ ਸੀ। ਇਸ ਕਰਕੇ ਖੇਤੀ ਗੁਜ਼ਾਰੇ ਜੋਗੀ ਹੀ ਸੀ। ਪੈਸੇ ਦੀ ਵੀ ਹਮੇਸ਼ ਤੋਟ ਹੀ ਰਹਿੰਦੀ, ਸੋ ਬਹੁਤੀ ਵਾਰ ਖਰੀਦੋ-ਫਰੋਖਤ ਵਸਤਾਂ ਦੇ ਵਟਾਂਦਰਿਆਂ ਦੇ ਆਧਾਰਿਤ ਹੀ ਸੀ। ਫ਼ਸਲਾਂ ਵਿਚ ਬਾਜਰਾ, ਕਣਕ, ਮੱਕੀ, ਤੋਰੀਆ, ਛੋਲੇ ਵਗੈਰਾ ਭਾਵ ਘੱਟ ਪਾਣੀ ਮੰਗਣ ਵਾਲੀਆਂ ਫ਼ਸਲਾਂ ਹੁੰਦੀਆਂ। ਕਿਸੇ ਕਿਸਾਨ ਘਰ ਜਿਣਸ ਵੇਚਣ ਯੋਗ ਹੁੰਦੀ, ਤਾਂ ਗੱਡੇ ’ਤੇ ਲੱਦ ਕੇ ਪਸਰੂਰ ਮੰਡੀ ਲੈ ਜਾਂਦੇ।

ਹੱਟੀਆਂ ਭੱਠੀਆਂ: ਸ. ਬਾਵਾ ਸਿੰਘ ਕਰਿਆਨੇ ਦੀ ਹੱਟੀ ਕਰਦਾ। ਕਰਮ ਸਿੰਘ ਮਹਿਰਾ ਦੇ ਘਰੋਂ ਬੀਬੀ ਭੱਠੀ ’ਤੇ ਦਾਣੇ ਭੁੰਨਦੀ।

**ਖੂਹੀਆਂ:** ਖੂਹੀਆਂ ਪਿੰਡ ਦੇ ਚੁਰੱਸਤਿਆਂ ਵਿਚ ਦੋ ਸਨ। ਇਕ ਸਰਦਾਰਾਂ ਦੀ ਅਤੇ ਦੂਜੀ ਮੁਸਲਮਾਨਾਂ ਦੀ। ਕਰਮ ਸਿੰਘ ਮਹਿਰਾ ਮਸ਼ਕਾਂ ਨਾਲ ਲੋਕਾਂ ਦੇ ਘਰਾਂ ਵਿਚ ਪਾਣੀ ਢੋਂਹਦਾ।

**ਧਾਰਮਿਕ ਸਥਾਨ:** ਪਿੰਡ ਵਿਚ ਇਕ ਗੁਰਦੁਆਰਾ, ਇਕ ਮੰਦਰ ਅਤੇ ਇਕ ਮਸੀਤ ਸੀ। ਸਾਰੇ ਧਰਮੀ ਆਪਣੇ ਆਪਣੇ ਧਾਰਮਿਕ ਸਥਾਨਾਂ ’ਤੇ ਦਿਨ ਮਨਾਉਂਦੇ। ਗੁਰਦੁਆਰਾ ਸਾਹਿਬ ਗੁਰਪੁਰਬ ’ਤੇ ਬੜੀ ਸੰਗਤ ਜੁੜਦੀ। ਨਗਰ ਕੀਰਤਨ ਵੀ ਸਜਾਇਆ ਜਾਂਦਾ। ਭਾਈ ਜੀ ਸਿੱਖ ਬੱਚਿਆਂ ਨੂੰ ਗੁਰਮੁਖੀ ਦੇ ਨਾਲ ਗਤਕਾ ਵੀ ਸਿਖਾਉਂਦੇ।



*ਮਾਸਟਰ ਮਹਿੰਦਰ ਸਿੰਘ ਬਾਜਵਾ ਲੇਖਕ ਨਾਲ ਮੁਲਾਕਾਤ ਸਮੇਂ।*

ਗੁਆਂਢੀ ਪਿੰਡ: ਕਿਲਾ ਸ਼ੋਭਾ ਸਿੰਘ, ਮੀਆਂ ਹਰਪਾਲ ਅਤੇ ਸਿਆਲਕੋਟ-ਪਸਰੂਰ ਰੇਲਵੇ ਟਰੈਕ ਤੇ ਅਲੀਪੁਰ ਸਈਦਾਂ ਜੋ ਸਾਡੇ ਪਿੰਡ ਨੂੰ ਟੇਸ਼ਣ ਵੀ ਲੱਗਦਾ, ਸੁਣੀਂਦੇ।

ਵਸੇਬ: ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਦਾ ਆਪਸੀ ਮਿਲਵਰਤਨ ਵਧੀਆ ਸੀ। ਉਦੋਂ ਜਿਥੇ ਪਿੰਡ ਦੇ ਚੌਧਰੀਆਂ ਦਾ ਪੂਰਾ ਦਬਕਾ ਚੱਲਦਾ ਸੀ, ਉਥੇ ਆਮ ਵਾਸੀਆਂ ’ਚ ਬਰਦਾਸ਼ਤ ਕਰਨ ਦੀ ਭਾਵਨਾ ਵੀ ਸੀ। ਅਸਾਂ ਕਦੇ ਵੀ ਫ਼ਿਰਕੂ ਤਾਕਤ ਕਿਸੇ ਦੂਜੇ ਧਰਮੀ ਤੇ ਭਾਰੀ ਹੁੰਦੀ ਨਾ ਡਿੱਠੀ। ਸਾਡੇ ਗੁਆਂਢ ਵਿਚ ਇਕ ਵਡੇਰੀ ਉਮਰ ਦੀ ਬੀਬੀ ਜ਼ੈਨਬ ਬੇਗਮ ’ਕੱਲੀ ਹੀ ਰਹਿੰਦੀ ਸੀ।

ਉਸ ਘਰ ਵੱਡੀ ਬੇਰੀ ਸੀ। ਜਦ ਬੇਰ ਪੱਕਣੇ, ਤਾਂ ਉਸ ਨੇ ਸਾਰੇ ਗੁਆਂਢੀ ਘਰਾਂ ਵਿਚ ਤੀਜੇ ਚੌਥੇ ਦਿਨ ਬੁੱਕ-ਬੁੱਕ ਵੰਡ ਦੇਣਾ।

ਹੱਲਿਆਂ ਦੀ ਸ਼ੁਰੂਆਤ: ਸਾਉਣ-ਭਾਦੋਂ ਦੇ ਦਿਨ। ਰਾਤ ਅਸੀਂ ਕੋਠਿਆਂ ’ਤੇ ਸੁੱਤੇ ਪਏ। ਕੋਈ 9-10 ਵਜੇ ਲਹਿੰਦੇ ਪਾਸਿਓਂ ਗੁਆਂਢੀ ਪਿੰਡੋਂ ਮਾਰਤੇ ਓਏ- ਵੱਢਤੇ ਓਏ ਵਗੈਰਾ ਚੀਕ-ਚਿਹਾੜਾ ਸੁਣਿਆ। ਸਾਰੇ ਸੁਚੇਤ ਹੋ ਗਏ। ਸਵੇਰ ਹੁੰਦਿਆਂ ਪਤਾ ਲੱਗਾ ਕਿ ਰਾਤ ਦੰਗੱਈਆਂ ਵਲੋਂ ਪਿੰਡ ਉਪਰ ਹਮਲਾ ਕਰਕੇ ਹਿੰਦੂ-ਸਿੱਖਾਂ ਦਾ ਕਤਲੇਆਮ, ਲੁੱਟ-ਖਸੁੱਟ ਅਤੇ ਕਈ ਔਰਤਾਂ ਤਾਈਂ ਵਧੀਕੀ ਕੀਤੀ। ਸਵੇਰ ਸਾਰ ਪਿੰਡ ਦੇ ਮੋਹਤਬਰਾਂ ਨੇ ਪਿੰਡ ਛੱਡਣ ਦਾ ਫ਼ੈਸਲਾ ਕੀਤਾ। ਪਸ਼ੂਆਂ ਦੇ ਸੰਗਲ਼ ਖੋਲ੍ਹਤੇ, ਜ਼ਰੂਰੀ ਰਸਦ ਅਤੇ ਗਹਿਣੇ ਗੱਟੇ ਦੀਆਂ ਗੱਠੜੀਆਂ ਬੰਨ੍ਹ ਕੇ ਸਿਰਾਂ ’ਤੇ ਰੱਖ ਲਈਆਂ। ਗਰਾਂ ਨੂੰ ਅਖ਼ੀਰੀ ਵਾਰ ਨੀਝ ਲਾਕੇ ਤੱਕਿਆ। ਸਾਨੂੰ ਬਾਲਾਂ ਨੂੰ ਤਾਂ ਏਨੀ ਸੋਝੀ ਨਹੀਂ ਸੀ ਪਰ ਵਡੇਰਿਆਂ ਦੀਆਂ ਅੱਖਾਂ ਨੂੰ ਅਸੀਂ ਛਲਕਦਿਆਂ ਵੇਖਿਆ। ਕਾਫ਼ਲਾ ਤੁਰਿਆ ਤਾਂ ਸਾਡੇ ਪਿੱਛੇ ਬੀਬੀ ਜ਼ੈਨਬ ਬੇਗਮ ਭੱਜੀ ਆਵੇ। ਉਨ੍ਹਾਂ ਹਾਕਾਂ ਮਾਰ ਕੇ ਕਾਫ਼ਲੇ ਨੂੰ ਖਲੋਇਆ। ਉਸ ਨੇ ਮੇਰੀ ਦਾਦੀ ਅੰਮਾਂ ਨੂੰ ਇਕ ਛੋਟੀ ਜਿਹੀ ਗੱਠੜੀ ਫੜਾਉਂਦਿਆਂ ਕਿਹਾ, “ਇਸ ਵਿਚ ਗਿੱਠ ਕੁ ਪ੍ਰਸ਼ਾਦੇ ਅਤੇ ਅੰਬ ਦਾ ਆਚਾਰ ਹੈ। ਰਸਤੇ ਵਿਚ ਬੱਚੇ ਭੁੱਖ ਨਾਲ ਵਿਲਕਣਗੇ, ਉਨ੍ਹਾਂ ਨੂੰ ਖੁਆ ਦੇਣੇ।” - ਕਹਿੰਦਿਆਂ ਉਹ ਹੁੱਬਕੀਂ ਰੋਣ ਲੱਗੀ। ਮੇਰਾ ਹਮਜਮਾਤੀ ਅਸਲਮ ਵੀ ਸਾਡੇ ਕਾਫ਼ਲੇ ਨਾਲ-ਨਾਲ ਤੁਰਿਆ ਆਏ। ਮੈਨੂੰ ਬਗਲ ਗੀਰ ਹੋ ਕੇ ਪਿੰਡ ਦੀ ਜੂਹ ਤੋਂ ਉਹ ਵਾਪਸ ਮੁੜ ਗਿਆ। ਸਾਡੇ ਦੋਹਾਂ ਦੀਆਂ ਅੱਖਾਂ ਵਿਚ ਹੰਝੂ ਟਪਕਣ ਲੱਗੇ।

ਤੁਰਦਿਆਂ ਹੰਭ ਗਏ, ਟੁੱਟ ਗਏ। ਦਿਨ ਭਰ ਦੀ ਥੱਕਣ ਲਾਹੁਣ ਲਈ ਸੂਰਜ ਵੀ ਪੱਛਮ ਦੀ ਵਿਸ਼ਾਲ ਆਗੋਸ਼ ’ਚ ਸਮਾਅ ਗਿਆ। ਸਾਡਾ ਕਾਫ਼ਲਾ ਵੀ ਨੋਨਾਰ ਪਿੰਡ ਦੇ ਰੱਕੜ ’ਤੇ ਪਹੁੰਚ ਕੇ ਰਾਤ ਕੱਟਣ ਲਈ ਰੁੱਕ ਗਿਆ। ਚੁੱਪ ਚਪੀਤੀ ਕਾਲੀ ਬੋਲੀ ਰਾਤ ਦਾ ਸੰਨਾਟਾ, ਕਈ ਘਰਾਂ ਵਿਚ ਅੱਗ ਲੱਗੀ ਹੋਈ ਸੀ, ਜ਼ਾਹਰ ਸੀ ਕਿ ਉਥੇ ਕੋਈ ਵੱਡਾ ਭਾਣਾ ਵਰਤ ਚੁੱਕਾ ਸੀ। ਕਾਫ਼ਲੇ ਦੇ ਨੌਜਵਾਨਾਂ ਨੇ ਚੌਕੰਨੇ ਹੋ ਕੇ ਸਾਰੀ ਰਾਤ ਪਹਿਰਾ ਦਿੱਤਾ ਕਿ ਕਿਧਰੇ ਹੋਰ ਭਾਣਾ ਨਾ ਵਰਤ ਜਾਏ।

ਸਵੇਰ ਹੁੰਦਿਆਂ ਨਾਰੋਵਾਲ-ਸਿਆਲਕੋਟ ਰੇਲਵੇ ਟਰੈਕ ਚੜ੍ਹਦਿਓਂ ਪਾਰ ਕੀਤਾ। ਤੇਜ਼ ਧੁੱਪ ਦੀ ਲਿਸ਼ਕੋਰ ਵਿਚ ਨਾਰੋਵਾਲ ਸਾਹਮਣੇ ਨਜ਼ਰ ਪਿਆ। ਪਿਤਾ ਜੀ ਅਤੇ ਆਪਣੇ ਮਕਾਨ ਨੂੰ ਯਾਦ ਕਰਦਿਆਂ ਮੈਂ ਬਹੁਤ ਭਾਵੁਕ ਹੋਇਆ ਕਿ ਹੁਣ ਅਸੀਂ ਉਥੇ ਕਦੇ ਵੀ ਨਹੀਂ ਸੀ ਜਾ ਸਕਦੇ। ਅੱਗੇ ਕਿੱਥੇ ਜਾਵਾਂਗੇ। ਕਿਧਰੇ ਕੋਈ ਮੰਜ਼ਿਲ ਨਹੀਂ ਸੀ। ਇਥੇ ਇਕ ਹੋਰ ਕਾਫ਼ਲਾ ਸਾਡੇ ਨਾਲ ਰਲ਼ ਗਿਆ। ਸਾਡਾ ਦੂਜੀ ਰਾਤ ਦਾ ਪੜਾਅ ਉਜੜ ਚੁੱਕੇਪਿੰਡ ਚੰਦੋਵਾਲ ਦੇ ਥੇਹ ’ਤੇ ਹੋਇਆ। ਕਾਫ਼ਲੇ ਦੇ ਕੁੱਝ ਨੌਜਵਾਨਾਂ ਉਥੋਂ ਭੜੋਲੀ ’ਚੋਂ ਕਣਕ ਕੱਢ ਲਿਆਂਦੀ। ਕਿਸੇ ਘਰੋਂ ਸੁੱਕਾ ਬਰੀਕ ਬਾਲਣ ਵੀ ਲੈਂਦੇ ਆਏ। ਉਸ ਕਣਕ ਨੂੰ ਉਬਾਲ ਕੇ ਖਾਧਾ। ਰਾਤ ਭਰ ਮੀਂਹ ਪੈਂਦਾ ਰਿਹਾ। ਖੇਸ ਖੇਸੀਆਂ ਦੀ ਮੀਂਹ ਅੱਗੇ ਕੋਈ ਪੇਸ਼ ਨਾ ਗਈ। ਉਥੋਂ ਸਾਡਾ ਕਾਫ਼ਲਾ ਜ਼ੱਫਰਵਾਲ-ਕਸ਼ਮੀਰ ਵੱਲ ਵਧਿਆ। ਕੁਝ ਕੋਹ ਜੰਮੂ ਤਵੀ ਨਦੀ ਤੱਕ ਹੀ ਗਏ ਸਾਂ ਕਿ ਉਧਰੋਂ ਵੀ ਇਕ ਕਾਫ਼ਲਾ ਮੁੜਿਆ ਆਏ। ਪੁੱਛਣ ’ਤੇ ਉਨ੍ਹਾਂ ਦੱਸਿਆ ਕਿ ਕਸ਼ਮੀਰ ਦੇ ਰਾਜੇ ਦਾ ਹੁਕਮ ਹੈ ਕਿ ਕੋਈ ਰਫਿਊਜੀ ਕਸ਼ਮੀਰ ਨਾ ਵੜੇ। ਅਸੀਂ ਉਲਟੇ ਪੈਰੀਂ ਉਨ੍ਹਾਂ ਨਾਲ ਹੀ ਮੁੜ ਆਏ ਅਤੇ ਦੋਹੇਂ ਕਾਫ਼ਲੇ ਮਿਲਕੇ ਨਾਰੋਵਾਲ-ਡੇਰਾ ਬਾਬਾ ਨਾਨਕ ਰੇਲਵੇ ਲਾਈਨ ਦੇ ਨਾਲ-ਨਾਲ ਚੱਲਦੇ ਐਕ-ਡੇਕ ਬਰਸਾਤੀ ਨਾਲਿਆਂ ਨੂੰ ਪਾਰ ਕਰਦਿਆਂ ਜੱਸੜ-ਡੇਰਾ ਬਾਬਾ ਨਾਨਕ ਵੱਲ ਵਧੇ। ਜੱਸੜ ’ਟੇਸ਼ਣ ਤੇ ਦੋ ਅੰਗਰੇਜ਼ ਸਿਪਾਹੀ ਖੜ੍ਹੇ ਸਨ। ਉਹ ਹਰ ਬੰਦੂਕ, ਗੰਡਾਸੀ, ਕਿਰਪਾਨ ਜਾਂ ਲਾਠੀ ਵਾਲੇ ਨੂੰ ਰੋਕ ਕੇ ਉਸ ਦੇ ਹੱਥ ’ਤੇ ਪਸਤੌਲ ਰੱਖ ਕੇ ਹਥਿਆਰ ਸੁੱਟਵਾ ਲੈਂਦੇ। ’ਟੇਸ਼ਣ ਦਾ ਇਕ ਵੱਡਾ ਕਮਰਾ ’ਜਿਹੇ ਹਥਿਆਰਾਂ ਨਾਲ ਭਰਿਆ ਪਿਆ ਸੀ। ’ਜਿਹਾ ਗੋਰੇ ਵਲੋਂ ਤਾਂ ਕੀਤਾ ਜਾ ਰਿਹਾ ਸੀ ਕਿ ਸਾਹਮਣਾ ਹੋਣ ’ਤੇ ਸਿੱਖ-ਮੁਸਲਿਮ ਆਪਸ ਵਿਚ ਉਲਝ ਨਾ ਜਾਣ। ਜੱਸੜ ਰੇਲਗੱਡੀ ਕਤਲੇਆਮ ਕਾਂਡ ਇਕ ਦੋ ਦਿਨ ਪਹਿਲਾਂ ਵਾਪਰ ਚੁੱਕਾ ਸੀ। ਆਰ-ਪਾਰ ਹਿੰਦੂ-ਸਿੱਖਾਂ ਦੀਆਂ ਕੱਟੀਆਂ ਵੱਢੀਆਂ ਦੂਰ ਤੱਕ ਵਿੱਖਰੀਆਂ ਹੋਈਆਂ ਲਾਸ਼ਾਂ ਦੇਖ ਕੇ ਧੂਹ ਨਿਕਲ ਗਈ। ਬਸੰਤਰ ਬਰਸਾਤੀ ਨਾਲੇ ਨੂੰ ਪਾਰ ਕੀਤਾ। ਰਾਵੀ ਦਾ ਰੇਲ ਪੁਲ਼ ਪਾਰ ਕਰਨ ਉਪਰੰਤ ਇੰਡੀਆ ਵਿਚ ਦਾਖ਼ਲ ਹੋਏ। ਉਧਰ ਉਵੇਂ ਹਿੰਦੂ ਸਿੱਖਾਂ ਵਾਂਗ ਮੁਸਲਮਾਨਾਂ ਦੀਆਂ ਬੁਰੇ ਹਾਲ ਕੱਟੀਆਂ ਵੱਡੀਆਂ ਲਾਸ਼ਾਂ ਵੇਖੀਆਂ। ਡੇਰਾ ਬਾਬਾ ਨਾਨਕ ਇਕ ਸਕੂਲ ਵਿਚ ਡੇਰਾ ਲਾਇਆ। ਉਥੇ ਹਫ਼ਤਾ ਭਰ ਰਹੇ। ਗੁਰਦੁਆਰਾ ਕਮੇਟੀ ਵਲੋਂ ਆਯੋਜਿਤ ਲੰਗਰ ਰੱਜ-ਰੱਜ ਖਾਧਾ, ਪਾਣੀ ਵੀ ਰੱਜ-ਰੱਜ ਪੀਤਾ ਕਿਉਂ ਜੋ ਰਸਤੇ ਵਿਚ ਖੱਡਾਂ ਜਾਂ ਖੂਹਾਂ ਦੇ ਪਾਣੀ ਵਿਚ ਅਕਸਰ ਜਿੱਥੇ ਮਨੁੱਖੀ ਲਾਸ਼ਾਂ ਤਰਦੀਆਂ ਵੇਖਦੇ ਸਾਂ, ਉਥੇ ਪਾਣੀਆਂ ਵਿਚ ਜ਼ਹਿਰ ਮਿਲ਼ੇ ਹੋਣ ਦੀ ਅਫ਼ਵਾਹ ਵੀ ਕਿਸੇ ਉਡਾ ਛੱਡੀ ਸੀ। ਬੱਸਾਂ ਰਾਹੀਂ ਅੰਬਰਸਰ ਪਹੁੰਚੇ। ਉਥੋਂ ਗੱਡੀ ਚੜ੍ਹ ਬਟਾਲਾ ਗਏ। ਫਿਰ ਸਾਰਾ ਕਾਫ਼ਲਾ ਆਪਣੇ-ਆਪਣੇ ਰਿਸ਼ਤੇਦਾਰਾਂ ਜਾਣੂਆਂ ਲਈ ਖਿੱਲਰ ਗਿਆ। ਸਾਨੂੰ ਵੀ ਕਿਸੇ ਖ਼ਬਰ ਕੀਤੀ ਕਿ ਘੁਮਾਣ ਨੇੜਲਾ ਪਿੰਡ ਸੁਕਾਲਾ ਮੁਸਲਮਾਨਾਂ ਵਲੋਂ ਖਾਲੀ ਕੀਤਾ ਗਿਆ ਹੈ, ਸੋ ਉਥੇ ਜਾ ਇਕ ਚੰਗਾ ਖਾਲੀ ਘਰ ਦੇਖ ਕਿਆਮ ਕੀਤਾ। ਸਾਡੀ ਕੱਚੀ ਪਰਚੀ ਵੀ ਇਥੇ ਹੀ ਪੈ ਰਹੀ।

---o---

ਮੈਂ ਘੁਮਾਣ ਪਿੰਡ ਤੋਂ ਅੱਠਵੀਂ ਅਤੇ ਸ੍ਰੀ ਹਰਗੋਬਿੰਦਪੁਰ ਤੋਂ ਦਸਵੀਂ ਪਾਸ ਕਰਨ ਉਪਰੰਤ ਨਾਰਮਲ ਵੀ ਪਾਸ ਕਰ ਲਈ। ਸਾਡੀ ਪੱਕੀ ਪਰਚੀ ਹੁਸ਼ਿਆਰਪੁਰ ਦੇ ਪਿੰਡ ਖਰਕਾਂ ਦੀ ਪਈ। ਘਰੇਲੂ ਹਾਲਾਤ ’ਤੇ ਚੱਲਦਿਆਂ ਮੈਂ ਸਮੇਤ ਪਰਿਵਾਰ ਆਪਣੇ ਨਾਨਕੇ ਪਿੰਡ ਮਸੀਤਾਂ-ਸੁਲਤਾਨਪੁਰ ਲੋਧੀ ਆਣ ਵਸਿਆ। ਸਰਕਾਰੀ ਮਾਸਟਰ ਬਣਿਆਂ। ਪਿੰਡ ਠੇਠਰਕੇ-ਡੇਰਾ ਬਾਬਾ ਨਾਨਕ ਤੋਂ ਰੰਧਾਵੇ ਸਰਦਾਰਾਂ ਦੀ ਧੀ ਸਰਦਾਰਨੀ ਹਰਭਜਨ ਕੌਰ ਨਾਲ਼ ਸ਼ਾਦੀ ਹੋਈ। ਬੇਟਾ ਹਰਜੀਤ ਸਿੰਘ ਪੰਜਾਬ ਪੁਲਿਸ ਵਿਚ ਭਰਤੀ ਹੋਇਆ, ਜੋ ਅੱਜਕੱਲ੍ਹ ਸਮੇਤ ਪਰਿਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਿਹਾਇਸ਼ ਪੁਜੀਰ ਹੈ। ਛੋਟਾ ਬੇਟਾ ਨਰਿੰਦਰ ਸਿੰਘ ਮਾਸਟਰ ਅਤੇ ਨੂੰਹ ਰਾਣੀ ਮੇਰੇ ਪਾਸ ਨੇ। ਉਨ੍ਹਾਂ ਦੀ ਸੇਵਾ ਅਤੇ ਲਹਿਜ਼ੇ ਦੀ ਬਦੌਲਤ ਹੀ ਉਮਰ ਦਾ ਪਿਛਲਾ ਪੰਧ ਪੁਰ ਸਕੂਨ ਹੰਢਾਅ ਰਿਹੈਂ। ---ਔਰ ਕੱਲ੍ਹ ਕੀ ਮੇਰੀ ਬਲਾ ਜਾਨੇਂ।”

ਅਸੀਂ ਦੋ ਭਾਈ ਮੈਂ, ਮਹਿੰਦਰ ਸਿੰਘ ਅਤੇ ਮਨਜੀਤ ਸਿੰਘ ਹਾਂ। ਰੌਲਿਆਂ ਵੇਲੇ ਪਿਤਾ ਜੀ ਨਾਰੋਵਾਲ ਡਾਕ ਮਹਿਕਮੇ ਵਿਚ ਮੁਲਾਜ਼ਮ ਸਨ। ਉਥੇ ਹੀ ਉਨ੍ਹਾਂ ਇਕ ਮਕਾਨ ਮੁੱਲ ਲੈ ਰੱਖਿਆ ਸੀ, ਜਿਸ ਵਿਚ ਅਸੀਂ ਰਹਿੰਦੇ ਸਾਂ। ਮੈਂ ਤਦੋਂ ਉਥੇ ਖ਼ਾਲਸਾ ਪ੍ਰਾਇਮਰੀ ਸਕੂਲ ਦਾ ਵਿਦਿਆਰਥੀ ਸੀ, ਜਿਥੇ ਸ. ਲਾਲ ਸਿੰਘ ਅਤੇ ਸ. ਬਾਵਾ ਸਿੰਘ ਬਾਜਵਾ ਉਸਤਾਦੀ ਕਰਦੇ।



*ਡੇਰਾ ਬਾਬਾ ਨਾਨਕ ਤੋਂ ਰਾਵੀ ਪਾਰ ਵੀਰਾਨ ਪਿਆ ਜੱਸੜ ਰੇਲਵੇ ਸਟੇਸ਼ਨ।*

ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA



# ਉੱਤਰੀ ਭਾਰਤ ’ਚ ਪਰਾਲੀ ਸਾੜਨ ਦਾ ਕਹਿਰ: ਹੱਲ ਕਿਸਾਨਾਂ ਅਤੇ ਵਾਤਾਵਰਣ ਦੋਵਾਂ ਨੂੰ ਲਾਭ ਪਹੁੰਚਾਉਂਦੇ ਹਨ

**ਪਰਾਲੀ ਸਾੜਨ ਦਾ ਮੁੱਖ ਕਾਰਨ ਖੇਤਾਂ ਵਿਚ ਬਚੀ ਝੋਨੇ ਦੀ ਪਰਾਲੀ ਹੈ। ਇੱਕ ਵਾਰ ਝੋਨੇ ਦੀ ਫ਼ਸਲ ਕੱਟਣ ਤੋਂ ਬਾਅਦ, ਕਿਸਾਨਾਂ ਕੋਲ ਰਹਿੰਦ-ਖੂੰਹਦ ਨੂੰ ਹਟਾਉਣ ਲਈ ਨਾ ਤਾਂ ਸਮਾਂ ਹੁੰਦਾ ਹੈ ਅਤੇ ਨਾ ਹੀ ਸਰੋਤ। ਪੰਜਾਬ ਅਤੇ ਹਰਿਆਣਾ ਦੀਆਂ ਖੇਤੀਬਾੜੀ ਪ੍ਰਣਾਲੀਆਂ ਮੁੱਖ ਤੌਰ ’ਤੇ ਚੌਲਾਂ ਅਤੇ ਕਣਕ ’ਤੇ ਆਧਾਰਿਤ ਹਨ। 1960 ਦੇ ਦਹਾਕੇ ਦੀ ਹਰੀ ਕ੍ਰਾਂਤੀ ਨੇ ਇਨ੍ਹਾਂ ਰਾਜਾਂ ਨੂੰ ਦੇਸ਼ ਦੇ ਅਨਾਜ ਭੰਡਾਰ ਵਿਚ ਬਦਲ ਦਿੱਤਾ, ਪਰ ਖੇਤੀਬਾੜੀ ਨੂੰ ਇਕਸਾਰ ਅਤੇ ਪਾਣੀ-ਸੰਵੇਦਨਸ਼ੀਲ ਵੀ ਬਣਾ ਦਿੱਤਾ।**

ਹਰ ਸਾਲ, ਚੌਲਾਂ ਦੀ ਵਾਢੀ ਦੇ ਸੀਜ਼ਨ ਦੌਰਾਨ, ਪੰਜਾਬ ਅਤੇ ਹਰਿਆਣਾ ਦੇ ਖੇਤਾਂ ਤੋਂ ਨਿਕਲਦਾ ਧੂੰਆਂ ਅਸਮਾਨ ਨੂੰ ਧੁੰਦ ਨਾਲ ਭਰ ਦਿੰਦਾ ਹੈ। ਇਹ ਸਿਰਫ਼ ਖੇਤਾਂ ਦੀ ਅੱਗ ਨਹੀਂ ਹੈ, ਸਗੋਂ ਭਾਰਤ ਦੀਆਂ ਖੇਤੀਬਾੜੀ ਨੀਤੀਆਂ, ਆਰਥਿਕ ਅਸਮਾਨਤਾ ਅਤੇ ਵਾਤਾਵਰਣ ਅਸੰਤੁਲਨ ਦਾ ਇੱਕ ਭਿਆਨਕ ਪ੍ਰਤੀਬਿੰਬ ਹੈ। ਦਿੱਲੀ ਅਤੇ ਇਸਦੇ ਆਲੇ-ਦੁਆਲੇ ਦੇ ਖੇਤਰ ਇਸ ਧੂੰਏਂ ਵਿਚ ਘਿਰੇ ਹੋਏ ਹਨ ਅਤੇ ਹਵਾ ਦੀ ਗੁਣਵੱਤਾ ਬਹੁਤ ਹੀ ਮਾੜੇ ਪੱਧਰ ਤੱਕ ਡਿੱਗ ਜਾਂਦੀ ਹੈ।

ਪਰਾਲੀ ਸਾੜਨਾ ਕਾਨੂੰਨੀ ਤੌਰ ’ਤੇ ਵਰਜਿਤ ਹੈ, ਫਿਰ ਵੀ ਕਿਸਾਨ ਹਰ ਸਾਲ ਇਸਨੂੰ ਦੁਹਰਾਉਂਦੇ ਹਨ ਕਿਉਂਕਿ ਇਸਦੇ ਪਿੱਛੇ ਕਈ ਸਮਾਜਿਕ ਅਤੇ ਆਰਥਿਕ ਕਾਰਨ ਹਨ।

ਪਰਾਲੀ ਸਾੜਨ ਦਾ ਮੁੱਖ ਕਾਰਨ ਖੇਤਾਂ ਵਿਚ ਬਚੀ ਝੋਨੇ ਦੀ ਪਰਾਲੀ ਹੈ। ਇੱਕ ਵਾਰ ਝੋਨੇ ਦੀ ਫ਼ਸਲ ਕੱਟਣ ਤੋਂ ਬਾਅਦ, ਕਿਸਾਨਾਂ ਕੋਲ ਰਹਿੰਦ-ਖੂੰਹਦ ਨੂੰ ਹਟਾਉਣ ਲਈ ਨਾ ਤਾਂ ਸਮਾਂ ਹੁੰਦਾ ਹੈ ਅਤੇ ਨਾ ਹੀ ਸਰੋਤ। ਪੰਜਾਬ ਅਤੇ ਹਰਿਆਣਾ ਦੀਆਂ ਖੇਤੀਬਾੜੀ ਪ੍ਰਣਾਲੀਆਂ ਮੁੱਖ ਤੌਰ ’ਤੇ ਚੌਲਾਂ ਅਤੇ ਕਣਕ ’ਤੇ ਆਧਾਰਿਤ ਹਨ। 1960 ਦੇ ਦਹਾਕੇ ਦੀ ਹਰੀ ਕ੍ਰਾਂਤੀ ਨੇ ਇਨ੍ਹਾਂ ਰਾਜਾਂ ਨੂੰ ਦੇਸ਼ ਦੇ ਅਨਾਜ ਭੰਡਾਰ ਵਿਚ ਬਦਲ ਦਿੱਤਾ, ਪਰ ਖੇਤੀਬਾੜੀ ਨੂੰ ਇਕਸਾਰ ਅਤੇ ਪਾਣੀ-ਸੰਵੇਦਨਸ਼ੀਲ ਵੀ ਬਣਾ ਦਿੱਤਾ। ਬਹੁਤ ਜ਼ਿਆਦਾ ਭੂਮੀਗਤ ਪਾਣੀ ਦੇ ਸ਼ੋਸ਼ਣ ਨੂੰ ਰੋਕਣ ਲਈ, 2009 ਵਿਚ ਪੰਜਾਬ ਉਪ-ਜਲ ਸੰਭਾਲ ਐਕਟ ਲਾਗੂ ਕੀਤਾ ਗਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਮਾਨਸੂਨ ਬਾਰਿਸ਼ ਤੋਂ ਲਾਭ ਉਠਾਉਣ ਲਈ ਝੋਨੇ ਦੀ ਬਿਜਾਈ ਜੂਨ ਦੇ ਅੰਤ ਤੱਕ ਪੂਰੀ ਕਰ ਲਈ ਜਾਵੇ।

ਨਤੀਜੇ ਵਜੋਂ, ਝੋਨੇ ਦੀ ਕਟਾਈ ਅਤੇ ਕਣਕ ਦੀ ਬਿਜਾਈ ਵਿਚਕਾਰ ਸਿਰਫ਼ ਦਸ ਤੋਂ ਵੀਹ ਦਿਨ ਦਾ ਅੰਤਰ ਹੈ। ਕਿਸਾਨ ਇੰਨੇ ਘੱਟ ਸਮੇਂ ਵਿਚ ਪਰਾਲੀ ਇਕੱਠੀ ਕਰਕੇ ਜਾਂ ਸੜ ਕੇ ਆਪਣੇ ਖੇਤ ਤਿਆਰ ਨਹੀਂ ਕਰ ਸਕਦੇ, ਇਸ ਲਈ ਉਹ ਸਭ ਤੋਂ ਤੇਜ਼ ਅਤੇ ਸਸਤਾ ਹੱਲ ਚੁਣਦੇ ਹਨ – ਇਸਨੂੰ ਸਾੜਨਾ।

ਇੱਕ ਹੋਰ ਵੱਡਾ ਕਾਰਨ ਆਰਥਿਕ ਹੈ। ਪਰਾਲੀ ਨੂੰ ਹਟਾਉਣ ਜਾਂ ਨਿਪਟਾਉਣ ਲਈ ਲੋੜੀਂਦੀਆਂ ਮਸ਼ੀਨਾਂ – ਜਿਵੇਂ ਕਿ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ, ਹੈਪੀ ਸੀਡਰ, ਬੇਲਰ ਜਾਂ ਰੋਟਾਵੇਟਰ – ਬਹੁਤ ਮਹਿੰਗੀਆਂ ਹਨ। ਤਿੰਨ ਹੈਕਟੇਅਰ ਤੋਂ ਘੱਟ ਜ਼ਮੀਨ ਵਾਲੇ ਛੋਟੇ ਅਤੇ ਸੀਮਾਂਤ ਕਿਸਾਨ ਇਨ੍ਹਾਂ ਮਸ਼ੀਨਾਂ ਨੂੰ ਖਰੀਦਣ ਜਾਂ ਕਿਰਾਏ ’ਤੇ ਲੈਣ ਦੇ ਅਸਮਰੱਥ ਹਨ। ਉਦਾਹਰਣ ਵਜੋਂ, ਇੱਕ ਹੈਪੀ ਸੀਡਰ ਦੇ ਕਿਰਾਏ ’ਤੇ ਪ੍ਰਤੀ ਏਕੜ ਲਗਭਗ ਦੋ ਤੋਂ ਤਿੰਨ ਹਜ਼ਾਰ ਰੁਪਏ ਖਰਚ ਆਉਂਦੇ ਹਨ, ਜਦੋਂਕਿ ਪਰਾਲੀ ਸਾੜਨ ’ਤੇ ਸਿਰਫ ਇੱਕ ਮਾਚਿਸ ਦੀ ਡੱਬੀ ਅਤੇ ਕੁਝ ਡੀਜ਼ਲ ਦੀ ਕੀਮਤ ਪੈਂਦੀ ਹੈ। ਇਹ ਵਿਹਾਰਕਤਾ ਇਸ ਸਮੱਸਿਆ ਵਿਚ ਡੂੰਘਾਈ ਨਾਲ ਜੜ੍ਹੀ ਹੋਈ ਹੈ।

ਤੀਜਾ ਕਾਰਨ ਤੂੜੀ ਦਾ ਘੱਟ ਉਪਯੋਗੀ ਮੁੱਲ ਹੈ। ਪੰਜਾਬ ਅਤੇ ਹਰਿਆਣਾ ਵਿਚ ਉਗਾਈਆਂ ਜਾਣ ਵਾਲੀਆਂ ਜ਼ਿਆਦਾਤਰ ਚੌਲਾਂ ਦੀਆਂ ਕਿਸਮਾਂ ਆਮ ਹਨ, ਜਿਨ੍ਹਾਂ ਵਿਚ ਸਿਲਿਕਾ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਹ ਤੂੜੀ ਜਾਨਵਰਾਂ ਦੇ ਚਾਰੇ ਵਜੋਂ ਵਰਤੋਂ ਯੋਗ ਨਹੀਂ ਹੈ, ਨਾ ਹੀ ਇਸਨੂੰ ਆਸਾਨੀ ਨਾਲ ਬਾਇਓਫਿਊਲ ਜਾਂ ਖਾਦ ਵਿਚ ਬਦਲਿਆ ਜਾ ਸਕਦਾ ਹੈ। ਜਦੋਂਕਿ ਪੂਰਬੀ ਭਾਰਤੀ ਰਾਜਾਂ ਵਿਚ ਚੌਲਾਂ ਦੀ ਪਰਾਲੀ ਨੂੰ ਪਸ਼ੂਆਂ ਦੇ ਚਾਰੇ ਵਜੋਂ ਵਰਤਿਆ ਜਾਂਦਾ ਹੈ, ਪਰ ਪੰਜਾਬ ਅਤੇ ਹਰਿਆਣਾ ਵਿਚ ਇਹ ਵਰਤੋਂ ਸੀਮਤ ਹੈ। ਇਸ ਲਈ, ਤੂੜੀ ਇੱਥੇ ਕਿਸਾਨਾਂ ਨੂੰ ਕੋਈ ਆਰਥਿਕ ਲਾਭ ਨਹੀਂ ਦਿੰਦੀ।

ਚੌਥਾ ਕਾਰਨ ਮਜ਼ਦੂਰਾਂ ਦੀ ਘਾਟ ਅਤੇ ਜ਼ਮੀਨਾਂ ਦੇ ਟੁਕੜੇ ਹੋਣਾ ਹੈ। ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਘੱਟ ਰਹੀ ਹੈ, ਅਤੇ ਛੋਟੇ ਖੇਤਾਂ ਵਿਚ ਮਸ਼ੀਨਰੀ ਤਾਇਨਾਤ ਕਰਨ ਦੀ ਸਮਰੱਥਾ ਦੀ ਘਾਟ ਹੈ। ਸਮੇਂ ਅਤੇ ਮਜ਼ਦੂਰੀ ਦੀ ਘਾਟ ਕਾਰਨ, ਕਿਸਾਨ ਅਗਲੀ ਫਸਲ ਬੀਜਣ ਲਈ ਜਲਦੀ ਵਿਚ ਪਰਾਲੀ ਸਾੜਦੇ ਹਨ।

ਪਿਛਲੇ ਕੁਝ ਸਾਲਾਂ ਤੋਂ ਪਰਾਲੀ ਸਾੜਨਾ ਸਮਾਜਿਕ ਤੌਰ ’ਤੇ ਪ੍ਰਵਾਨਿਤ ਅਭਿਆਸ ਬਣ ਗਿਆ ਹੈ। ਕਿਸਾਨ ਮੰਨਦੇ ਹਨ ਕਿ ਇਹ ਆਪਣੇ ਖੇਤਾਂ ਨੂੰ ਸਾਫ਼ ਕਰਨ ਦਾ ਸਭ ਤੋਂ ਆਸਾਨ ਅਤੇ ਸਭ ਤੋਂ ਰਵਾਇਤੀ ਤਰੀਕਾ ਹੈ। ਕਾਨੂੰਨਾਂ ਅਤੇ ਜੁਰਮਾਨਿਆਂ ਦੇ ਬਾਵਜੂਦ, ਇਹ ਅਭਿਆਸ ਜਾਰੀ ਹੈ ਕਿਉਂਕਿ ਲਾਗੂ ਕਰਨ ਢਿੱਲਾ ਹੈ ਅਤੇ ਰਾਜਨੀਤਿਕ ਦਬਾਅ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਨ ਤੋਂ ਰੋਕਦਾ ਹੈ। 2023 ਵਿਚ, ਜੁਰਮਾਨੇ ਅਤੇ ਨਿਗਰਾਨੀ ਉਪਾਵਾਂ ਦੋਵਾਂ ਦੇ ਬਾਵਜੂਦ, ਪੰਜਾਬ ਵਿਚ ਲਗਭਗ 60,000 ਪਰਾਲੀ ਸਾੜਨ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ।

ਹੁਣ ਸਵਾਲ ਇਹ ਹੈ ਕਿ ਇਸ ਸਮੱਸਿਆ ਦਾ ਸਥਾਈ ਹੱਲ ਕੀ ਹੋ ਸਕਦਾ ਹੈ?

ਸਪੱਸ਼ਟ ਹੈ ਕਿ ਸਿਰਫ਼ ਪਾਬੰਦੀਆਂ ਜਾਂ ਜੁਰਮਾਨੇ ਇਸ ਸਮੱਸਿਆ ਦਾ ਹੱਲ ਨਹੀਂ ਕਰਨਗੇ। ਅਜਿਹੀ ਰਣਨੀਤੀ ਅਪਣਾਉਣਾ ਜ਼ਰੂਰੀ ਹੈ, ਜੋ ਕਿਸਾਨਾਂ ਦੀ ਰੋਜ਼ੀ-ਰੋਟੀ ਅਤੇ ਵਾਤਾਵਰਣ ਸੁਰੱਖਿਆ ਦੋਵਾਂ ਨੂੰ ਜੋੜਦੀ ਹੋਵੇ।

ਪਹਿਲਾ ਹੱਲ ਫਸਲੀ ਵਿਭਿੰਨਤਾ ਹੈ। ਪੰਜਾਬ ਅਤੇ ਹਰਿਆਣਾ ਵਿਚ ਜ਼ਮੀਨ ਲਗਾਤਾਰ ਚੌਲ-ਕਣਕ ਚੱਕਰ ਤੋਂ ਥੱਕ ਚੁੱਕੀ ਹੈ। ਪਾਣੀ ਦਾ ਪੱਧਰ ਵੀ ਡਿੱਗ ਰਿਹਾ ਹੈ। ਇਸ ਲਈ, ਮੱਕੀ, ਦਾਲਾਂ, ਤੇਲ ਬੀਜਾਂ ਅਤੇ ਬਾਗਬਾਨੀ ਫਸਲਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਜੇਕਰ ਸਰਕਾਰ ਇਨ੍ਹਾਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ, ਬੀਮਾ ਕਵਰੇਜ ਅਤੇ ਯਕੀਨੀ ਖਰੀਦ ਯਕੀਨੀ ਬਣਾਉਂਦੀ ਹੈ, ਤਾਂ ਕਿਸਾਨ ਹੌਲੀ-ਹੌਲੀ ਚੌਲਾਂ ’ਤੇ ਆਪਣੀ ਨਿਰਭਰਤਾ ਘਟਾ ਸਕਦੇ ਹਨ। ਹਰਿਆਣਾ ਦੀ “ਭਾਵੰਤਰ ਭਾਰਪਾਈ ਯੋਜਨਾ” ਇਸ ਦਿਸ਼ਾ ਵਿਚ ਇੱਕ ਚੰਗੀ ਉਦਾਹਰਣ ਹੈ, ਜੋ ਕਿਸਾਨਾਂ ਨੂੰ ਕੀਮਤਾਂ ਦੇ ਅੰਤਰ ਲਈ ਮੁਆਵਜ਼ਾ ਦਿੰਦੀ ਹੈ। ਇੱਕ ਹੋਰ ਹੱਲ ਮਸ਼ੀਨੀਕਰਨ ਅਤੇ ਸਾਂਝੇ ਸਰੋਤ ਹਨ। ਕਿਸਾਨਾਂ ਨੂੰ ਸਾਂਝੀ ਵਰਤੋਂ ਲਈ ਮਸ਼ੀਨਾਂ ਉਪਲਬਧ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਪੰਚਾਇਤ ਜਾਂ ਸਹਿਕਾਰੀ ਪੱਧਰ ’ਤੇ ਕਸਟਮ ਹਾਇਰਿੰਗ ਸੈਂਟਰ ਸਥਾਪਤ ਕੀਤੇ ਜਾਣੇ ਚਾਹੀਦੇ ਹਨ, ਜਿੱਥੇ ਕਿਸਾਨ ਘੱਟ ਕੀਮਤ ’ਤੇ ਹੈਪੀ ਸੀਡਰ ਜਾਂ ਸੁਪਰ ਸਟਰਾਅ ਮੈਨੇਜਮੈਂਟ ਸਿਸਟਮ ਵਰਗੀਆਂ ਮਸ਼ੀਨਾਂ ਕਿਰਾਏ ’ਤੇ ਲੈ ਸਕਦੇ ਹਨ। ਕੇਂਦਰ ਸਰਕਾਰ ਦੀ “ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਯੋਜਨਾ” ਦੇ ਤਹਿਤ, ਪੰਜਾਬ ਅਤੇ ਹਰਿਆਣਾ ਵਿਚ 100,000 ਤੋਂ ਵੱਧ ਮਸ਼ੀਨਾਂ ਵੰਡੀਆਂ ਗਈਆਂ ਹਨ, ਪਰ ਉਹ ਸਾਰੇ ਕਿਸਾਨਾਂ ਤੱਕ ਨਹੀਂ ਪਹੁੰਚੀਆਂ ਹਨ। ਜੇਕਰ ਹਰ ਪਿੰਡ ਵਿਚ ਭਾਈਚਾਰਕ ਮਸ਼ੀਨੀਕਰਨ ਕੇਂਦਰ ਸਥਾਪਤ ਕੀਤੇ ਜਾਂਦੇ, ਤਾਂ ਕਿਸਾਨ ਪਰਾਲੀ ਸਾੜਨ ਤੋਂ ਬਚਣਗੇ। ਤੀਜਾ ਹੱਲ ਹੈ ਪਰਾਲੀ ਦੀ ਵਰਤੋਂ ਉਦਯੋਗਿਕ ਤੌਰ ’ਤੇ ਕੀਤੀ ਜਾਵੇ। ਪਰਾਲੀ ਨੂੰ ਇੱਕ ਸਰੋਤ ਵਜੋਂ ਦੇਖਿਆ ਜਾਣਾ ਚਾਹੀਦਾ ਹੈ, ਰਹਿੰਦ-ਖੂੰਹਦ ਵਜੋਂ ਨਹੀਂ। ਇਸਦੀ ਵਰਤੋਂ ਬਾਇਓਐਨਰਜੀ, ਈਥਾਨੌਲ, ਕਾਗਜ਼, ਪੈਕੇਜਿੰਗ ਅਤੇ ਨਿਰਮਾਣ ਸਮੱਗਰੀ ਪੈਦਾ ਕਰਨ ਲਈ ਕੀਤੀ ਜਾ ਸਕਦੀ ਹੈ। ਉਦਾਹਰਣ ਵਜੋਂ, ਇੰਡੀਅਨ ਆਇਲ ਕਾਰਪੋਰੇਸ਼ਨ ਦੀ ਪਾਣੀਪਤ ਬਾਇਓਰੀਫਾਈਨਰੀ ਸਾਲਾਨਾ ਲਗਭਗ 200,000 ਟਨ ਪਰਾਲੀ ਤੋਂ ਈਥਾਨੌਲ ਪੈਦਾ ਕਰਦੀ ਹੈ। ਜੇਕਰ ਅਜਿਹੇ ਪ੍ਰੋਜੈਕਟ ਹਰ ਜ਼ਿਲ੍ਹੇ ਵਿਚ ਸਥਾਪਿਤ ਕੀਤੇ ਜਾਂਦੇ ਹਨ, ਤਾਂ ਪਰਾਲੀ ਕਿਸਾਨਾਂ ਲਈ ਆਮਦਨ ਦਾ ਸਰੋਤ ਬਣ ਜਾਵੇਗੀ ਅਤੇ ਸਾੜਨ ਦੀ ਜ਼ਰੂਰਤ ਘੱਟ ਜਾਵੇਗੀ। ਸਰਕਾਰ ਨੂੰ ਆਵਾਜਾਈ ਸਹਾਇਤਾ, ਖਰੀਦ ਇਕਰਾਰਨਾਮੇ ਅਤੇ ਟਿਕਾਊ ਬਾਜ਼ਾਰ ਪ੍ਰਦਾਨ ਕਰਨ ਲਈ ਨੀਤੀਆਂ ਵਿਕਸਤ ਕਰਨੀਆਂ ਚਾਹੀਦੀਆਂ ਹਨ।

ਚੌਥਾ ਕਦਮ ਖੇਤੀਬਾੜੀ-ਪਰਿਆਵਰਣ ਸੰਬੰਧੀ ਸਮਾਂ ਹੋਣਾ ਚਾਹੀਦਾ ਹੈ। ਘੱਟ ਸਮੇਂ ਦੀਆਂ ਚੌਲਾਂ ਦੀਆਂ ਕਿਸਮਾਂ, ਜਿਵੇਂ ਕਿ ਪੀ.ਆਰ.-126 ਜਾਂ ਡੀ.ਆਰ.ਆਰ. ਧਨ-44, ਨੂੰ ਅਪਣਾਉਣ ਨਾਲ, ਕਿਸਾਨਾਂ ਨੂੰ ਵਾਢੀ ਅਤੇ ਬਿਜਾਈ ਵਿਚਕਾਰ ਕੁਝ ਵਾਧੂ ਦਿਨ ਮਿਲ ਸਕਦੇ ਹਨ। ਇਸ ਸਮੇਂ ਨੂੰ ਪਰਾਲੀ ਪ੍ਰਬੰਧਨ ਲਈ ਵਰਤਿਆ ਜਾ ਸਕਦਾ ਹੈ।

ਇਸ ਦੇ ਨਾਲ, ਸ਼ੁੱਧਤਾ ਖੇਤੀਬਾੜੀ ਭਾਵ ਸਟੀਕ ਤਕਨੀਕੀ ਸਾਧਨਾਂ ਦੀ ਵਰਤੋਂ, ਪਾਣੀ ਸਿੰਚਾਈ ਪ੍ਰਣਾਲੀ ਵਿਚ ਸੁਧਾਰ ਅਤੇ ਜੈਵਿਕ ਖਾਦਾਂ ਦੀ ਵਰਤੋਂ ਵੀ ਵਾਤਾਵਰਣ ਲਾਭ ਪ੍ਰਦਾਨ ਕਰੇਗੀ।

ਪੰਜਵਾਂ, ਭਾਈਚਾਰਕ ਉਤਸ਼ਾਹ ਅਤੇ ਜਨਤਕ ਜਾਗਰੂਕਤਾ। ਜਿਹੜੇ ਕਿਸਾਨ ਪਰਾਲੀ ਨਹੀਂ ਸਾੜਦੇ, ਉਨ੍ਹਾਂ ਨੂੰ ਵਿੱਤੀ ਪ੍ਰੋਤਸਾਹਨ ਦਿੱਤੇ ਜਾਣੇ ਚਾਹੀਦੇ ਹਨ, ਪਿੰਡ ਪੱਧਰੀ ਮੁਕਾਬਲੇ ਕਰਵਾਏ ਜਾਣੇ ਚਾਹੀਦੇ ਹਨ ਅਤੇ “ਜ਼ੀਰੋ-ਬਰਨ ਪਿੰਡ” ਐਲਾਨੇ ਜਾਣੇ ਚਾਹੀਦੇ ਹਨ। ਦਿੱਲੀ, ਪੰਜਾਬ ਅਤੇ ਹਰਿਆਣਾ ਵਿਚ “ਪੂਸਾ ਡੀਕੰਪੋਜ਼ਰ” ਨਾਮਕ ਜੈਵਿਕ ਘੋਲ ਦੀ ਵਰਤੋਂ ਕਰਕੇ ਖੇਤ ਵਿਚ ਪਰਾਲੀ ਨੂੰ ਖਾਦ ਵਿਚ ਬਦਲਿਆ ਜਾ ਰਿਹਾ ਹੈ। ਜੇਕਰ ਇਸ ਤਕਨਾਲੋਜੀ ਨੂੰ ਵੱਡੇ ਪੱਧਰ ’ਤੇ ਅਪਣਾਇਆ ਜਾਂਦਾ ਹੈ, ਤਾਂ ਪਰਾਲੀ ਸਾੜਨ ਦਾ ਸਿਲਸਿਲਾ ਖਤਮ ਹੋ ਜਾਵੇਗਾ।

ਛੇਵਾਂ, ਪ੍ਰਸ਼ਾਸਕੀ ਤਾਲਮੇਲ ਅਤੇ ਨੀਤੀਗਤ ਤਾਲਮੇਲ। ਕੇਂਦਰ ਅਤੇ ਰਾਜ ਸਰਕਾਰਾਂ ਵਿਚਕਾਰ ਤਾਲਮੇਲ ਹੋਣਾ ਚਾਹੀਦਾ ਹੈ, ਤਾਂ ਜੋ ਖੇਤੀਬਾੜੀ, ਵਾਤਾਵਰਣ ਅਤੇ ਊਰਜਾ ਵਿਭਾਗ ਇੱਕ ਸਾਂਝੀ ਯੋਜਨਾ ਦੇ ਤਹਿਤ ਕੰਮ ਕਰ ਸਕਣ। ਪਰਾਲੀ ਪ੍ਰਬੰਧਨ ਨੂੰ ਪੇਂਡੂ ਰੁਜ਼ਗਾਰ ਯੋਜਨਾਵਾਂ, ਬਾਇਓਐਨਰਜੀ ਮਿਸ਼ਨਾਂ ਅਤੇ ਜਲਵਾਯੂ ਪਰਿਵਰਤਨ ਪ੍ਰੋਗਰਾਮਾਂ ਨਾਲ ਜੋੜਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਪਰਾਲੀ ਇਕੱਠੀ ਕਰਨਾ ਜਾਂ ਬਾਇਓਫਰਟੀਲਾਈਜ਼ਰ ਯੂਨਿਟਾਂ ਵਿਚ ਕੰਮ ਕਰਨਾ ਮਨਰੇਗਾ ਅਧੀਨ ਰੁਜ਼ਗਾਰ ਨਾਲ ਜੋੜਿਆ ਜਾ ਸਕਦਾ ਹੈ।

ਸੱਤਵਾਂ, ਸ਼ਹਿਰੀ-ਪੇਂਡੂ ਭਾਈਵਾਲੀ ਵੀ ਇਸ ਦਿਸ਼ਾ ਵਿਚ ਲਾਭਦਾਇਕ ਹੋਵੇਗੀ। ਦਿੱਲੀ ਵਰਗੇ ਮਹਾਂਨਗਰ, ਜਿੱਥੇ ਪ੍ਰਦੂਸ਼ਣ ਸਭ ਤੋਂ ਵੱਧ ਪ੍ਰਚਲਿਤ ਹੈ, ਨੂੰ ਆਪਣੇ ਸਮਾਜਿਕ ਜ਼ਿੰਮੇਵਾਰੀ ਫੰਡਾਂ ਰਾਹੀਂ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਨਾਲ ਪ੍ਰਦੂਸ਼ਣ ਦੇ ਸਰੋਤ ਅਤੇ ਪ੍ਰਭਾਵਿਤ ਖੇਤਰ ਵਿਚਕਾਰ ਸਾਂਝੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਹੋਵੇਗੀ।

ਇਸ ਤੋਂ ਇਲਾਵਾ, ਤਕਨੀਕੀ ਨਿਗਰਾਨੀ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ। ਸੈਟੇਲਾਈਟ-ਆਧਾਰਿਤ ਡੇਟਾ ਪਰਾਲੀ ਸਾੜਨ ਦੀਆਂ ਘਟਨਾਵਾਂ ਬਾਰੇ ਤੇਜ਼ੀ ਨਾਲ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ, ਜਿਸ ਨਾਲ ਸਥਾਨਕ ਅਧਿਕਾਰੀ ਸਮੇਂ ਸਿਰ ਦਖਲ ਦੇ ਸਕਦੇ ਹਨ। ਹਾਲਾਂਕਿ, ਇਹ ਦਖਲ ਸਹਿਯੋਗੀ ਹੋਣਾ ਚਾਹੀਦਾ ਹੈ, ਸਿਰਫ਼ ਸਜ਼ਾ ਦੇਣ ਵਾਲਾ ਨਹੀਂ।

ਇਨ੍ਹਾਂ ਸਾਰੇ ਉਪਾਵਾਂ ਦਾ ਉਦੇਸ਼ ਕਿਸਾਨਾਂ ਨੂੰ ਸਾਥੀ ਬਣਾਉਣਾ ਹੈ, ਦੋਸ਼ੀ ਨਹੀਂ। ਕਿਸਾਨ ਪਰਾਲੀ ਸਾੜਦੇ ਹਨ ਕਿਉਂਕਿ ਉਨ੍ਹਾਂ ਕੋਲ ਵਿਹਾਰਕ ਵਿਕਲਪਾਂ ਦੀ ਘਾਟ ਹੈ। ਜਦੋਂ ਉਨ੍ਹਾਂ ਨੂੰ ਕਿਫਾਇਤੀ, ਲਾਭਦਾਇਕ ਅਤੇ ਵਾਤਾਵਰਣ ਅਨੁਕੂਲ ਵਿਕਲਪ ਮਿਲਣਗੇ, ਤਾਂ ਉਹ ਹੱਲ ਦਾ ਹਿੱਸਾ ਬਣ ਜਾਣਗੇ।

ਅੰਤ ਵਿਚ, ਇਹ ਸਮਝਣਾ ਪਵੇਗਾ ਕਿ ਪਰਾਲੀ ਸਾੜਨਾ ਨਾ ਸਿਰਫ਼ ਇੱਕ ਵਾਤਾਵਰਣ ਸੰਕਟ ਹੈ, ਸਗੋਂ ਸਮਾਜਿਕ-ਆਰਥਿਕ ਅਸੰਤੁਲਨ ਦਾ ਨਤੀਜਾ ਵੀ ਹੈ। ਇਸ ਨੂੰ ਰੋਕਣ ਲਈ, ਕਿਸਾਨ ਭਲਾਈ, ਨੀਤੀ ਸੁਧਾਰ ਅਤੇ ਤਕਨੀਕੀ ਸਹਾਇਤਾ ਦਾ ਤਾਲਮੇਲ ਜ਼ਰੂਰੀ ਹੈ। ਜੇਕਰ ਪਰਾਲੀ ਦੀ ਵਰਤੋਂ ਊਰਜਾ, ਉਦਯੋਗ ਅਤੇ ਜੈਵਿਕ ਖਾਦ ਲਈ ਕੀਤੀ ਜਾਂਦੀ ਹੈ, ਤਾਂ ਇਹ ਪ੍ਰਦੂਸ਼ਣ ਦੇ ਸਰੋਤ ਦੀ ਬਜਾਏ ਵਿਕਾਸ ਦਾ ਇੱਕ ਸਾਧਨ ਬਣ ਸਕਦੀ ਹੈ। ਪਰਾਲੀ ਸਾੜਨ ਦੀ ਸਮੱਸਿਆ ਦਾ ਹੱਲ ਸਿਰਫ਼ ਪਾਬੰਦੀਆਂ ਅਤੇ ਜੁਰਮਾਨਿਆਂ ਵਿਚ ਹੀ ਨਹੀਂ, ਸਗੋਂ ਸੰਵੇਦਨਸ਼ੀਲ ਨੀਤੀ, ਕਿਸਾਨ ਭਾਗੀਦਾਰੀ ਅਤੇ ਤਕਨੀਕੀ ਨਵੀਨਤਾ ਵਿਚ ਵੀ ਹੈ। ਜਦੋਂ ਫਸਲ ਵਿਭਿੰਨਤਾ, ਮਸ਼ੀਨੀਕਰਨ, ਪਰਾਲੀ ਦੀ ਉਦਯੋਗਿਕ ਵਰਤੋਂ ਅਤੇ ਭਾਈਚਾਰਕ ਪ੍ਰੋਤਸਾਹਨ ਇਕੱਠੇ ਕੰਮ ਕਰਨਗੇ, ਤਾਂ ਹੀ ਸਾਫ਼ ਹਵਾ ਅਤੇ ਸੁਰੱਖਿਅਤ ਖੇਤੀਬਾੜੀ ਦੋਵੇਂ ਸੰਭਵ ਹੋਣਗੇ। ਇਹ ਸੰਤੁਲਨ ਹੀ ਉੱਤਰੀ ਭਾਰਤ ਨੂੰ ਪਰਾਲੀ ਸਾੜਨ ਤੋਂ ਮੁਕਤ ਕਰਨ ਅਤੇ ਟਿਕਾਊ ਖੇਤੀਬਾੜੀ ਵਿਕਾਸ ਵੱਲ ਵਧਣ ਦਾ ਇੱਕੋ ਇੱਕ ਤਰੀਕਾ ਹੈ।



# ਖਾਨਦਾਨੀ ਤੁਕਾਕਾਰ ਦੇ ਕੌਤਕ

## ਆਹ ਵੇਖੋ ਦੀਵਾਲੀ 21 ਤਾਰੀਖ ਦੀ ਹੈ

**ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ, ਡਾ. ਚਰਨ ਸਿੰਘ ਜੀ ਦੀ ਸੁਪਤਨੀ ਅਤੇ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ (ਮਾਤਾ ਉੱਤਮ ਕੌਰ ਜੀ) ਦਾ ਜਨਮ ਸੰਨ 1856 ਈ. 'ਚ ਹੋਇਆ। ਆਪ ਜੀ ਦਾ ਵਿਆਹ ਡਾ. ਚਰਨ ਸਿੰਘ ਨਾਲ ਸੰਨ 1869 ਈ. 'ਚ ਹੋਇਆ। ਆਪ ਜੀ ਨੇਕ ਦਿਲ, ਮਮਤਾ ਦੀ ਮੂਰਤਿ ਅਤੇ ਸੇਵਾ ਭਾਵਨਾ ਰੱਖਣ ਵਾਲੀ ਗੁਰਮੁੱਖ ਸ਼ਖ਼ਸੀਅਤ ਸਨ।**

ਜਗਰੂਪ ਸਿੰਘ ਜਰਖੜ
ਖੇਡ ਲੇਖਕ
+91-98143-00722
ਪੰਜਾਬ ਮੇਲ USA




**ਦੀਵਾਲੀ:** ਇਕ ਪ੍ਰਸਿੱਧ ਤਿਉਹਾਰ, ਜੋ ਕੱਤਕ ਦੀ ਮੱਸਿਆ ਨੂੰ ਲਕਸ਼ਮੀ ਪੂਜਾ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਦੀਵੇ ਬਾਲਣ ਅਤੇ ਮਿੱਠੀਆਂ ਮੱਠੀਆਂ ਵੰਡਣ/ਖਾਣ ਤੋਂ ਆਰੰਭ ਹੋ ਕੇ ਅੱਜ-ਕੱਲ੍ਹ ਮਿਲਾਵਟੀ ਮਿਠਿਆਈ ਦੇ ਲੈਣ-ਦੇਣ, ਇਕ ਰਾਤ ਨੂੰ ਅਰਬਾਂ ਰੁਪਇਆਂ ਨੂੰ ਅੱਗ ਲਾ ਕੇ ਫੂਕਣ ਅਤੇ ਵਾਤਾਵਰਨ ਵਿਚ ਜ਼ਹਿਰੀਲੀਆਂ ਗੈਸਾਂ ਫੈਲਣ ਕਾਰਨ ਸਿਹਤ ਸਮੱਸਿਆ ਦਾ ਮੁੱਖ ਕਾਰਨ ਬਣਾ ਚੁੱਕਾ ਹੈ। ਇਸ ਦੇ ਨਾਲ-ਨਾਲ ਇਹ ਪ੍ਰਦੂਸ਼ਨ ਕਿਸ ਦਿਨ ਫੈਲਾਉਣਾ ਹੈ, ਇਹ ਫੈਸਲਾ ਕਰਨਾ ਵੀ ਵੱਡੀ ਸਮੱਸਿਆ ਬਣਿਆ ਹੋਇਆ ਹੈ। ਜਿਉਂ-ਜਿਉਂ ਪੁਜਾਰੀਆਂ ਦਾ ਪ੍ਰਭਾਵ ਵੱਧਦਾ ਗਿਆ ਤਿਉਂ-ਤਿਉਂ ਦਿਨ ਤਿਉਹਾਰਾਂ ਨੂੰ ਮਨਾਉਣਾ ਵੀ ਗੁੰਝਲਦਾਰ ਹੁੰਦਾ ਗਿਆ। ਜਿਸ ਦੀ ਮਿਸਾਲ ਇਸੇ ਸਾਲ ਵੇਖੀ ਗਈ ਹੈ। ਪਰ ਅਜਿਹਾ ਹਰ ਦੂਜੇ-ਤੀਜੇ ਸਾਲ ਹੁੰਦਾ ਰਹਿੰਦਾ ਹੈ। ਇਸ ਸਾਲ ਇਹ ਮੁੱਦਾ ਵੱਡਾ ਬਨਣ ਦਾ ਕਾਰਨ ਵਿਦਵਾਨਾਂ ਦਾ ਦੋ ਭਾਗਾਂ ਵਿਚ ਵੰਡਿਆ ਜਾਣਾ।

ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਮਨਾਈ ਜਾਂਦੀ ਦੀਵਾਲੀ ਦਾ ਸੰਬੰਧ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ, ਜਹਾਂਗੀਰ ਦੀ ਕੈਦ ਵਿਚੋਂ 52 ਪਹਾੜੀ ਰਾਜਿਆਂ ਨੂੰ ਆਜ਼ਾਦ ਕਰਵਾਉਣ ਪਿੱਛੋਂ ਦਰਬਾਰ ਸਾਹਿਬ ਪੁੱਜਣ ਨਾਲ ਜੋੜਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜਿਸ ਦਿਨ ਗੁਰੂ ਸਾਹਿਬ ਜੀ ਅੰਮ੍ਰਿਤਸਰ ਸਾਹਿਬ ਪੁੱਜੇ ਸਨ, ਉਸ ਦਿਨ ਬਾਬਾ ਬੁੱਢਾ ਜੀ ਦੀ ਅਗਵਾਈ ਵਿਚ ਸਿੱਖ ਸੰਗਤਾਂ ਨੇ ਦਰਬਾਰ ਸਾਹਿਬ, ਸਰੋਵਰ ਦੇ ਚਾਰ-ਚੁਫ਼ੇਰੇ ਅਤੇ ਆਪਣੇ ਘਰਾਂ ਵਿਚ ਘਿਓ ਦੇ ਦੀਵੇ ਬਾਲ ਕੇ ਗੁਰੂ ਜੀ ਦੇ ਆਉਣ ਦੀ ਖੁਸ਼ੀ ਮਨਾਈ ਸੀ। ਉਦੋਂ ਤੋਂ ਹੀ ਸਿੱਖਾਂ ਵਿਚ ਵੀ ਇਹ ਤਿਉਹਾਰ ਹਰਮਨ ਪਿਆਰਾ ਹੋ ਗਿਆ। ਭਾਵੇਂ ਇਸ ਗੱਲ ਬਾਰੇ ਕਾਫੀ ਮੱਤਭੇਦ ਹਨ ਕਿ ਗੁਰੂ ਸਾਹਿਬ ਜੀ ਕਿਸ ਦਿਨ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਆਏ ਸਨ ਅਤੇ ਕਿਸ ਦਿਨ ਦਰਬਾਰ ਸਾਹਿਬ ਪਹੁੰਚੇ ਸਨ? ਪਰ ਹੁਣ ਉਸ ਦਿਹਾੜੇ ਨੂੰ ਬੰਦੀ ਛੋੜ ਦਾ ਨਾਮ ਦੇ ਕੇ ਦੀਵਾਲੀ ਨਾਲ ਨੱਥੀ ਕਰ ਦਿੱਤਾ ਗਿਆ ਹੈ।

ਦੀਵਾਲੀ ਕਦੋਂ ਮਨਾਉਣੀ ਹੈ? ਇਸ ਸਾਲ ਇਹ ਸਵਾਲ ਬਹੁਤ ਵੱਡਾ ਮੁੱਦਾ ਬਣ ਗਿਆ ਸੀ। ਇਕ ਧਿਰ ਦਾ ਮੰਨਣਾ ਦੀ ਕਿ ਲੱਛਮੀ ਪੂਜਾ, 20 ਅਕਤੂਬਰ ਦਿਨ ਸੋਮਵਾਰ, ਕੱਤਕ ਦੀ ਚੌਦਸ ਨੂੰ ਕੀਤੀ ਜਾਵੇ ਅਤੇ ਦੂਜੀ ਧਿਰ ਦਾ ਮੰਨਣਾ ਸੀ ਕਿ ਇਹ ਪੂਜਾ, ਮਸਿੱਆ ਵਾਲੇ ਦਿਨ ਭਾਵ 21 ਅਕਤੂਬਰ ਦਿਨ ਮੰਗਲਵਾਰ ਨੂੰ ਕੀਤੀ ਜਾਵੇ। 'ਰਾਸ਼ਟਰੀਆਂ ਪੰਚਾਂਗ' ਮੁਤਾਬਕ ਸਰਕਾਰੀ ਛੁੱਟੀ 20 ਅਕਤੂਬਰ ਨੂੰ ਸੀ। ਕੁਝ ਧਾਰਮਿਕ ਮੁੱਖੀਆਂ ਵੱਲੋਂ 21 ਅਕਤੂਬਰ ਨੂੰ ਮਨਾਉਣ ਦੀ ਹਦਾਇਤ ਕੀਤੀ ਗਈ ਸੀ। ਇਸੇ ਉਥਲ-ਪੁਥਲ ਵਿਚ ਗਿਆਨੀ ਰਘਬੀਰ ਸਿੰਘ ਜੀ ਨੂੰ ਵੀ ਵਗਦੀ ਗੰਗਾ ਵਿਚ ਹੱਥ ਧੋਣ ਦਾ ਮੌਕਾ ਮਿਲ ਗਿਆ।

ਦੀਵਾਲੀ, ਕੱਤਕ ਦੀ ਮੱਸਿਆ ਨੂੰ ਮਨਾਈ ਜਾਂਦੀ ਹੈ। ਇਸ ਸਾਲ ਕੱਤਕ ਦੀ ਮੱਸਿਆ ਦਾ ਆਰੰਭ 20 ਅਕਤੂਬਰ ਦਿਨ ਸੋਮਵਾਰ ਨੂੰ 15:45 'ਤੇ ਹੋਇਆ ਸੀ। 21 ਅਕਤੂਬਰ ਸਵੇਰੇ ਸੂਰਜ ਚੜ੍ਹਨ ਵੇਲੇ ਮੱਸਿਆ ਦੀ ਤਿੱਥ ਹੋਣ ਕਾਰਨ, ਮੱਸਿਆ ਮੰਗਲਵਾਰ ਦੀ ਬਣਦੀ ਸੀ। ਮੱਸਿਆ ਦੇ ਹਿਸਾਬ ਨਾਲ ਤਾਂ ਦੀਵਾਲੀ ਮੰਗਲਵਾਰ ਨੂੰ ਹੋਣੀ ਚਾਹੀਦੀ ਸੀ। ਪਰ ਇਹ ਤਿੱਥ ਮੰਗਲਵਾਰ 17:55 'ਤੇ ਖਤਮ ਹੋ ਗਈ ਸੀ ਅਤੇ ਚੇਤ ਸੁਦੀ ਏਕਮ ਆਰੰਭ ਹੋ ਗਈ ਸੀ। ਲੱਛਮੀ ਪੂਜਾ ਦਾ ਸ਼ੁੱਭ ਸਮਾਂ 19:38 ਤੋਂ 20:37 (ਦਿੱਲੀ), 19:06 ਤੋਂ 20:19 (ਚੰਡੀਗੜ੍ਹ) ਹੋਣ ਕਾਰਨ ਦੀਵਾਲੀ 20 ਅਕਤੂਬਰ ਦੀ ਬਣਦੀ ਸੀ। ਕਿਉਂਕਿ ਲੱਛਮੀ ਪੂਜਾ ਦੇ ਸਮੇਂ ਮੱਸਿਆ ਦੀ ਤਿੱਥ ਦਾ ਹੋਣਾ ਜ਼ਰੂਰੀ ਹੁੰਦਾ ਹੈ।

ਹੁਣ ਦੀਵਾਲੀ 21 ਅਕਤੂਬਰ ਦੀ




ਕਿਵੇਂ ਸੀ? ਇਹ ਤਾਂ ਹੋ ਨਹੀਂ ਸਕਦਾ ਕਿ ਜਿਹੜੇ ਨੁਕਤੇ ਦੀ ਸਾਡੇ ਵਰਗਿਆਂ ਨੂੰ ਸਮਝ ਹੋਵੇ, ਉਸ ਬਾਰੇ ਵਿਦਵਾਨਾਂ ਨੂੰ ਨਹੀਂ ਪਤਾ ਹੋਵੇਗਾ। ਇਸ ਦੀ ਪੈੜ 'ਸ਼੍ਰੀ ਮਾਰਤੰਡ ਪੰਚਾਗ' ਵਿਚ ਮਿਲੀ ਹੈ। 'ਸ਼੍ਰੀ ਮਾਰਤੰਡ ਪੰਚਾਗ' ਮੁਤਾਬਕ ਮੱਸਿਆ ਦੀ ਤਿੱਥ ਤਾਂ 21 ਅਕਤੂਬਰ ਨੂੰ 28:24 (ਘ: ਪ:) 17:52 (ਘ: ਮ:) 'ਤੇ ਹੀ ਖਤਮ ਹੋ ਗਈ ਸੀ, ਪਰ ਪ੍ਰਦੋਸ਼ ਕਾਲ ਕਾਰਨ ਦੀਵਾਲੀ 21 ਅਕਤੂਬਰ ਨੂੰ ਮਨਾਉਣੀ ਜ਼ਿਆਦਾ ਸਹੀ ਹੈ।

"ਜੇਕਰ ਪ੍ਰਦੋਸ਼ ਵਿਚ ਦੋਵਾਂ ਦਿਨਾਂ ਵਿਚ ਅਮਾਵੱਸਿਆ ਦਾ ਪ੍ਰਚਲਨ ਜਾਂ ਗੈਰਹਾਜ਼ਰੀ ਹੈ, ਤਾਂ ਦੀਵਾਲੀ ਸਿਰਫ਼ ਦੂਜੇ ਦਿਨ ਹੀ ਮਨਾਈ ਜਾਣੀ ਚਾਹੀਦੀ ਹੈ - ਇਹ ਵਿਦਵਾਨਾਂ ਦਾ ਅੰਤਿਮ ਫੈਸਲਾ ਹੈ।" (ਸ਼੍ਰੀ ਮਾਰਤੰਡ ਪੰਚਾਗ)

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪ੍ਰਦੋਸ਼ ਕਾਲ (ਦਿਨ ਅਤੇ ਰਾਤ ਦੇ ਦਰਮਿਆਨ ਦਾ ਸਮਾਂ, ਸੰਧੀ, ਤਰਕਾਲਾ) ਤਾਂ ਦੋਵੇਂ ਦਿਨ ਹੀ ਸੀ। ਫੇਰ 20 ਤਾਰੀਖ ਨੂੰ ਛੱਡ ਕਿ 21 ਤਾਰੀਖ ਹੀ ਕਿਉਂ? 20 ਅਕਤੂਬਰ ਨੂੰ ਮੱਸਿਆ ਅਤੇ ਪ੍ਰਦੋਸ਼ਕਾਲ ਦੋਵੇਂ ਸਨ। 21 ਅਕਤੂਬਰ ਨੂੰ ਸਿਰਫ ਪ੍ਰਦੋਸ਼ਕਾਲ ਸੀ।

ਦੂਜੇ ਪਾਸੇ ਕਾਸ਼ੀ ਦੇ ਵਿਦਵਾਨਾਂ ਨੇ 4 ਅਕਤੂਬਰ ਨੂੰ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਦੀਵਾਲੀ 20 ਅਕਤੂਬਰ ਨੂੰ ਹੀ ਮਨਾਈ ਜਾਵੇਗੀ। "ਇਸ ਲਈ, ਸਨਾਤਨ ਧਰਮ ਦੇ ਸਾਰੇ ਪੈਰੋਕਾਰਾਂ ਸਮੇਤ ਵਿਦਵਾਨਾਂ ਨੂੰ, ਧਰਮ ਗ੍ਰੰਥਾਂ ਦੀ ਪਾਲਣਾ ਕਰਦੇ ਹੋਏ, 20 ਅਕਤੂਬਰ 2025 ਨੂੰ ਦੇਸ਼ ਭਰ ਵਿਚ ਇਸ ਤਿਉਹਾਰ ਨੂੰ ਸਰਬਸੰਮਤੀ ਨਾਲ ਅਤੇ ਇੱਕੋ ਸਮੇਂ ਮਨਾਉਣਾ ਚਾਹੀਦਾ ਹੈ"। (ਪੱਤਰ ਨੰ: 285/11, 4 ਅਕਤੂਬਰ 2025)

ਖਾਨਦਾਨੀ ਤੁਕਾਕਾਰ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਦੀ ਕਿਤਾਬ, "ਗੁਰਪੁਰਬ ਦਰਪਣ" ਵਿਖਾ ਕੇ ਪੱਤਰਕਾਰਾਂ ਦੱਸਦਾ ਹੈ ਕਿ ਆਹ ਵੇਖੋ ਦੀਵਾਲੀ 21 ਤਾਰੀਖ ਦੀ ਦਰਜ ਹੈ। ਮੈਂ ਪੂਰੀ ਜ਼ਿੰਮੇਵਾਰੀ ਨਾਲ ਲਿਖ ਰਿਹਾ ਹਾਂ ਕਿ ਕਰਨਲ ਨਿਸ਼ਾਨ ਨੇ ਉਪਰੋਕਤ ਵਰਨਣ ਪ੍ਰਦੋਸ਼ ਕਾਲ ਕਾਰਨ ਦੀਵਾਲੀ 21 ਅਕਤੂਬਰ ਦੀ ਨਹੀਂ ਲਿਖੀ। ਉਸ ਨੇ ਤਾਂ ਮੱਸਿਆ ਦੀ ਤਾਰੀਖ ਲਿਖੀ ਹੈ। ਤੁਕਾਕਾਰ ਕਹਿੰਦਾ ਕਿ ਵੇਖੋ ਇਸ ਕਿਤਾਬ ਵਿਚ 20 ਸਾਲ ਦੀਆਂ ਤਾਰੀਕਾਂ ਦਰਜ ਹਨ। ਜਦੋਂਕਿ ਕਿਤਾਬ ਵਿਚ 2015 ਈ: ਤੋਂ 2100 ਈ: ਤੱਕ ਦੀਆਂ ਤਾਰੀਕਾਂ ਦਰਜ ਹਨ। (ਪੰਨਾ 79) ਇਹ ਹੈ ਪੰਜਾਬ ਐਂਡ ਸਿੰਧ ਬੈਂਕ ਦੇ ਸਾਬਕਾ ਮੁਸੱਦੀ ਦਾ ਹਿਸਾਬ-ਕਿਤਾਬ!

**ਗਾਥਾ ਡਾਲਰ 5 ਲੱਖ ਦੀ:-** 15 ਜੁਲਾਈ 2017 ਈ: ਨੂੰ ਸਿਆਟਲ ਵਿਖੇ ਹੋਏ ਸੈਮੀਨਾਰ ਵਿਚ, ਮੈਂ ਕਰਨਲ ਨਿਸ਼ਾਨ ਦੀ ਕਿਤਾਬ "ਗੁਰਪੁਰਬ ਦਰਪਣ" ਦੀ ਪਰਖ-ਪੜਚੋਲ ਕਰਦਿਆ, ਉਨ੍ਹਾਂ ਵੱਲੋਂ ਨਾਨਕਸ਼ਾਹੀ ਕੈਲੰਡਰ ਦੀ ਇਕ ਤਾਰੀਖ ਸਹੀ ਸਾਬਿਤ ਕਰਨ 'ਤੇ ਰੱਖੇ ਇਕ ਲੱਖ ਰੁਪਏ ਦੇ ਇਨਾਮ ਬਾਰੇ ਕਿਹਾ ਸੀ ਕਿ ਖਾਲਸਾ ਪੰਥ ਸਾਜਣ ਦਾ ਪ੍ਰਵਿਸ਼ਟਾ (ਤਾਰੀਖ) ਸੰਮਤ 1756 ਬਿਕ੍ਰਮੀ ਵਿਚ 1 ਵੈਸਾਖ ਸੀ, ਅੱਜ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਵਿਚ ਵੀ 1 ਵੈਸਾਖ ਹੈ ਅਤੇ ਨਾਨਕਸ਼ਾਹੀ ਕੈਲੰਡਰ ਵਿਚ ਵੀ 1 ਵੈਸਾਖ ਹੈ। ਇਸ ਲਈ ਮੈਂ ਇਕ ਲੱਖ ਰੁਪਏ ਦੇ ਇਨਾਮ ਦਾ ਹੱਕਦਾਰ ਹਾਂ। ਸ: ਪਾਲ ਸਿੰਘ ਪੁਰੇਵਾਲ ਜੀ ਨੇ ਕਿਹਾ, ਕਿ ਜੇ ਕਰਨਲ ਨਿਸ਼ਾਨ ਆਪਣੀ ਕਿਤਾਬ ਵਿਚ ਦਿੱਤੀਆਂ ਦੀਵਾਲੀ ਦੀਆਂ 100% ਤਾਰੀਖਾਂ ਸਹੀ ਸਾਬਿਤ ਕਰ ਦੇਵੇ, ਤਾਂ ਮੇਰੇ ਵੱਲੋਂ 5 ਲੱਖ ਰੁਪਏ ਦਾ ਇਨਾਮ, 90% ਸਹੀ ਸਾਹਿਬ ਕਰਨ 'ਤੇ 4 ਲੱਖ, 80% ਤੇ 3 ਲੱਖ, 70% 'ਤੇ ਦੋ ਲੱਖ ਅਤੇ 60 % ਤਾਰੀਖਾਂ ਸਹੀ ਸਾਬਿਤ ਕਰਨ 'ਤੇ ਇਕ ਲੱਖ ਰੁਪਏ ਇਨਾਮ ਦਿੱਤਾ ਜਾਵੇਗਾ। ਪ੍ਰਬੰਧਕਾਂ ਨੇ ਜੋਸ਼ ਵਿਚ ਆ ਕੇ 5 ਲੱਖ ਰੁਪਏ ਨੂੰ 5 ਲੱਖ ਡਾਲਰ ਵਿਚ ਬਦਲ ਦਿੱਤਾ। ਸਮਾਗਮ ਦੀ ਸਮਾਪਤੀ ਤੋਂ ਪਿੱਛੋਂ ਹੋਈ ਵਿਚਾਰ-ਚਰਚਾ ਵਿਚ ਇਹ ਪੇਸ਼ਕਸ਼ 90 ਦਿਨਾਂ ਲਈ ਖੁੱਲ੍ਹੀ ਰੱਖੀ ਗਈ ਸੀ। ਜਿਸ ਬਾਰੇ ਮੈਂ ਕਰਨਲ ਨਿਸ਼ਾਨ ਨੂੰ ਈ ਮੇਲ ਰਾਹੀ ਸੂਚਨਾ ਦਿੱਤੀ ਸੀ ਕਿ ਅਜੇ ਵੀ ਤੁਹਾਡੇ ਪਾਸ 10 ਦਿਨ ਬਾਕੀ ਹਨ, ਜੇ ਚਾਹੋਂ ਤਾਂ ਕਿਸਮਤ ਅਜਮਾ ਸਕਦੇ ਹੋ। ਪਰ ਕਰਨਲ ਸਾਬ ਨੇ ਕੋਈ ਹੁੰਗਾਰਾ ਨਹੀਂ ਸੀ ਭਰਿਆ। ਦੂਜੇ ਪਾਸੇ ਖਾਨਦਾਨੀ ਤੁਕਾਕਾਰ ਪਿਛਲੇ 8 ਸਾਲਾਂ ਤੋਂ 5 ਲੱਖ ਡਾਲਰ ਦਾ ਛੁਨਛਨਾ ਬਜਾਈ ਜਾ ਰਿਹਾ ਹੈ।

ਖਾਨਦਾਨੀ ਤੁਕਾਕਾਰ ਜੀ, ਜਿਹੜੀਆਂ ਕਿਤਾਬਾਂ ਕੈਮਰਿਆਂ ਦੇ ਸਾਹਮਣੇ ਵਿਖਾ ਕੇ ਇਤਿਹਾਸਕਾਰ ਹੋਣ ਦਾ ਭਰਮ ਪਾਲ੍ਹੀ ਬੈਠੇ ਹੋ, ਉਨ੍ਹਾਂ ਨੂੰ ਕਦੇ-ਕਦਾਈ ਫੋਲ ਵੀ ਲਿਆ ਕਰੋ। 8 ਸਾਲ ਹੋ ਗਏ ਹਨ ਇਹ ਐਲਾਨ ਕੀਤੇ ਨੂੰ ਕਿ ਕਰਨਲ ਨਿਸ਼ਾਨ ਵੱਲੋਂ ਦਰਜ ਕੀਤੀਆਂ ਦੀਵਾਲੀ ਦੀਆਂ ਤਾਰੀਖਾਂ 40% ਤੋਂ ਵੱਧ (ਅਸਲ ਵਿਚ 50%) ਗਲਤ ਹਨ। ਤੁਸੀਂ ਇਸ ਸਾਲ ਦੀ ਤਾਰੀਖ ਵਿਖਾ ਕੇ ਹੀ ਖੁਸ਼ ਹੋ ਰਹੇ ਹੋ। ਚਲੋ, ਮੰਨਿਆ ਕਿ ਆਉਂਣ ਵਾਲੇ ਸਾਲਾਂ ਦੀਆਂ ਤਾਰੀਖਾਂ ਦੀ ਪੜਤਾਲ ਕਰਨੀ, ਤੁਹਾਡੇ ਵੱਸ ਦਾ ਰੋਗ ਨਹੀਂ ਹੈ। ਘੱਟੋ-ਘੱਟ ਪਿਛਲੇ ਦਹਾਕੇ ਦੀਆਂ ਤਾਰੀਖਾਂ ਦੀ ਪੜਤਾਲ ਤਾਂ ਧੁਮੱਕਸ਼ਾਹੀ ਕੈਲੰਡਰ ਨਾਲ ਕਰ ਲੈਂਦੇ। ਤੁਕਾਕਾਰ ਜੀ, 2019 ਈ:, 20, 22, 23 ਅਤੇ 2025 ਈ: ਦੀਆਂ ਤਾਰੀਖਾਂ ਗਲਤ ਸਾਬਿਤ ਹੋ ਚੁੱਕੀਆਂ ਹਨ। ਅਗਲੇ ਸਾਲ (2026 ਈ:) ਦੀ ਤਾਰੀਖ ਵੀ ਗਲਤ ਸਾਬਿਤ ਹੋਵੇਗੀ।

ਤੁਕਾਕਾਰ ਨੇ ਇਕ ਕਿਤਾਬ **'The Hindu Religious Year' (M.M.Underhill)** ਵਿਖਾ ਕੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਰੇਵਾਲ ਦਾ ਆਹ ਕੈਲੰਡਰ ਹੈ। ਭਾਰਤ ਸਰਕਾਰ ਦੇ ਸਾਕਾ ਕੈਲੰਡਰ ਨੂੰ ਨਾਨਕਸ਼ਾਹੀ ਕੈਲੰਡਰ ਦਾ ਨਾਮ ਦੇ ਕੇ ਸਿੱਖਾਂ ਵਿਚ ਵੰਡੀਆਂ ਪਾ ਦਿੱਤੀਆਂ। ਭਾਰਤ ਸਰਕਾਰ ਦੇ ਸਾਕਾ ਕੈਲੰਡਰ ਦੀ ਤਾਰੀਖ 22 ਮਾਰਚ 1957 ਦੱਸ ਰਿਹਾ ਹੈ, ਜਿਹੜੀ ਕਿਤਾਬ ਵਿਚ ਹੈ ਉਹ ਮਾਰਚ 1921 ਵਿਚ ਛਪੀ ਸੀ। ਜੇ ਕੋਈ ਇਸ ਕਿਤਾਬ ਦੇ ਤਤਕਰੇ ਉਪਰ ਵੀ ਪੰਛੀ ਝਾਤ ਮਾਰ ਲਵੇ, ਤਾਂ ਵੀ ਉਸ ਨੂੰ ਏਨੀ ਕੁ ਜਾਣਕਾਰੀ ਤਾਂ ਮਿਲ ਹੀ ਜਾਵੇਗੀ ਕਿ ਇਹ ਕਿਤਾਬ ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਦੀ ਗੱਲ ਕਰਦੀ ਹੈ। ਤੁਕਾਰਾਕ ਨੂੰ ਨਾ ਤਾਂ ਸਾਕਾ ਕੈਲੰਡਰ ਦੀ ਜਾਣਕਾਰੀ ਹੈ, ਨਾ ਹੀ ਨਾਨਕਸ਼ਾਹੀ ਕੈਲੰਡਰ ਦੀ। ਮੈਂ ਕਈ ਸਾਲ ਪਹਿਲਾ ਵੀ ਲਿਖਿਆ ਸੀ, ਅੱਜ ਫੇਰ ਲਿਖ ਰਿਹਾ ਹਾਂ ਕਿ ਸਾਕਾ ਕੈਲੰਡਰ ਭੇਜੋ, ਤਾਂ ਜੋ ਤੂਹਾਨੂੰ ਦੋਵਾਂ ਕੈਲੰਡਰਾਂ (ਸਾਕਾ ਅਤੇ ਨਾਨਕਸ਼ਾਹੀ) ਵਿਚਲਾ ਫਰਕ ਸਮਝਾਇਆ ਜਾ ਸਕੇ।

ਤੁਕਾਕਾਰ ਜੀ, ਤੁਸੀ ਬੀ.ਵੀ. ਰਮਨ ਦੀ ਕਿਤਾਬ **'Notable-horoscopes'**-ਦੇ ਹਵਾਲੇ ਨਾਲ ਕਿਹਾ ਸੀ ਕਿ ਉਸ ਨੇ ਕ੍ਰਿਸ਼ਨ ਜੀ ਤੋਂ ਲੈ ਕੇ ਬਹੁਤ ਸਾਰਿਆਂ ਦੀਆਂ ਜਨਮ ਤਾਰੀਖਾਂ ਕੱਢੀਆਂ ਹਨ। ਇਹ ਠੀਕ ਹੈ ਕਿ ਉਸ ਨੇ 78 ਟੇਵਿਆਂ ਦੀ ਪੜਤਾਲ ਕੀਤੀ ਹੈ। ਸ਼੍ਰੀ ਕ੍ਰਿਸ਼ਨ ਜੀ ਦੀ ਗੱਲ ਤਾਂ ਛੱਡੋ, ਘੱਟੋ-ਘੱਟ ਗੁਰੂ ਨਾਨਕ ਜੀ ਦਾ ਟੇਵਾ ਤਾਂ ਵੇਖ ਲੈਂਦੇ। ਪਾਠਕਾਂ ਦੀ ਜਾਣਕਾਰੀ ਲਈ ਬੇਨਤੀ ਹੈ ਕਿ ਗੁਰੂ ਨਾਨਕ ਜੀ ਦੀ ਜਨਮ ਤਾਰੀਖ 8 ਨਵੰਬਰ 1470 ਈ: (ਓ.ਐੱਸ.) ਲਿਖੀ ਹੋਈ ਹੈ। (ਪੰਨਾ 74) ਜਦੋਂ ਕਿ ਬਾਲੇ ਦੇ ਬਗਲ-ਬੱਚੇ 20 ਅਕਤੂਬਰ 1469 ਈ: ਮੰਨਦੇ ਹਨ।

ਖਾਨਦਾਨੀ ਤੁਕਾਕਾਰ ਜੀ, ਕੀ ਤੁਸੀਂ ਬੀ.ਵੀ. ਰਮਨ ਦੀ ਕਿਤਾਬ 'Notable-horoscopes' ਦਰਜ ਗੁਰੂ ਨਾਨਕ ਜੀ ਦੀ ਜਨਮ ਤਾਰੀਖ, 8 ਨਵੰਬਰ 1470 ਈ: (OS) ਨਾਲ ਸਹਿਮਤ ਹੋ?

# ਮੁਰਦਾ ਜ਼ਮੀਰਾਂ ਵਾਲ਼ੇ

ਚਲੋ ਰਲ਼ ਕੇ ਭੋਗ ਪਾਈਏ, ਮਰ ਚੁੱਕੀਆਂ ਜ਼ਮੀਰਾਂ ਦਾ,
ਜਿਉਂਦੇ ਜਾਗਦੇ ਬੰਦੇ ਪਰ, ਟੁੱਟ ਚੁੱਕੀਆਂ ਤਾਮੀਰਾਂ ਦਾ।
ਕਈ ਤਾਂ ਸੀ ਦਿਸਦੇ ਚੰਗੇ, ਪਰ ਵਿੱਕੇ ਨੇ ਮਿੰਟੋਂ ਮਿੰਟੀਂ,
ਕੁੱਝ ਸੁੱਟਕੇ ਕੌਡਾਂ ਭਰਮਾਏ, ਕੁੱਝ ਕੁਰਸੀਆਂ ਕੀਤੇ ਸੈਂਟੀ। *

ਕੁੱਝ ਕੁੰਡੀ ਲਾਈ ਧਰਮਾਂ ਨੇ, ਕੁੱਝ ਕੁ ਧੌਂਸਾਂ ਦੇਹ ਡਰਾਏ,
ਜਾਤ-ਪਾਤ, ਊਚ-ਨੀਚ ਨੇ, ਸਿਉਂਕ ਵਾਂਗਰਾਂ ਪੋਲੇ ਪਾਏ।
ਕੁੱਝ ਵਿੱਕਦੇ ਬੋਤਲ ਬਦਲੇ, ਇੱਕ ਰਾਤ ਰਾਜੇ ਅਖਵਾਕੇ,
ਕੁੱਝ ਤੰਗੀ ਤੁਰਸ਼ੀ ਦੇ ਮਾਰੇ, ਬਹਿ ਜਾਂਦੇ ਢੂਹੀ ਮਰਵਾਕੇ।

ਮਜ਼੍ਹਬਾਂ ਦੇ ਨਾਂ ਵਿਕਦੇ ਡੇਰੇ, ਮਾਲ ਸਾਂਭਦੇ ਸੰਤ ਤੇ ਚੇਲੇ,
ਰੋਜ਼ ਨਵੇਂ ਢਕਵੰਜ ਸਜਾ ਕੇ, ਭਾਂਤ ਭਾਂਤ ਦੇ ਲੱਗਦੇ ਮੇਲੇ।
ਰਾਜਸੀ ਸੂਝ ਬੂਝ ਨ ਕੋਈ, ਹੈ ਸੰਗ ਨੇਤਾਵਾਂ ਭਿਆਲ਼ੀ,
ਬਣਾ ਕੇ ਉੱਲੂ ਮੌਜਾਂ ਲੁੱਟਦੇ, ਦਿਖਾ ਕੇ ਸੁਫ਼ਨੇ ਖਿਆਲੀ।

ਪੰਜ ਸਾਲ ਦੇ ਰਾਜੇ ਬਣਦੇ, ਸੰਸਦ ਪੰਜ ਸੌ ਤਿਰਤਾਲੀ,
ਜੰਤਾ ਨੂੰ ਨਹੀਂ ਜਵਾਬਦੇਹੀ, ਹੋਰ ਰਲੇ ਦੋ ਸੌ ਪੰਜਤਾਲੀ।
ਇਸੇ ਭੀੜ ਵਿਚ ਸ਼ਾਮਲ ਨੇ, ਸਾਰਾ ਅਮਲਾ ਸਰਕਾਰੀ,
ਨੇਤਾ ਦੀ ਘੁਰਕੀ ਤੋਂ ਡਰਕੇ, ਜੰਤਾ ਦੀ ਰੱਖੇ ਮੱਤ ਮਾਰੀ।

ਐੱਮ.ਐੱਲ.ਏ., ਐੱਮ.ਪੀ.'ਚ, ਹੈ ਬਹੁਤਾ ਫਰਕ ਨਾ ਕੋਈ,
ਜ਼ਿਆਦਾ ਹੁੰਦੇ ਘੁੱਗੂ ਵਾਟੇ, ਆਕਾ ਜੋ ਕਹੇ ਕਰਦੇ ਸੋਈ।
ਮਾਰ ਮਹਿੰਗਾਈ ਦੀ ਐਸੀ, ਹਾਏ ਤੌਬਾ ਮਚੀ ਹੈ ਚੁਫ਼ੇਰੇ,
ਪਰ ਬੀਬੇ ਰਾਣੇ ਚੁੱਪ ਬੈਠੇ, ਨਾ ਸ਼ਰਮ ਹਯਾ ਹੈ ਨੇੜੇ।

ਚੋਰ ਬਜ਼ਾਰੀ ਭ੍ਰਿਸ਼ਟਾਚਾਰੀ, ਫੈਲੀ ਪਈ ਕੁੱਲ ਆਲਮ,
ਇੱਕ ਪਾਸੇ ਹੈ ਬੇਰੁਜ਼ਗਾਰੀ, ਉੱਤੋਂ ਪ੍ਰਸ਼ਾਸਨ ਹੈ ਜ਼ਾਲਮ।
ਝੂਠੇ ਕੇਸ ਮਦਦਗਾਰਾਂ 'ਤੇ, ਸੁਣਿਐ ਵਤਨੀ ਅੱਜ ਹੁੰਦੇ,
ਬੋਲਣ 'ਤੇ ਪਾਬੰਦੀ ਲੱਗੀ, ਦੇਖ ਕੇ ਵੀ ਚੁੱਪ ਸਭ ਹੁੰਦੇ।

ਸੇਵਾ ਸਿੰਘ "ਨੂਰਪੁਰੀ"
ਪੰਜਾਬ ਮੇਲ USA



# ਨਫ਼ਰਤਾਂ ਦੇ ਕੰਡੇ

ਸਿਰ ਉੱਤੇ ਚੁੰਨੀ, ਦਸਤਾਰ ਕਾਹਤੋਂ ਚੁੱਭਦੇ
ਵੈਰੀਆਂ ਨੂੰ ਪਹਿਨਿਓ, ਕਕਾਰ ਕਾਹਤੋਂ ਚੁੱਭਦੇ

ਝੂਠਿਆਂ ਦੇ ਸਿਰਾਂ ਨੂੰ, ਸਲਾਮਾਂ ਨਿੱਤ ਹੁੰਦੀਆਂ
ਖਾਲਸੇ ਦੇ ਸੱਚੇ, ਕਿਰਦਾਰ ਕਾਹਤੋਂ ਚੁੱਭਦੇ

ਕੀਤੇ ਆ ਰਿਕਾਡ ਪੈਦਾ, ਹਿੱਕਾਂ ਦਿਆਂ ਜੋਰਾਂ 'ਤੇ
ਮਿਹਨਤਾਂ ਮਸ਼ੱਕਤਾਂ, ਮਿਆਰ, ਕਾਹਤੋਂ ਚੁੱਭਦੇ

ਚਿਹਰਿਆਂ 'ਤੇ ਖਿੜਿਓ ਜਲਾਲ, ਜ਼ਰ ਹੁੰਦੇ ਨਾ
ਖਾਲਸਾਈ ਚੜ੍ਹਤਾਂ, ਦੀਦਾਰ ਕਾਹਤੋਂ ਚੁੱਭਦੇ

ਪਿੰਡਾਂ 'ਚੋਂ ਭਜਾਏ ਪਹਿਲਾਂ, ਅੱਤਵਾਦੀ ਆਖ ਕੇ
ਹੁਣ, ਵੱਸਦੇ ਸਮੁੰਦਰਾਂ ਤੋਂ, ਪਾਰ ਕਾਹਤੋਂ ਚੁੱਭਦੇ

ਧੱਕੇਸ਼ਾਹੀਆਂ ਠੋਕਰਾਂ ਤੇ, ਵੈਰਾਂ ਦੇ ਲਤਾੜਿਓ
ਡਿੱਗ ਡਿੱਗ ਹੋਏ ਪੱਬਾਂ, ਭਾਰ ਕਾਹਤੋਂ ਚੁੱਭਦੇ

ਜਿਨ੍ਹਾਂ ਨੇ ਬਚਾਏ ਜੰਞੂ, ਧੋਤੀਆਂ ਤੇ ਟੋਪੀਆਂ
ਓਹੀ ਮੁੱਛ ਦਾਹੜੀ, ਦਸਤਾਰ ਕਾਹਤੋਂ ਚੁੱਭਦੇ

ਹਾਰਲੀ ਬੁਲਟ ਉੱਤੇ, ਨੀਲਾ ਚੋਲਾ ਖਿੰਡਦਾ
ਘੋੜਿਆਂ ਤੇ ਸਜਿਓ ਸਵਾਰ, ਕਾਹਤੋਂ ਚੁੱਭਦੇ

ਕੁੜਤੇ ਪਜਾਮੇ ਚਿੱਟੇ, ਜੁੱਤੀ ਪਾਈ ਕੱਢਵੀਂ
ਸਿੰਘ ਹੋ ਕੇ ਨਿਕਲੇ, ਤਿਆਰ ਕਾਹਤੋਂ ਚੁੱਭਦੇ

ਵੱਖਰੀ ਡਰੈੱਸ ਪਾ ਕੇ, ਨਿੱਕਲੇ ਸਹੋਤਿਆ
ਸੋਹਣੇ ਤੇ ਸੁਨੱਖੇ, ਸਰਦਾਰ ਕਾਹਤੋਂ ਚੁੱਭਦੇ

-ਕੁਲਵੀਰ ਸਿੰਘ ਡਾਨਸੀਵਲ,
ਸਰ੍ਹੀ, ਬੀ.ਸੀ. ਕੈਨੇਡਾ
778 863 2472
ਪੰਜਾਬ ਮੇਲ USA



# ਸ੍ਰੀ ਗੁਰੂ ਨਾਨਕ ਦੇਵ ਜੀ

ਪਾਪਾਂ ਵਿਚ ਭਿੱਜੀ ਹੋਈ ਧਰਤੀ ਪੁਕਾਰ ਕਰੇ, ਭੇਜੇ ਕੋਈ ਦੁਨੀਆਂ 'ਤੇ ਰੱਬੀ ਅਵਤਾਰ ਜੀ।
ਰੱਬ ਨਾ ਕਹਾਵੇ ਆਪ, ਨਾਹੀ ਮਾਣ ਹੰਕਾਰ ਕਰੇ, ਤੇਰਾ ਤੇਰਾ ਕਹੀ ਜਾਵੇ ਨਾਲੇ ਤਾਰੇ ਸੰਸਾਰ ਜੀ।
ਨਾਮ ਵਿਚ ਭਿੱਜੀ ਕੋਈ ਰੂਹ ਜੀ ਅਗੰਮੀ ਹੋਵੇ, ਆਪਾਂ ਨਾ ਜਣਾਵੇ ਇਸ ਦੁਨੀਆਂ ਦੇ ਪਾਸ ਜੀ.....
ਨਾਨਕ ਸਰੂਪ ਧਾਰ ਆਪਿ ਦੁਨੀਆਂ 'ਤੇ ਆਏ, ਰੋਂਦੀ ਹੋਈ ਮੇਦਨੀ ਦੀ ਸੁਣ ਅਰਦਾਸ ਜੀ।
ਰਾਜੇ ਨੇ ਕਮਾਉਂਦੇ ਪਾਪ ਅੱਤਿਆ ਨੇ ਚਾਰੀ ਹੋਏ, ਪਰਜਾ ਵਿਹੂਣੀ ਬਿਨ ਗਿਆਨ ਕੁਰਲਾਉਂਦੀ ਏ।
ਦੀਨ ਤੇ ਮਜ਼ਬ ਨਾਹੀਂ ਰਿਹਾ ਹੁਣ ਕਿਸੇ ਦਾ ਵੀ, ਝੂਠ ਵਿਚ ਦੁਨੀਆ ਹੈ ਉਮਰ ਬਿਤਾਉਂਦੀ ਏ।
ਹੱਕ ਨੇ ਗਵਾਏ ਵੱਡੀ ਲੈ ਕੇ ਇਥੇ ਕਾਜੀਆਂ ਨੇ, ਮੁੜਦੇ ਨਿਆਉ ਵਾਲੇ ਘਰਾਂ ਤੋਂ ਨਿਰਾਸ ਜੀ.....
ਨਾਨਕ ਸਰੂਪ ਧਾਰ ਆਪਿ ਦੁਨੀਆਂ 'ਤੇ.....
ਮਰਦਾਂ ਤੇ ਔਰਤਾਂ ਦੀ ਗੱਲ ਕਿਵੇਂ ਖੋਲ ਆਖਾਂ, ਪੈਸੇ ਲਈ ਜਿਉਣ ਸਾਰੇ ਕਿਤੋਂ ਆਵੈ ਜਾਈ ਜੀ।
ਪੈਸੇ ਵੱਟ ਧੀਆਂ ਦੇ ਨੇ ਖਾ ਜਾਂਦੇ ਬਾਪ ਇਥੇ, ਦੁਖੀ ਨੂੰਹ ਹੈ ਸੋਹਰੇ ਕੋਲੋਂ, ਜਾਵੇ ਕੁਰਲਾਈ ਜੀ।
ਪਿਆਰ ਨਹੀਂ ਭੈਣ ਤੇ ਭਰਾ ਰਿਸ਼ਤੇਦਾਰਾਂ ਵਾਲਾ, ਮਤਲਬੀ ਦੁਨੀਆਂ 'ਤੇ ਨਹੀਂ ਕੋਈ ਖਾਸ.....
ਨਾਨਕ ਸਰੂਪ ਧਾਰ ਆਪਿ ਦੁਨੀਆਂ 'ਤੇ---
ਪੂਰਬ ਤੇ ਪੱਛਮ ਕੀ, ਤੇ ਉਤਰ ਦੱਖਣ ਸਾਰੇ, ਚਾਰੇ ਪਾਸੇ ਫੈਲਿਆ ਅਗਿਆਨਤਾ ਦਾ ਨੇਰ ਜੀ।
ਕੂੜੋ ਕੂੜ ਫੈਲਿਆ ਹੈ ਜਿੱਧਰ ਵੀ ਨਜ਼ਰ ਮਾਰੋ, ਸੱਚ ਵਾਲਾ ਸੂਰਜ ਚੜ੍ਹਾਉਂਦਾ ਨਾ ਸਵੇਰ ਜੀ।
ਘੋਰ ਅੰਧਿਆਰ ਵਿਚ ਦਿਸਦਾ ਨਾ ਰਾਹ ਕੋਈ, ਸਾਰੇ ਰਾਹਾਂ ਵੱਲੋਂ ਚਿੱਤ ਹੋਇਆ ਹੈ ਨਿਰਾਸ਼ ਜੀ.....
ਨਾਨਕ ਸਰੂਪ ਧਾਰ ਆਪਿ ਦੁਨੀਆਂ 'ਤੇ.....
ਸਾਧਾ ਵਾਲੇ ਲਾਣਿਆਂ ਨੇ ਸਿਰਾਂ 'ਚ ਸਵਾਹ ਪਾਈ, ਦੁਨੀਆਂ ਤੋਂ ਉੱਚੇ ਹੋਏ ਚੜ੍ਹ ਗਏ ਨੇ ਸੁਮੇਰ ਜੀ।
ਕਿਰਤ ਨੂੰ ਕਹਿੰਦੇ ਨਾਲੇ ਛੱਡੋ ਪਰਿਵਾਰ ਸਾਰਾ, ਮਿਲਦਾ ਨਾ ਰੱਬ ਕਹਿੰਦੇ ਮੰਗ ਖਾਣ ਤੋਂ ਬਗੈਰ ਜੀ।
ਕੰਧ ਮੂਲ ਖਾ ਕੇ ਉਨ੍ਹਾਂ ਉਮਰਾਂ ਵਧਾਈਆਂ ਬਹੁਤ, ਤ੍ਰਿਸਨਾ ਤੇ ਵਾਸਨਾ ਦੀ ਮਿੱਟੀ ਨਾ ਪਿਆਸ ਜੀ.....
ਨਾਨਕ ਸਰੂਪ ਧਾਰ ਆਪਿ ਦੁਨੀਆਂ 'ਤੇ.....
ਡੁੱਬਦੀ ਬੇੜੀ ਨੂੰ ਤੁਸੀਂ ਆਪ ਆ ਕੇ ਪਾਰ ਲਾਵੋ, ਨਾਮ ਦੇ ਸਹਾਰੇ ਬਿਨਾਂ ਜਾਵੇ ਨਾ ਖਲੋਇਆ ਜੀ।
ਬੋਲ ਕੇ ਮੈ ਕਿਝ ਦੱਸਾਂ ਸੱਚੇ ਪਾਤਸਾਹ ਜੀ ਤੈਨੂੰ, ਰੋਮ ਰੋਮ ਪਿਆ ਮੇਰਾ ਦੁੱਖਾਂ 'ਚੋਂ ਪਰੋਇਆ ਜੀ।
ਸੁਣਦਾ ਨਾ ਕੋਈ ਦੁੱਖ ਕਿਸ ਨੂੰ ਸੁਣਾਵਾਂ ਹੋਰ, ਤੇਰੇ ਉੱਤੇ ਰੱਖੀ ਇੱਕ ਤੱਤੜੀ ਨੇ ਆਸ ਜੀ.....
ਨਾਨਕ ਸਰੂਪ ਧਾਰ ਆਪਿ ਦੁਨੀਆਂ 'ਤੇ.....
"ਸਤਪਾਲ ਸਿੰਘਾ" ਆਪ ਆਏ ਜੀ ਅਕਾਲ ਫਿਰ, ਮਾਤਾ ਤ੍ਰਿਪਤਾ ਜੀ ਪਿਤਾ ਮਹਿਤਾ ਕਾਲੂ ਨਾਮ ਜੀ।
1526 ਸੰਮਤ ਰਾਏ ਭੋਏ ਦੀ ਤਲਵੰਡੀ ਵਿਖੇ, ਨਾਨਕ ਨੇ ਬਣ ਆਏ ਸੱਚ ਦਾ ਪੈਗਾਮ ਜੀ।
ਸਚ "ਫਰਵਾਹੀ" ਤਾਰੀ ਮੇਦਨੀ ਨਾਨਕ ਬਾਬੇ, ਤਰੇ ਨੇ ਉਹੀ ਜਿਨ੍ਹਾਂ ਉੱਤੇ ਕੀਤਾ ਵਿਸਵਾਸ਼ ਜੀ.....
ਨਾਨਕ ਸਰੂਪ ਧਾਰ ਆਪਿ ਦੁਨੀਆਂ 'ਤੇ ਆਏ, ਰੋਂਦੀ ਹੋਈ ਮੇਦਨੀ ਦੀ ਸੁਣ ਅਰਦਾਸ ਜੀ।

ਗਿਆਨੀ ਸਤਪਾਲ ਸਿੰਘ ਫਰਵਾਹੀ
98147-32793
ਪੰਜਾਬ ਮੇਲ USA



# ਸ਼ਬਦ-ਸਕਤੀ ਦਾ ਇਤਿਹਾਸ

ਸ਼ਬਦ ਰੂਪੀ ਬ੍ਰਹਮ ਜਦ ਅੱਖ ਖੋਲ੍ਹੀ,
ਸ਼ਬਦ ਨਾਲ ਹੀ ਸ੍ਰਿਸ਼ਟੀ ਬਣਾਈ ਉਹਨੇ।
ਇੱਕ ਸ਼ਬਦ ਤੋਂ ਲੱਖਾਂ ਦਰੀਆਉ ਚੱਲੇ,
ਧੜਕਣ ਜ਼ਿੰਦਗੀ ਦੀ ਐਸੀ ਪਾਈ ਉਹਨੇ।
ਸ਼ਬਦ ਵਿਚ ਹੀ ਉਹਨੂੰ ਸਮੇਟ ਲੈਂਦਾ,
ਸ਼ਬਦ ਨਾਲ ਜੋ ਖੇਡ ਰਚਾਈ ਉਹਨੇ।
ਸ਼ਬਦ ਵਿਚ ਹੀ ਰੱਖੇ ਨੇ ਭੇਦ ਸਾਰੇ,
ਸ੍ਰਿਸ਼ਟੀ ਆਪ ਹੀ ਟੋਲਣ 'ਤੇ ਲਾਈ ਉਹਨੇ।

ਸ਼ਬਦ-ਸੂਝ ਵੀ ਤਾਂ ਸ਼ਬਦ ਆਪ ਦੇਵੇ,
ਸ਼ਬਦ ਵਿਚ ਹੀ ਰੱਖਿਆ ਗਿਆਨ ਪੂਰਾ।
ਇੱਕੋ ਸ਼ਬਦ ਤੋਂ ਪੈਦਾ ਸਰੀਰ ਹੋਏ,
ਓਹੀ ਸ਼ਬਦ ਹੈ ਸਾਰੇ ਪ੍ਰਵਾਨ ਪੂਰਾ।
ਜਿਹੜੀ ਸੁਰਤ ਵਿਚ ਸ਼ਬਦ ਦਾ ਵਾਸ ਹੋਵੇ,
ਓਸ ਸੁਰਤ ਨੂੰ ਪੂਜੇ ਜਹਾਨ ਪੂਰਾ।
ਆਓ ਨਾਨਕ ਦਾਤਾਰ ਦੀ ਗੱਲ ਕਰੀਏ,
ਜੀਹਨੇ ਸ਼ਬਦ ਦਾ ਕੀਤਾ ਏ ਦਾਨ ਪੂਰਾ।

ਪਾਧੇ ਪਾਸ ਸੀ ਪੜ੍ਹਨ ਲਈ ਭੇਜਿਆ ਜਾ,
ਨਾਨਕ-ਮੁੱਖ ਤੋਂ ਸ਼ਬਦ ਹੀ ਬੋਲਦਾ ਏ।
ਬਾਅਦ "ਇੱਕ" ਦੇ ਪੜ੍ਹਨਾ ਹੈ "ਦੂਸਰਾ" ਕੀ,
ਭੇਦ "ਇੱਕ" ਦਾ ਪਿਆ ਉਹ ਖੋਲਦਾ ਏ।
ਮੋਦੀਖਾਨੇ ਵਿਚ ਬੈਠ ਕੇ ਸ਼ਬਦ ਇਹੀ,
ਆਖ "ਤੇਰਾ ਤੇਰਾ" ਪੂਰਾ ਤੋਲਦਾ ਏ।
ਇੱਕੋ ਸ਼ਬਦ ਅੰਦਰ ਸੱਭੇ ਬਰਕਤਾਂ ਨੇ,
ਸ਼ਬਦ-ਰੱਤਿਆ ਕਦੇ ਨਾ ਡੋਲਦਾ ਏ।

ਸ਼ਬਦ ਵਿਚ ਡੁੱਬੇ ਤਾਈਂ ਪਿਤਾ ਕਾਲੂ,
ਕਿਹਾ, "ਲਾਹੇ ਦਾ ਕਰੀਂ ਵਪਾਰ ਨਾਨਕ।
ਆਹ ਲੈ ਵੀਹ ਰੁਪਈਏ ਦੀ ਨਕਦ ਪੂੰਜੀ,
ਦੂਣੀ ਹੋਵੇ ਐਸੀ ਕਰੀਂ ਕਾਰ ਨਾਨਕ।"
ਭੁੱਖੇ ਮਿਲੇ ਸਾਧੂ ਜਿਹੜੇ ਨਾਮ ਜਪਦੇ,
ਨਾਲ ਸ਼ਬਦ ਦੇ ਕੀਤੇ ਸਰਸ਼ਾਰ ਨਾਨਕ।
ਸੌਦਾ ਸੱਚ ਦਾ ਕੀਤਾ ਰੂਹ ਨਾਲ ਐਸਾ,
ਵੰਡ ਛਕਣ ਦਾ ਕੀਤਾ ਪ੍ਰਚਾਰ ਨਾਨਕ।

ਕੰਢੇ ਵੇਈਂ ਤੋਂ ਸ਼ਬਦ ਦੀ ਧੁਨ ਉੱਠੀ,
ਫੇਰ ਆਈ ਨਾ ਕਿਸੇ ਹਿਸਾਬ ਅੰਦਰ।
ਗੁਰਮੁਖ ਖੋਜਣ ਲਈ ਚੱਲਿਆ ਯਾਤਰਾ 'ਤੇ,
ਸ਼ਬਦ ਗੂੰਜ ਦਾ ਡੂਮ-ਰਬਾਬ ਅੰਦਰ।
ਸ਼ਬਦ ਨਾਲ ਹੀ ਸਿਫਤ ਸਲਾਹ ਉਹਦੀ,
ਪ੍ਰਸ਼ਨ ਜੱਗ ਦੇ, ਸ਼ਬਦ-ਜਵਾਬ ਅੰਦਰ।
ਏਸੇ ਸ਼ਬਦ ਨੇ ਚਹੁੰਆਂ ਉਦਾਸੀਆਂ ਵਿਚ,
ਕੰਡੇ ਬਦਲੇ ਨੇ ਸੱਭੇ ਗੁਲਾਬ ਅੰਦਰ।

ਸਿੱਧ ਹੋਏ ਸਿੱਧੇ ਹਉਮੈ ਛੱਡ ਕੇ ਤੇ,
ਬਾਣ ਸ਼ਬਦ ਦਾ ਬਾਬੇ ਨੇ ਮਾਰਿਆ ਸੀ।
ਸ਼ਬਦ ਸੁਣ ਕੇ ਠੱਗ ਵੀ ਬਣੇ ਸੱਜਣ,
ਕਿਧਰੇ ਭੂਮੀਏ ਚੋਰ ਨੂੰ ਤਾਰਿਆ ਸੀ।
ਮਲਕ ਭਾਗੋ ਦੀ ਲੁੱਟ ਦੇ ਖਾਣਿਆਂ ਨੂੰ,
ਉਹਦੇ ਸ਼ਬਦ ਨੇ ਕਿੱਦਾਂ ਨਕਾਰਿਆ ਸੀ।
ਹੱਥੀਂ ਕਿਰਤ ਨੂੰ ਦੇ ਕੇ ਵਡਿਆਈ ਦਾਤਾ,
ਸ਼ਬਦ ਰਾਹੀਂ ਹੀ ਲਾਲੋ ਸਤਿਕਾਰਿਆ ਸੀ।

ਵਲ਼, ਵਲੀ ਕੰਧਾਰੀ ਦੇ ਸ਼ਬਦ ਕੱਢੇ,
ਸ਼ਬਦ ਬਿਨਾਂ ਤਾਂ ਪੱਤਾ ਵੀ ਹੱਲਦਾ ਨਾ।
ਜਿੱਥੇ ਸ਼ਬਦ ਸੰਗੀਤ ਵਿਚ ਵੱਜਦਾ ਸੀ,
ਜਾਦੂਗਰਨੀਆਂ ਦਾ ਜਾਦੂ ਚੱਲਦਾ ਨਾ।
ਸ਼ਬਦ ਆਖਿਆ ਬਾਬਰ ਨੂੰ ਜਦੋਂ ਜਾਬਰ,
ਠੰਡਾ ਹੋ ਗਿਆ, ਚੋਟ ਨੂੰ ਝੱਲਦਾ ਨਾ।
ਰਾਇ-ਬੁਲਾਰ ਦੇ ਸੀਨੇ ਵਿਚ ਛੇਕ ਹੋਏ,
ਤਾਹੀਂ ਸ਼ਬਦ ਦੀ ਆਖੀ ਉਹ ਥੱਲਦਾ ਨਾ।

ਪੁਰੀ ਮੰਦਰ ਦੇ ਸੰਖ ਵਿਚ ਸ਼ਬਦ ਪੁੱਜਾ,
ਸਭ ਪ੍ਰਭੂ ਦੀ ਆਰਤੀ ਗਾਉਣ ਲੱਗੇ।
ਮਸਜ਼ਿਦ ਵਿਚ ਜਾਂ ਸ਼ਬਦ ਨੇ ਬਾਂਗ ਦਿੱਤੀ,
ਕਾਜੀ ਮੌਲਵੀ ਸੁਰਤ ਟਿਕਾਉਣ ਲੱਗੇ।
ਕਿਧਰੇ ਜੋਗੀਆਂ ਨਾਥਾਂ ਦੇ ਕੋਲ ਜਾ ਜਾ,
ਲੱਖਾਂ ਧਰਤ-ਪਤਾਲ ਸਮਝਾਉਣ ਲੱਗੇ।
ਹਿਰਦੇ ਜੋ ਜੋ ਬਿੰਨੇ ਸੀ ਸ਼ਬਦ ਸੱਚੇ,
ਉਹ ਸੱਚ-ਆਚਾਰ ਵੱਲ ਆਉਣ ਲੱਗੇ।

ਗ੍ਰਹਿਸਥੀ ਬਣ ਕਰਤਾਰਪੁਰ ਆਣ ਕੇ ਤੇ,
ਯਾਦ ਕੀਤਾ ਸੀ ਓਸ ਕਰਤਾਰ ਤਾਈਂ।
ਖੇਤੀ ਕਰਕੇ ਦੱਸਿਐ ਆਪ ਹੱਥੀਂ,
ਨਾਮ ਬੀਜਣਾ ਕਿਵੇਂ ਸੰਸਾਰ ਤਾਈਂ।
ਹੱਥ ਕਾਰ ਵੱਲੇ ਦਿਲ ਦਿਲਦਾਰ ਵੱਲੇ,
ਉੱਚਾ ਰੱਖਣਾ ਸਦਾ ਕਿਰਦਾਰ ਤਾਈਂ।
ਸੁਰਤ ਸ਼ਬਦ ਨਾਲ ਜੋੜ "ਰੁਪਾਲ" ਤੂੰ ਵੀ,
ਭੁੱਲ ਜਾਵੀਂ ਨਾ ਨਾਨਕ-ਨਿਰੰਕਾਰ ਤਾਈਂ ।

-ਜਸਵਿੰਦਰ ਸਿੰਘ ਰੁਪਾਲ, ਕੈਲਗਰੀ
ਵਟਸਐਪ ਨੰਬਰ : 98147-15796
ਪੰਜਾਬ ਮੇਲ USA





RE/MAX
RE/MAX Outstanding Agents Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567

Gurjatinder S. Randhawa
916-320-9444

web: www.RealtorRandhawa.com

garysingh123@yahoo.com